# ਕੈਨੇਡਾ ਦਰਪਣ

6 ਨਵੰਬਰ, 1987

**November 6, 1987**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

Price 50¢ Weekending November 06, 1987 Vol. 6 No. 40 Out of Greater Vancouver 65¢ Second Class Mail Reg. No. 5991

# ਕੈਨੇਡਾ ਦਰਪਣ

The Canada Darpan Punjabi Weekly Newspaper P.O.BOX 265, Surrey, B.C. V3T 4W8 Ph. (604) 581-4473

## ਹਰਿਮੰਦਰ ਕੰਪਲੈਕਸ ਦੇ ਆਲੇ ਦੁਆਲੇ

# ਫੌਜ ਨੇ ਮੋਰਚੇ ਸੰਭਾਲ ਲਏ

ਅੰਮ੍ਰਿਤਸਰ — ਦੀਵਾਲੀ ਤੋਂ ਇਕ ਰਾਤ ਪਹਿਲਾਂ ਹੀ 'ਪੰਥਕ ਕਮੇਟੀ' ਦੇ ਮੈਂਬਰ ਅਤੇ ਹੋਰ ਉਨ੍ਹਾਂ ਦੇ ਸਾਥੀ ਹਰਿਮੰਦਰ ਸਾਹਿਬ ਕੰਪਲੈਕਸ ਵਿਚੋਂ ਖਿਸਕ ਜਾਣ ਕਾਰਨ ਨੀਮਫੌਜੀ ਦਸਤਿਆਂ ਨੇ ਕੰਪਲੈਕਸ ਦੇ ਆਲੇ ਦੁਆਲੇ ਦੇ ਘਰਾਂ ਉਤੇ ਮੋਰਚੇ ਬਣਾ ਲਏ ਹਨ ਤਾਂਕਿ ਕੱਟੜਪੰਥੀ ਮੁੜ ਕੰਪਲੈਕਸ ਵਿਚ ਦਾਖਲ ਹੋਣ ਤੋਂ ਰੋਕੇ ਜਾ ਸਕਣ।

ਕੰਪਲੈਕਸ ਦੇ ਆਲੇ ਦੁਆਲੇ ਸੀ. ਆਰ. ਪੀ. ਅਤੇ ਪੁਲਸ ਦੇ ਦਸਤੇ ਤਾਈਨਾਤ ਹਨ। ਹਰਿਮੰਦਰ ਸਾਹਿਬ ਵਿਚ ਆਉਣ ਜਾਣ ਵਾਲੇ ਵਿਅਕਤੀਆਂ ਦੀ ਤਲਾਸ਼ੀ ਲਏ ਜਾਣ ਦੀਆਂ ਵੀ ਖਬਰਾਂ ਮਿਲੀਆਂ ਹਨ ਸਾਡੇ ਪੱਤਰਪ੍ਰੇਰਕ ਦਾ ਕਹਿਣਾ ਹੈ ਕਿ 'ਪੰਥਕ ਕਮੇਟੀ' ਜਾਂ ਹੋਰ ਜਥੇਬੰਦੀਆਂ ਨੇ ਕੋਈ 'ਸਰਬੱਤ ਖਾਲਸਾ' ਨਹੀਂ ਕੀਤਾ ਕਿਉਂਕਿ ਨੀਮ-ਫੌਜੀ ਦਸਤਿਆਂ ਨੇ ਕਰਫਿਊ ਲਾ ਕੇ ਕੋਈ ਵਿਅਕਤੀ ਕੰਪਲੈਕਸ ਦੇ ਅੰਦਰ ਹੀ ਜਾਣ ਨਹੀਂ ਦਿੱਤਾ।

## ਮਾਨੋਚਾਹਲ ਨੂੰ 'ਜਥੇਦਾਰੀ'

'ਪੰਥਕ ਕਮੇਟੀ' ਨੇ ਆਪਣੇ ਇਕ ਬਿਆਨ ਵਿਚ ਬੇਸ਼ਕ ਕਿਹਾ ਹੈ ਕਿ ਗੁਰਬਚਨ ਸਿੰਘ ਮਾਨੋਚਾਹਲ ਨੂੰ ਸ੍ਰੀ ਅਕਾਲ ਤਖਤ ਦਾ ਐਕਟਿੰਗ ਜਥੇਦਾਰ ਨਿਯੁਕਤ ਕਰ ਦਿੱਤਾ ਹੈ ਪਰ ਸੰਯੁਕਤ ਅਕਾਲੀ ਦਲ ਨੇ ਕਿਹਾ ਹੈ ਕਿ ਉਹ ਪ੍ਰੋ: ਦਰਸ਼ਨ ਸਿੰਘ ਨੂੰ ਹੀ ਸ੍ਰੀ ਅਕਾਲ ਤਖਤ ਦਾ ਜਥੇਦਾਰ ਮੰਨਦੇ ਹਨ। ਮਾਨੋਚਾਹਲ 'ਪੰਥਕ ਕਮੇਟੀ' ਦਾ ਜਥੇਦਾਰ ਹੋ ਸਕਦਾ ਹੈ ਕਿਉਂਕਿ ਸਿੱਖਾਂ ਵਿਚ 'ਪੰਥਕ ਕਮੇਟੀ' ਨੂੰ ਕੋਈ ਮਾਨਤਾ ਨਹੀਂ ਦਿੰਦਾ। 24 ਅਕਤੂਬਰ ਨੂੰ ਹੋਈ ਆਪਣੀ ਚੰਡੀਗੜ੍ਹ ਵਿਚ ਮੀਟਿੰਗ ਤੋਂ ਪਿਛੋਂ ਸੰਯੁਕਤ ਅਕਾਲੀ ਦਲ ਨੇ ਆਪਣੇ ਬਿਆਨ ਵਿਚ ਕਿਹਾ ਕਿ ਜਦ 'ਸਰਬੱਤ ਖਾਲਸਾ' ਹੀ ਨਹੀਂ ਹੋਇਆ ਤਾਂ 'ਮਤੇ' ਕਿਥੇ ਪਾਸ ਹੋ ਗਏ?

ਸਿਖ ਫ਼ੋਰਮ ਨੇ ਵੀ ਆਪਣੇ ਬਿਆਨ ਵਿਚ ਕਿਹਾ ਹੈ ਕਿ 'ਪੰਥਕ ਕਮੇਟੀ' ਨੂੰ ਕਿਸੇ ਵਲੋਂ ਵੀ ਕੋਈ ਮਾਨਤਾ ਪ੍ਰਾਪਤ ਨਹੀਂ ਹੈ ਇਸ ਲਈ ਪ੍ਰੋ: ਦਰਸ਼ਨ ਸਿੰਘ ਹੀ ਸ੍ਰੀ ਅਕਾਲ ਤਖਤ ਦੇ ਜਥੇਦਾਰ ਹਨ।

## ਅੰਮ੍ਰਿਤਸਰ ਵਿਚ ਪੰਜ ਕਤਲ

ਜ਼ਿਲਾ ਅੰਮ੍ਰਿਤਸਰ ਦੇ ਢੋਪਈ ਪਿੰਡ ਵਿਚ ਦਹਿਸ਼ਤਗਰਦਾਂ ਨੇ ਪੰਜ ਵਿਅਕਤੀ ਕਤਲ ਕਰ ਦਿਤੇ ਹਨ। 27 ਅਕਤੂਬਰ ਨੂੰ ਕਤਲਾਂ ਤੋਂ

ਬਾਕੀ ਪੰਨਾ 3 'ਤੇ

## ਭਾਰਤੀ ਫੌਜਾਂ ਨੇ

# ਜ਼ਫਨਾ ਵਿਹਲਾ ਕਰਾ ਲਿਆ

## ਤਾਮਿਲ ਗੁਰੀਲੇ ਜੰਗਲੀਂ ਜਾ ਵੜੇ

ਜ਼ਫਨਾ — 25 ਅਕਤੂਬਰ ਦੀ ਰਾਤ ਨੂੰ ਸ੍ਰੀ ਲੰਕਾ ਵਿਚ ਸ਼ਾਂਤੀ ਸਥਾਪਤ ਕਰਨ ਲਈ ਭੇਜੀ ਭਾਰਤੀ ਫੌਜ ਨੇ ਜ਼ਫਨਾਂ ਸ਼ਹਿਰ ਵਿਚੋਂ ਤਾਮਿਲ ਗੁਰੀਲਿਆਂ ਨੂੰ ਖਦੇੜ ਦਿਤਾ। ਤਾਮਿਲ ਗੁਰੀਲੇ ਜਿਨ੍ਹਾਂ ਦੀ ਗਿਣਤੀ 1200 ਦੱਸੀ ਜਾਂਦੀ ਹੈ ਤੇ ਜੋ ਗੁਰੀਲਾ ਆਗੂ ਸ੍ਰੀ ਪ੍ਰਭਾਕਰਨ ਦੀ ਅਗਵਾਈ ਵਿਚ ਲੜ ਰਹੇ ਸਨ, ਜੰਗਲੀਂ ਜਾ ਵੜੇ ਹਨ।

## ਦੋ ਲੱਖ ਲੋਕ ਬੇਘਰ

ਤਾਮਿਲ ਗੁਰੀਲਿਆਂ ਅਤੇ ਭਾਰਤੀ ਫੌਜਾਂ ਵਿਚਕਾਰ ਲੜਾਈ ਸਮੇਂ ਜ਼ਫਨਾਂ ਦੇ ਦੋ ਲੱਖ ਲੋਕ ਡਰ ਦੇ ਮਾਰੇ ਘਰਾਂ ਤੋਂ ਦੌੜ ਗਏ ਹਨ ਜਾਂ ਮੰਦਰਾਂ ਤੇ ਸਕੂਲਾਂ ਵਿਚ ਸ਼ਰਨ ਲੈ ਰਹੇ ਹਨ। ਇਹ ਲੜਾਈ 16 ਦਿਨ ਜਾਰੀ ਰਹੀ ਹੈ।

## ਭਾਰਤ ਵਿਰੁੱਧ ਲੜਾਈ

ਇਕ ਬਾਗ਼ੀ ਗੁਰੀਲੇ ਨੇ ਭਾਰਤ ਨੂੰ ਚਿਤਾਵਨੀ ਦਿਤੀ ਹੈ ਕਿ ਜੇ ਭਾਰਤੀ ਫੌਜਾਂ ਸ੍ਰੀ ਲੰਕਾ ਵਿਚੋਂ ਨਾ ਗਈਆਂ ਤੇ ਭਾਰਤੀ ਫੌਜਾਂ ਉਤੇ ਲੁਕਛਿਪ ਕੇ ਹਮਲੇ ਜਾਰੀ ਰਹਿਣਗੇ। ਬਾਗ਼ੀ ਲੀਡਰ ਨੇ ਕਿਹਾ, 'ਜਿਵੇਂ ਵੀਅਤਨਾਮ ਵਿਚ ਅਮਰੀਕਾ ਨੂੰ, ਅਫ਼ਗਾਨਿਸਤਾਨ ਵਿਚ ਸੋਵੀਅਤ ਨੂੰ ਸਾਹਮਣਾ ਕਰਨਾ ਪਿਆ ਹੈ, ਉਸੇ ਤਰ੍ਹਾਂ ਤਾਮਿਲ ਗੁਰੀਲੇ ਭਾਰਤ ਨੂੰ ਵੀ ਸਬਕ ਸਿਖਾਉਣਗੇ।'

ਪਰ ਇਕ ਭਾਰਤੀ ਸਰਕਾਰੀ ਬੁਲਾਰੇ ਨੇ ਕਿਹਾ ਕਿ ਜਫਨਾ ਛੱਡ ਜਾਣ ਨਾਲ ਗੁਰੀਲਿਆਂ ਦੀਆਂ ਸਫ਼ਾਂ ਵਿਚ ਭਗਦੜ ਮੱਚੀ ਹੋਈ ਹੈ ਤੇ ਉਹ ਹੁਣ ਮੁਕਾਬਲਾ ਕਰਨ ਦੇ ਸਮਰਥ ਨਹੀਂ ਹਨ। ਤਾਮਿਲਾਂ ਦੀ ਗਿਣਤੀ ਸ੍ਰੀਲੰਕਾ ਵਿਚ ਕੇਵਲ 18 ਫੀਸਦੀ ਹੈ। ਸ੍ਰੀਲੰਕਾ ਦੀ ਕੁਲ ਆਬਾਦੀ ਇਕ ਕਰੋੜ ਸੱਠ ਲੱਖ ਹੈ। ਬਹੁਗਿਣਤੀ ਸਿਨਹਾਲੀਆਂ ਦੀ ਹੈ ਜੋ ਬੋਧੀ ਹਨ — ਉਨ੍ਹਾਂ ਦੀ ਹੀ ਸਰਕਾਰ ਤੇ ਫੌਜ ਉਤੇ ਕਬਜ਼ਾ ਹੈ।

## ਭਾਰਤੀ ਕਮਾਂਡਰ ਬਦਲਿਆ

ਇਕ ਖਬਰ ਅਨੁਸਾਰ ਪਿਛਲੇ ਹਫ਼ਤੇ ਭਾਰਤ ਵਲੋਂ ਲੈਫਟੀਨੈਂਟ ਜਨਰਲ ਹਰਕੀਰਤ ਸਿੰਘ ਨੂੰ ਵਾਪਸ ਬੁਲਾ ਲਿਆ ਗਿਆ ਅਤੇ ਉਹਦੀ ਥਾਂ ਲੈਫਟੀਨੈਂਟ ਜਨਰਲ ਦੀਪਿੰਦਰ ਸਿੰਘ ਨੇ ਲੈ ਲਈ। ਇਹ ਅਫਵਾਹ ਵੀ ਸੁਣੀ ਗਈ ਹੈ ਕਿ ਹਰਕੀਰਤ ਸਿੰਘ ਨੂੰ ਸਸਪੈਂਡ ਕਰ ਦਿਤਾ ਗਿਆ ਹੈ। ਇਸ ਸਮੇਂ ਭਾਰਤੀ ਫੌਜ ਦੇ ਮੁਖੀ ਜਨਰਲ ਸੁੰਦਰਜੀ ਵੀ ਸ੍ਰੀਲੰਕਾ ਵਿਚ ਹਨ।

## ਲੜਾਈ ਦਾ ਖਾਤਮਾ

ਸ੍ਰੀ ਪਾਰਥਾਸਾਰਥੀ ਨੇ ਕਿਹਾ ਕਿ ਅਗਲੇ ਤਿੰਨਾਂ ਦਿਨਾਂ ਅੰਦਰ ਸਥਿਤੀ ਸ਼ਾਂਤ ਹੋ ਜਾਵੇਗੀ ਅਤੇ ਜਫ਼ਨਾ ਵਿਚ ਲੋਕ ਜੀਵਨ ਆਮ ਵਰਗਾ ਹੋ ਜਾਵੇਗਾ। ਉਨ੍ਹਾਂ ਕਿਹਾ ਕੇਵਲ ਅੱਧਾ ਕਿਲੋਮੀਟਰ ਇਲਾਕਾ ਸਾਫ ਕਰਨ ਵਾਲਾ ਰਹਿੰਦਾ ਹੈ।

## ਕੌਂਸਲੇਟ ਦੇ ਦਫ਼ਤਰ ਉਤੇ ਹਮਲਾ

ਕੋਲੰਬੋ ਵਿਚ ਸਥਿਤ ਕੌਂਸਲੇਟ ਦੇ ਦਫਤਰ ਉਤੇ ਬੰਬ ਧਮਾਕੇ ਹੋਣ

ਟੌਪ ਕੁਆਲਿਟੀ ਦਾ ਫਰਨੀਚਰ ਤੇ ਵਾਜਿਬ ਕੀਮਤਾਂ

• ਲਿਵਿੰਗ ਰੂਮ • ਡਾਇਨਿੰਗ ਰੂਮ • ਬੈੱਡ ਰੂਮ ਅਤੇ ਹਰ ਕਿਸਮ ਦਾ ਫਰਨੀਚਰ ਸਾਥੋਂ ਖ਼੍ਰੀਦੋ

■ New ■ Used or ■ Trade-ins

ਫਰਨੀਚਰ ਦੀ ਦੁਨੀਆਂ ਵਿਚ 36 ਸਾਲ ਪੁਰਾਣਾ ਸਟੋਰ

LOWEST PRICES GUARANTEED

ROYAL FURNITURE LTD.

2607 MAIN STREET (at 10th. AVE.), VANCOUVER, B.C.

TEL. 874-9525

VISA MasterCard

MASTER CARD VISA ACCEPTED

# PARADISE & NEW ART FILMS

PROUDLY PRESENT

## ਵੈਨਕੂਵਰ ਵਿਚ ਫ਼ਿਲਮੀ ਸਿਤਾਰੇ ਅਤੇ ਸਿੰਗਰਾਂ ਦਾ

# ਰੰਗਾ ਰੰਗ ਪ੍ਰੋਗਰਾਮ



**Milan Singh** — Golden Voice Wonder



**Sulakshan Pandit** — Melody Queen



**Vijyata** — The Teenage Heartthrob of "Love Story"



Ranjeeta

ਚੋਟੀ ਦੀਆਂ ਐਕਟਰਸਾਂ

**ਰਣਜੀਤਾ, ਸੁਲਕਸ਼ਨਾ ਪੰਡਿਤ,**

**ਵਿਜੇਤਾ ਪੰਡਿਤ**

**ਤੇ**

**ਡਾਂਸਰ ਜੈ ਸ਼ਿਰੀ ਟੀ.**

ਪਹਿਲੀ ਵਾਰ ਵੈਨਕੂਵਰ ਵਿਚ ਨਾਲ ਹਨ

**ਅਕਬਰ ਖਾਨ ਤੇ ਰਣਜੀਤ**

**ਕਾਮੇਡੀਅਨ ਸਾਹਿਰ ਵਿਜਨੌਰੀ**

**ਸਿੰਗਰ ਮਿਲਨ ਸਿੰਘ**

**(Male ਤੇ Female ਆਵਾਜ਼)**



JAYSHREE T. — Thundering Thighs

**ਸਿੰਗਰ ਲਲਿਤ — ਗੀਤਕਾਰ ਇੰਦੀਵਰ**

ਬੰਬਈ ਦੀ ਫਿਲਮ ਇੰਡਸਟਰੀ ਦੇ ਮਸ਼ਹੂਰ ਮਿਊਜ਼ਕ ਡਾਇਰੈਕਟਰ ਅਤੇ ਸਿੰਗਰ

**ਮਨਧੀਰ ਤੇ ਜੀਤੀਨ (with 10 piece Orchestra)**



Akbar Khan

# LIVE SHOW & DANCE

in original filmi costumes



Ranjit

## Queen Elizabeth Theatre

# Sun. Nov. 1st '87 at 7 p.m.

**For more information Call :**

**Mangat Dhami — 591-1993**

**Indresh — 435-3638**

**Tickets : $15, $20, $25**

**Tickets Available From :**

Goyal Video — 877-7778
Paramount Video — 584-5668
Annu Video — 324-1272
Soni & Sons Jewellers — 324-1012
Mann Music — 321-6667
Tasleem's Video — 873-2132, 325-9110
Bride & Groom Shop — 324-5662, 435-2421
Nishan Foods — 433-3207
Payl Saree — 584-6011
Sapna Sarees — 435-0056

# ਤ੍ਰੀਪੁਰਾ ਵਿਚ ਛੇ ਕਤਲ

ਅਗਰਤਲਾ — ਇਥੋਂ ਮਿਲੀਆਂ ਖਬਰਾਂ ਅਨੁਸਾਰ ਕਬਾਇਲੀ ਵੱਖਵਾਦੀਆਂ ਵਲੋਂ ਦੋ ਔਰਤਾਂ ਅਤੇ ਇਕ ਬੱਚੇ ਸਣੇ ਛੇ ਕਤਲ ਕਰ ਦਿੱਤੇ ਗਏ ਹਨ। ਇਹ ਘਟਨਾ ਤ੍ਰੀਪੁਰਾ ਸੂਬੇ ਦੇ ਉਤਰੀ-ਪੂਰਬੀ ਹਿੱਸੇ ਵਿਚ ਅਕਤੂਬਰ 26 ਨੂੰ ਵਾਪਰੀ। ਵੱਖਵਾਦੀਆਂ ਨੇ ਕੁੰਜਾਮੂਰਾ ਪਿੰਡ ਉਤੇ ਹਮਲਾ ਕਰਕੇ ਛੇ ਬੇਗੁਨਾਹਾਂ ਦਾ ਖੂਨ ਡੋਲ੍ਹਿਆ।

ਤ੍ਰੀਪੁਰ ਵਿਚ ਵੀ ਪਾਬੰਦੀ-ਸ਼ੁਦਾ ਤ੍ਰੀਪੁਰ ਨੈਸ਼ਨਲ ਵਲੰਟੀਅਰ ਸੰਸਥਾ ਨੇ ਇਹ ਸੰਕਲਪ ਕੀਤਾ ਹੋਇਆ ਹੈ ਕਿ ਉਹ ਭਾਰਤ ਤੋਂ ਵੱਖ ਹੋਣਾ ਚਾਹੁੰਦੇ ਹਨ।

# 'ਅਮਰੀਕੀਓ ! ਬਾਹਰ ਜਾਓ'

ਮੈਡਰਿਡ — ਸਪੇਨ ਦੇ ਦਸ ਸ਼ਹਿਰਾਂ ਵਿਚ ਹਜ਼ਾਰਾਂ ਲੋਕਾਂ ਨੇ ਮੁਜ਼ਾਹਰੇ ਕੀਤੇ ਹਨ ਅਤੇ ਮੰਗ ਕੀਤੀ ਹੈ ਕਿ ਅਮਰੀਕਾ ਸਪੇਨ ਵਿਚੋਂ ਆਪਣੇ ਫੌਜੀ ਅੱਡੇ ਚੁਕ ਲਏ।

ਸਪੇਨ ਦੀ ਸੋਸ਼ਲਿਸਟ ਸਰਕਾਰ ਨੇ ਵੀ ਅਮਰੀਕਾ ਸਰਕਾਰ ਨੂੰ ਚਿਤਾਵਨੀ ਦਿੱਤੀ ਹੈ ਕਿ ਸਪੇਨ ਵਿਚੋਂ ਉਹ ਆਪਣੀਆਂ ਫੌਜਾਂ ਕੱਢ ਲਵੇ ਨਹੀਂ ਘੱਟੋ ਘੱਟ ਫੌਜੀਆਂ ਦੀ ਗਿਣਤੀ ਘੱਟ ਕਰੇ।

# ਗਰਬਾਚੋਵ-ਰੇਗਨ ਮਿਲਣੀ ਦੀਆਂ ਸੰਭਾਵਨਾਵਾਂ ਵਧੀਆਂ

ਵਾਸ਼ਿੰਗਟਨ — ਇਥੋਂ ਪ੍ਰਾਪਤ ਖਬਰਾਂ ਅਨੁਸਾਰ ਅਗਲੇ ਦਿਨਾਂ ਵਿਚ ਗਰਬਾਚੋਵ ਤੇ ਰੇਗਨ ਵਲੋਂ ਉਚ-ਪੱਧਰੀ ਸੰਮੇਲਨ ਦੀਆਂ ਸੰਭਾਵਨਾਵਾਂ ਵਿਚ ਵਾਧਾ ਹੋਇਆ ਹੈ ਕਿਉਂਕਿ ਸੋਵੀਅਤ ਦੇ ਬਦੇਸ਼ ਮੰਤਰੀ ਮਿ: ਸ਼ੇਵਰਤਨਾਜੇ ਕੱਲ੍ਹ ਰੇਗਨ ਨਾਲ ਵਾਰਤਾ ਲਈ ਪੁੱਜ ਰਹੇ ਹਨ ਸੋਵੀਅਤ ਆਗੂ ਨੇ ਪਹਿਲਾਂ ਇਹ ਸ਼ਰਤ ਲਾਈ ਸੀ ਕਿ ਅਮਰੀਕਾ ਦਰਮਿਆਨੀਆਂ ਮਿਜ਼ਾਈਲਾਂ ਖਤਮ ਕਰਨ ਦੇ ਨਾਲ ਨਾਲ ਤਾਰਾ-ਜੰਗ ਦੀਆਂ ਖਤਰਨਾਕ ਸਾਜ਼ਸ਼ਾਂ ਵੀ ਖਤਮ ਕਰੇ।

ਹੁਣ ਪਤਾ ਲੱਗਾ ਹੈ ਕਿ ਛੋਟੀਆਂ ਅਤੇ ਦਰਮਿਆਨੀਆਂ ਮਿਜ਼ਾਈਲਾਂ ਦੇ ਖਾਤਮੇ ਲਈ ਪਹਿਲਾਂ ਕਦਮ ਚੁਕੇ ਜਾਣਗੇ ਤੇ ਸੰਧੀ ਉਤੇ ਦਸਤਖਤ ਹੋਣਗੇ।

# ਕੈਮਲੂਪਸ ਦੇ ਵੋਟਰਾਂ ਵਲੋਂ ਪਲਾਨ ਰੱਦ

ਕੈਮਲੂਪਸ — ਇਥੇ ਹੋਏ ਇਕ ਰੈਂਫਰੈਂਡਮ ਵਿਚ ਮਿਉਂਸਪੈਲਟੀ ਵਲੋਂ 50 ਮਿਲੀਅਨ ਦਾ ਇਕ ਪ੍ਰਾਜੈਕਟ ਬਨਾਉਣ ਦਾ ਪਲਾਨ ਲੋਕਾਂ ਨੇ ਵੋਟਾਂ ਰਾਹੀਂ ਰੱਦ ਕਰ ਦਿੱਤਾ। ਇਹ ਪ੍ਰਾਜੈਕਟ ਪ੍ਰਾਈਵੇਟ ਤੇ ਪਬਲਿਕ ਸੈਕਟਰ ਰਾਹੀਂ ਲਾਇਆ ਜਾਣਾ ਸੀ।

ਰੈਂਫਰੈਂਡਮ ਸਮੇਂ 50 ਫੀਸਦੀ ਵੋਟਾਂ ਪਈਆਂ ਜਿਹੜਾ ਕਿ ਇਕ ਰੀਕਾਰਡ ਗਿਣਿਆ ਜਾਂਦਾ ਹੈ। ਇਹ ਪਲਾਨ ਕੈਮਲੂਪਸ ਵਾਟਰਫਰੰਟ ਸੈਂਟਰ ਦੇ ਨਾਂ ਨਾਲ ਜਾਣਿਆ ਜਾਂਦਾ ਸੀ ਜਿਸ ਵਿਚ ਦਸ ਮਿਲੀਅਨ ਮਿਉਂਸਪੈਲਟੀ ਨੇ ਪਾਉਣਾ ਸੀ।

ਪੰਨਾ 1 ਦੀ ਬਾਕੀ

ਪਿਛੋਂ ਉਨ੍ਹਾਂ ਇਕ ਬਿਆਨ ਵਿਚ ਕਿਹਾ ਕਿ ਜਿੰਨਾ ਚਿਰ ਨੀਮ-ਫੌਜੀ ਦਸਤੇ ਕੰਪਲੈਕਸ ਦੇ ਆਲੇ ਦੁਆਲਿਓਂ ਘੇਰਾ ਨਹੀਂ ਚੁੱਕਦੇ — ਕਤਲ ਇਸੇ ਤਰ੍ਹਾਂ ਜਾਰੀ ਰਹਿਣਗੇ।

ਇਸੇ ਤਰ੍ਹਾਂ 26 ਅਕਤੂਬਰ ਨੂੰ ਜਲੰਧਰ ਵਿਚ ਵੀ ਦਹਿਸ਼ਤਗਰਦਾਂ ਵਲੋਂ ਹਮਲੇ ਕੀਤੇ ਗਏ। ਚੋਲਾ ਸਾਹਿਬ ਗੁਰਦੁਆਰੇ ਵਿਚ ਦੋ ਕਤਲ ਕੀਤੇ ਗਏ। ਅੰਮ੍ਰਿਤਸਰ ਦੀ ਹੀ ਮੋਹਨ ਨਗਰ ਬਸਤੀ ਵਿਚੋਂ ਵੀ ਇਕ ਲਾਸ਼ ਬਰਾਮਦ ਹੋਈ ਹੈ।

# 'ਇੰਡੀਅਨ ਐਕਸਪ੍ਰੈਸ' ਦੇ ਪੰਜ ਕਾਮੇ ਜ਼ਖਮੀ

ਨਵੀਂ ਦਿੱਲੀ — ਇਥੋਂ ਦੇ ਪ੍ਰਸਿੱਧ ਅੰਗਰੇਜ਼ੀ ਅਖਬਾਰ 'ਇੰਡੀਅਨ ਐਕਸਪ੍ਰੈਸ' ਦੇ ਕਾਮਿਆਂ ਵਲੋਂ ਬੋਨਸ ਲਈ ਚਲ ਰਹੀ ਹੜਤਾਲ ਉਸ ਸਮੇਂ ਨਾਜ਼ਕ ਮੋੜ ਲੈ ਗਈ ਜਦ ਪੁਲਸ ਤੇ ਪਿਕਟਾਂ ਉਤੇ ਸਥਿਤ ਕਾਮਿਆਂ ਵਿਚਕਾਰ ਖੜਕ ਪਈ। ਪੁਲਸ ਨਾਲ ਟੱਕਰ ਵਿਚ ਪੰਜ ਕਰਮਚਾਰੀ ਜ਼ਖਮੀ ਹੋਣ ਦੀ ਖਬਰ ਹੈ।

ਯਾਦ ਰਹੇ ਕਿ ਪਿਛਲੇ ਹਫਤੇ ਇਸ ਅਖਬਾਰ ਦੇ ਮਾਲਕ ਸ੍ਰੀ ਗੋਇੰਕਾ ਨੂੰ ਟੈਕਸ ਹੇਰਾਫੇਰੀ ਵਿਚ ਗ੍ਰਿਫਤਾਰ ਕਰ ਲਿਆ ਗਿਆ ਸੀ।

# ਨਾਇਜੇਰੀਆ ਨੇ ਏਅਰ ਇੰਡੀਆ ਛੱਡ ਦਿੱਤਾ

ਨਵੀਂ ਦਿੱਲੀ — ਪਿਛਲੇ ਦਿਨੀਂ ਨਾਇਜੇਰੀਆਂ ਦੀ ਸਰਕਾਰ ਨੇ ਏਅਰ ਇੰਡੀਆ ਦਾ ਇਕ ਜਹਾਜ਼ ਅਮਲੇ ਸਣੇ ਜ਼ਬਤ ਕਰ ਲਿਆ ਸੀ ਜਦੋਂ ਕਸਟਮ ਅਧਿਕਾਰੀਆਂ ਨੇ 22 ਕਿਲੋ ਹੈਰੋਇਨ ਜਹਾਜ਼ ਵਿਚੋਂ ਜਾ ਫੜੀ ਸੀ। ਹੁਣ ਪਤਾ ਲੱਗਾ ਹੈ ਕਿ ਨਾਇਜੇਰੀਆ ਸਰਕਾਰ ਨੇ ਏਅਰ ਇੰਡੀਆ ਵਿਰੁਧ ਕੇਸ ਵਾਪਸ ਲੈ ਲਿਆ ਹੈ।

ਅਮਲੇ ਦੇ ਤਿੰਨ ਵਿਅਕਤੀ ਵੀ ਭਾਰਤ ਨੂੰ ਜਹਾਜ਼ ਸਣੇ ਵਾਪਸ ਕਰ ਦਿੱਤੇ ਹਨ।

# ਮੁਖ ਗ੍ਰੰਥੀਆਂ ਨੂੰ ਬਰਤਰਫ ਕਰਨ ਦੀ ਮੰਗ

ਕਾਨਪੁਰ — ਆਲ ਇੰਡੀਆ ਅਕਾਲੀ ਦਲ (ਮਾਸਟਰ ਤਾਰਾ ਸਿੰਘ) ਦੇ ਪ੍ਰਧਾਨ ਜਥੇਦਾਰ ਕੁਲਦੀਪ ਸਿੰਘ ਦੇ ਇਥੇ ਨਵੀਂ ਚੁਣੀ ਐਸ. ਜੀ. ਪੀ. ਸੀ. ਤੇ ਜ਼ੋਰ ਦਿਤਾ ਕਿ ਉਹ ਮੁਖ ਗ੍ਰੰਥੀਆਂ ਨੂੰ ਫੌਰਨ ਬਰਤਰਫ ਕਰ ਦੇਵੇ ਜਿਵੇਂ ਕਿ ਉਹ ਸ਼ਰੇਆਮ ਦੇਸ਼ ਵਿਰੋਧੀ ਕਾਰਵਾਈਆਂ ਵਿਚ ਲਗੇ ਹੋਏ ਹਨ।

ਜਥੇਦਾਰ ਨੇ ਆਪਣੇ ਬਿਆਨ ਵਿਚ ਕਿਹਾ ਕਿ ਉਹ ਮੁਖ ਗ੍ਰੰਥੀ ਜੋ ਬਾਰ ਬਾਰ 'ਆਜ਼ਾਦੀ ਦੀ ਲੜਾਈ' ਦੀਆਂ ਅਪੀਲਾਂ ਕਰ ਰਿਹਾ ਹੈ, ਨੂੰ ਧਾਰਮਿਕ ਅਹੁਦਿਆਂ ਉਪਰ ਟਿਕੇ ਰਹਿਣ ਦਾ ਕੋਈ ਹੱਕ ਨਹੀਂ। ਅਕਾਲੀ ਆਗੂ ਨੇ ਆਪਣਾ ਬਿਆਨ ਜਾਰੀ ਰਖਦੇ ਹੋਏ ਕਿਹਾ ਹੈ ਕਿ ਸਿੱਖ ਧਰਮ ਦੀ ਨੀਂਹ ਦੀ ਦੇਸ਼ ਭਗਤੀ ਉਪਰ ਰਖੀ ਗਈ ਹੈ ਤੇ ਮਹਾਨ ਗੁਰੂਆਂ ਨੇ ਦੇਸ਼ ਦੀ ਆਜ਼ਾਦੀ ਲਈ ਮਹਾਨ ਕੁਰਬਾਨੀਆਂ ਦਿੱਤੀਆਂ ਹਨ।

ਪੰਨਾ 1 ਦੀ ਬਾਕੀ

ਦੀ ਖਬਰ ਹੈ ਪਰ ਕੋਈ ਜਾਨੀ ਨੁਕਸਾਨ ਨਹੀਂ ਹੋਇਆ।

## ਭੰਡਰਾਨਾਇਕੇ ਦਾ ਦੋਸ਼

ਸ੍ਰੀ ਲੰਕਾ ਦੀ ਸਾਬਕਾ ਪ੍ਰਧਾਨ ਮੰਤਰੀ ਸ੍ਰੀਮਤੀ ਭੰਡਾਰਨਾਇਕੇ ਨੇ ਦੋਸ਼ ਲਾਇਆ ਹੈ ਕਿ ਭਾਰਤੀ ਫੌਜ ਦੇ ਬਹੁਤੇ ਸਿਪਾਹੀ ਤਾਮਿਲ ਨਾਡੂ ਦੇ ਰਹਿਣ ਵਾਲੇ ਤਾਮਿਲ ਹਨ ਤੇ ਉਹ ਸਿਨਹਾਲੀਆਂ ਉਤੇ ਹਮਲੇ ਕਰ ਰਹੇ ਹਨ। ਪਰ ਭਾਰਤੀ ਬੁਲਾਰੇ ਨੇ ਇਸ ਦੋਸ਼ ਦਾ ਖੰਡਨ ਕੀਤਾ ਹੈ।

## 72 ਫੀਸਦੀ ਤਾਮਿਲ ਵਿਰੁੱਧ

'ਹਿੰਦੂ' ਅਖਬਾਰ ਵਿਚ ਛਪੇ ਇਕ ਸਰਵੇਖਣ ਅਨੁਸਾਰ ਭਾਰਤ ਦੇ ਸੂਬੇ ਤਾਮਿਲਨਾਡੂ ਵਿਚ ਰਹਿਣ ਵਾਲੇ 72 ਫੀਸਦੀ ਤਾਮਿਲ ਗੁਰੀਲਿਆਂ ਦੇ ਵਿਰੁੱਧ ਹਨ ਅਤੇ ਚਾਹੁੰਦੇ ਹਨ ਕਿ ਉਹ ਹਥਿਆਰ ਸੁੱਟਕੇ ਭਾਰਤ-ਸ੍ਰੀਲੰਕਾ ਸਮਝੌਤੇ ਨੂੰ ਮੰਨਣ।




# ਚਰਨਪਾਲ ਗਿੱਲ ਤੇ ਹਰਜਾਨੇ ਦਾ ਦਾਅਵਾ ਕੀਤਾ

ਐਲਨ ਹੰਟ, ਜੋ ਫੋਰਟ ਸੇਂਟ ਜੌਨ ਰੇਡੀਓ ਤੇ ਹੌਟ ਲਾਈਨ ਸ਼ੋਅ ਦਿੰਦਾ ਸੀ, ਨੇ ਚਰਨਪਾਲ ਗਿੱਲ ਤੇ ਹਰਜਾਨੇ ਦਾ ਦਾਅਵਾ ਕਰ ਦਿੱਤਾ ਹੈ। ਉਸਨੇ ਕਿਹਾ ਕਿ ਚਰਨਪਾਲ ਗਿੱਲ ਜੋ 'ਸਨ' ਅਖਬਾਰ, ਮਈ 16, 1986 ਵਿਚ ਬਿਆਨ ਦਿੱਤਾ ਸੀ ਕਿ ਐਲਟ ਹੰਟ ਦਾ ਸ਼ੋਅ ਨਸਲਵਾਦੀ ਤੇ ਜਿਨਸਵਾਦੀ ਹੈ, ਉਸ ਕਰਕੇ ਉਸਦੀ ਨੌਕਰੀ ਹਟ ਗਈ ਹੈ। ਬੀ ਸੀ ਆਫਰ ਨੇ ਇਸ ਸ਼ੋਅ ਦੀ CRTC ਕੋਲੇ ਭੀ ਸ਼ਿਕਾਇਤ ਕੀਤੀ ਸੀ।

ਇਹ ਕਹਾਣੀ ਸੰਨ ਅਖਬਾਰ ਵਿਚ ਤੇ ਪੰਜਾਬੀ ਪੇਪਰਾਂ ਵਿਚ ਪਹਿਲੋਂ ਭੀ ਛਪ ਚੁਕੀ ਹੈ। ਐਕਸਪੋ 86 ਦੇ ਬੀ. ਸੀ. ਦੇ ਪੈਵਿਲੀਅਨ ਵਿਚ ਇਕ ਸਿੰਘ ਦੀ ਟਰੱਕ ਸਟਾਪ ਤੇ ਕਾਫੀ ਪੀਂਦੇ ਦੀ ਫੋਟੋ ਸੀ। ਫੋਰਟਸੇਂਟ ਜੌਨ ਦੇ ਮੇਅਰ ਨੇ ਤੇ ਰੇਡੀਓ ਪਰੋਗਰਾਮਰ ਐਲਨ ਹੰਟ ਨੇ ਇਸ ਬਾਰੇ ਉਤਾ ਚੁਕਿਆ ਕਿ ਐਕਸਪੋ ਵਿਚ ਸਿੰਘ ਦੀ ਫੋਟੋ ਰਦੂ ਕੀਤੀ ਜਾਵੇ ਤੇ ਉਸਦੇ ਥਾਂ ਅਜਿਹੀ ਫੋਟੋ ਲਾਈ ਜਾਵੇ ਜੋ ਬੀ ਸੀ ਦੇ ਉਤਰੀ ਇਲਾਕੇ ਦੀ ਪਰਤੀਨਿਧਤਾ ਕਰਦੀ ਹੋਵੇ। ਇਸ ਬਾਰੇ ਜੋ ਐਲਨ ਹੰਟ ਨੇ ਸ਼ੋਅ ਦਿੱਤਾ ਉਹ ਬਹੁਤ ਹੀ ਨਸਲਵਾਦੀ ਸੀ ਜਿਸ ਵਿਚ ਸਾਡੇ ਲੋਕਾਂ ਨੂੰ ਕੈਨੇਡੀਅਨ ਨਹੀਂ ਸੀ ਮੰਨਿਆ ਗਿਆ। ਭਾਵੇਂ ਅਸੀਂ ਬਹੁਤੇ ਲੋਕ ਇਥੋਂ ਦੇ ਸ਼ਹਿਰੀ ਹਾਂ ਪਰ ਸਾਨੂੰ ਅਜੇ ਭੀ ਪਰਾਏ ਦੇਸ਼ ਦੇ ਹੀ ਸਮਝਿਆ ਗਿਆ। ਇਸ ਪਰੋਗਰਾਮ ਵਿਚ ਸਾਡੇ ਹੱਕਾਂ ਤੇ ਹਮਲਾ ਕੀਤਾ ਗਿਆ।

ਐਲਨ ਹੰਟ ਨੇ ਚਾਰਜ ਲਾਇਆ ਹੈ ਕਿ ਚਰਨਪਾਲ ਗਿੱਲ ਨੇ ਕਿਹਾ ਕਿ ਇਸ ਰੇਡੀਓ ਪਰੋਗਰਾਮ ਤੇ ਸਿਖਾਂ ਦੀ ਬੇਇਜ਼ਤੀ ਕੀਤੀ ਗਈ ਹੈ ਤੇ ਨਸਲੀ ਵਿਤਕਰਾ ਕੀਤਾ ਗਿਆ। ਹੁਣ ਐਲਨ ਹੰਟ ਨੇ ਇਜ਼ਤ ਹੱਤਕ ਦਾ ਦਾਅਵਾ ਕਰ ਦਿਤਾ ਹੈ ਤੇ ਕਿਹਾ ਕਿ ਨੌਕਰੀ ਹਟਣ ਕਰਕੇ ਜੋ ਉਸਨੂੰ ਹਰਜਾਨਾ ਪਿਆ ਹੈ ਉਹ ਚਰਨਪਾਲ ਤੇ ਉਸਦੀ ਜਥੇਬੰਦੀ ਬੀ ਸੀ ਆਫਰ ਦੇਵੇ।

ਵਲੋਂ : ਗੁਰਪ੍ਰਤਾਪ ਸਿੰਘ ਰੰਧਾਵਾ
B.C.O.F.R. ਐਗਜ਼ੇਕਟਿਵ ਮੈਂਬਰ।

# ਦਹਿਸ਼ਤਗਰਦਾਂ ਹੱਥੋਂ 1 ਕਤਲ

## ਖਤਰਨਾਕ ਦਹਿਸ਼ਤਪਸੰਦ ਦੀ ਲਾਸ਼ ਮਿਲੀ

ਚੰਡੀਗੜ੍ਹ — ਪਿਛਲੇ 24 ਘੰਟਿਆਂ ਦੌਰਾਨ ਅਤਿਵਾਦੀਆਂ ਨੇ ਪੰਜਾਬ ਵਿਚ ਇਕ ਵਿਅਕਤੀ ਨੂੰ ਗੋਲੀਆਂ ਮਾਰ ਕੇ ਹਲਾਕ ਕਰ ਦਿੱਤਾ ਇਕ 'ਬੀ' ਵਰਗ ਦੇ ਖਤਰਨਾਕ ਅਤਿਵਾਦੀ ਦੀ ਲਾਸ਼ ਮਿਲੀ ਹੈ ਜਿਸ ਉਪਰ ਗੋਲੀਆਂ ਦੇ ਜ਼ਖਮਾਂ ਦੇ ਨਿਸ਼ਾਨ ਹਨ।

ਇਸੇ ਦੌਰਾਨ ਅਤਿਵਾਦੀਆਂ ਨੇ ਇਕ ਪਟਰੋਲ ਪੰਪ ਲੁਟ ਲਿਆ ਤੇ ਫਰਾਰ ਹੋ ਗਏ।

# ਪਾਕਿਸਤਾਨ ਤੋਂ ਭਾਰਤ ਦਾਖਲ ਹੁੰਦਾ ਕਾਬੂ

ਅੰਮ੍ਰਿਤਸਰ — ਜੰਮੂ ਕਸ਼ਮੀਰ ਦੇ ਕਸਬੇ ਅਨੰਦ ਨਾਗ ਦਾ ਵਸਨੀਕ ਤੇ ਭਾਰਤੀ ਨਾਗਰਿਕ ਗੁਲਾਮ ਨੱਬੀ ਅਟਾਰੀ ਖੇਤਰ ਦੀ ਰੂੜੇਵਾਲਾ ਚੌਂਕੀ ਕੋਲ ਨਜਾਇਜ਼ ਤੌਰ ਤੇ ਪਾਕਿਸਤਾਨ ਵਿਚੋਂ ਭਾਰਤ ਵਿਚ ਦਾਖਲ ਹੁੰਦਾ ਗ੍ਰਿਫਤਾਰ ਕਰ ਲਿਆ ਗਿਆ। ਉਸ ਨੂੰ ਤਫਤੀਸ਼ ਲਈ ਪੁਲਸ ਹਵਾਲੇ ਕਰ ਦਿੱਤਾ ਹੈ।


BERNARD SIMPSON & COMPANY

PRACTICE RESTRICTED TO
INJURIES SUFFERED DUE TO
CAR ACCIDENTS (ICBC CLAIMS)

ਅਸੀਂ ਕੇਵਲ ਕਾਰ ਐਕਸੀਡੈਂਟ ਸੰਬੰਧੀ ਆਈ. ਸੀ. ਬੀ. ਸੀ.
ਕਲੇਮਾਂ ਨੂੰ ਹੀ ਹੈਂਡਲ ਕਰਦੇ ਹਾਂ

HANDLING CAR ACCIDENTS FOR
OVER 15 YEARS

CONTINGENCY FEES AVAILABLE
(IF NO RECOVERY NO LEGAL FEE)

NO CHARGE FOR INITIAL
CONSULTATION

SITUATED IN THE AUTOMOBILE
ASSOCIATION BUILDING

734-2272

999 West Broadway, Vancouver, B.C. V5Z 1K5

THE CANADA DARPAN
(Punjabi Weekly Newspaper)
P.O.BOX 265
Surrey, B.C. V3T 4W8
Chief Editor: DARSHAN GILL
Art: N. DHALIWAL
All office holders of CANADA DARPAN are honorary associates.
'ਕੈਨੇਡਾ ਦਰਪਣ' ਵਿਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਂਵਾਰ ਹਨ। ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
Ph. 581-4473

# ਫਰੀ ਟਰੇਡ, ਮਾਰਕੀਟ ਅਤੇ ਬੇਰੁਜ਼ਗਾਰੀ

ਕੈਨੇਡਾ ਦੀ ਰਾਜਨੀਤੀ ਵਿਚ ਅੱਜ ਦਾ ਜੋ ਉਭਰਵਾਂ ਸਵਾਲ ਸਭ ਦਾ ਧਿਆਨ ਖਿਚ ਰਿਹਾ ਹੈ ਉਹ ਹੈ ਫਰੀ ਟਰੇਡ। ਫਰੀ ਟਰੇਡ ਤੋਂ ਭਾਵ ਅਮਰੀਕਾ ਅਤੇ ਕੈਨੇਡਾ ਵਿਚਕਾਰ ਖੁਲੇ ਵਪਾਰ ਤੋਂ ਹੈ। ਇਸ ਮਸਲੇ ਉਪਰ ਹਾਕਮ ਟੋਰੀ ਸਰਕਾਰ ਅਤੇ ਉਸ ਨਾਲ ਸੰਬੰਧਿਤ ਸੂਬਾਈ ਸਰਕਾਰਾਂ, ਬੀ. ਬੀ. ਸੀ. ਦੀ ਸੋਕਰਡ ਸਰਕਾਰ, ਕਿਊਬਕ ਦੀ ਲਿਬਰਲ ਸਰਕਾਰ ਇਸ ਦੇ ਹੱਕ ਵਿਚ ਹੈ। ਦੂਜੇ ਪਾਸੇ ਵਿਰੋਧ ਵਿਚ ਲਿਬਰਲ ਪਾਰਟੀ ਅਤੇ ਐਨ. ਡੀ. ਪੀ. ਫੈਡਰਲ ਲੈਵਲ ਉਪਰ, ਓਂਟੇਰੀਓ ਦੀ ਸਰਕਾਰ, ਮੈਨੀਟੋਬਾ ਦੀ ਸਰਕਾਰ, ਨਿਊਫਾਊਂਡਲੈਂਡ ਦੀ ਸਰਕਾਰ ਇਸ ਦੇ ਵਿਰੁਧ ਹਨ। ਪਰ ਮੁਖ ਤੌਰ ਉਪਰ ਇਸ ਦਾ ਵਿਰੋਧ ਕਰਨ ਦੀ ਜ਼ਬਰਦਸਤ ਧਿਰ ਕੈਨੇਡਾ ਭਰ ਦੀਆਂ ਟਰੇਡ ਯੂਨੀਅਨ, ਕਮਿਊਨਿਸਟ ਪਾਰਟੀ ਆਫਿ ਕੈਨੇਡਾ ਅਤੇ ਅਗੇ ਵਧੂ ਕਮਿਊਨਿਟੀ ਗਰੁੱਪਾਂ ਦੀ ਹੈ। ਇਸ ਦੇ ਵਿਰੋਧ ਵਿਚ ਕੈਥੋਲਿਕ ਚਰਚ ਵੀ ਫਰੀ ਟਰੇਡ ਦੇ ਵਿਰੋਧ ਵਿਚ ਸਾਹਮਣੇ ਆ ਗਿਆ ਹੈ।

ਸੰਖੇਪ ਵਿਚ ਫਰੀ ਟਰੇਡ ਬਾਰੇ ਲਿਬਰਲ ਲੀਡਰ ਮਿਸਟਰ ਵਰਨਰ ਨੇ ਕਿਹਾ ਹੈ ਕਿ ਜੋ ਕੁਝ ਅਮਰੀਕਾ ਦਾ ਹੈ ਉਹ ਉਨ੍ਹਾਂ ਦਾ ਹੈ, ਜੋ ਕੁਝ ਸਾਡਾ ਹੈ ਉਹ ਵੀ ਅਮਰੀਕਾ ਦਾ ਹੈ। ਅਮਰੀਕਾ ਫਰੀ ਟਰੇਡ ਵਿਚ ਦਿਲਚਸਪੀ ਆਪਣੇ ਖਰਬਾਂ ਡਾਲਰਾਂ ਦੇ ਘਾਟੇ ਨੂੰ ਪੂਰਾ ਕਰਨ ਲਈ, ਕੈਨੇਡਾ ਦੀਆਂ ਕਾਨਾਂ ਦੇ ਭੰਡਾਰਾਂ ਨੂੰ ਹੜੱਪਣ ਲਈ ਲੈ ਰਿਹਾ ਹੈ। ਦੂਜੇ ਕੈਨੇਡਾ ਵਿਚ ਅਮਰੀਕਾ ਦੀਆਂ ਬਣੀਆਂ ਹੋਈਆਂ ਚੀਜ਼ਾਂ ਕੈਨੇਡਾ ਵਿਚ ਆ ਢੇਰੀ ਹੋਈਆਂ ਹਨ ਜਿਸ ਦਾ ਅਸਰ ਇਹ ਹੋਵੇਗਾ ਕਿ ਵੱਡੀ ਪੱਧਰ ਉਪਰ ਬੇਰੁਜ਼ਗਾਰੀ ਫੈਲ ਜਾਵੇਗੀ। ਮਲਰੂਨੀ ਸਰਕਾਰ ਮੰਨਦੀ ਹੈ ਕਿ ਸ਼ਾਵੇ ਛੇ ਲੱਖ ਲੋਕ ਕੰਮ ਗੁਆ ਬੈਠਣਗੇ ਪਰ ਉਹ ਕਹਿੰਦੇ ਹਨ ਕਿ ਆਉਂਦੇ ਸਾਲਾਂ ਵਿਚ ਨਵੇਂ ਕੰਮਾਂ ਦੀਆਂ ਸੰਭਾਵਨਾਵਾਂ ਉਪਜਣਗੀਆਂ। ਪਰ ਕੈਨੇਡੀਅਨ ਲੇਬਰ ਕਾਂਗਰਸ ਨੇ ਦਾਅਵਾ ਕੀਤਾ ਹੈ ਕਿ ਹਰ ਹਾਲਤ ਵਿਚ ਦਸ ਲੱਖ ਲੋਕ ਕੰਮਾਂ ਤੋਂ ਹੱਥ ਧੋ ਬੈਠਣਗੇ।

ਕੰਮ ਤੋਂ ਹੱਥ ਧੋਣ ਵਾਲੀ ਵੱਡੀ ਗਿਣਤੀ ਫਾਰਮਾਂ ਵਿਚ ਕੰਮ ਕਰਨ ਵਾਲੇ ਹੋਣਗੇ। ਛੋਟੇ ਛੋਟੇ ਫਾਰਮਾਂ ਵਾਲੇ ਵੀ ਵੱਡੀ ਸੱਟ ਖਾਵਣਗੇ। ਇਸਦਾ ਕਾਰਨ ਅਮਰੀਕਾ ਵਿਚੋਂ ਬੇਸ਼ੁਮਾਰ ਫਰੂਟ ਏਧਰ ਆ ਕੇ ਇਨ੍ਹਾਂ ਲੋਕਾਂ ਦਾ ਕੰਮ ਸਦਾ ਲਈ ਹੀ ਖਤਮ ਕਰ ਦੇਵੇਗਾ। ਓਕਾਨਾਗਨ ਦੇ ਏਰੀਏ ਦੇ ਫਰੂਟਾਂ ਦੇ ਬਾਗ ਵੀ ਦੀਵਾਲੀਏ ਹੋ ਜਾਣਗੇ। ਕੇਂਦਰੀ ਕੈਨੇਡਾ ਵਿਚ ਕਣਕ ਦੇ ਫਾਰਮਾਂ ਦਾ ਵੀ ਭੱਠਾ ਬੈਠ ਜਾਵੇਗਾ।

ਹੁਣ ਜਦੋਂ ਕੈਨੇਡਾ ਸਰਕਾਰ, ਅਮਰੀਕਾ ਨਾਲ ਗੱਲ ਖਤਮ ਕਰ ਚੁੱਕੀ ਹੈ ਅਤੇ ਸਮਝੌਤੇ ਉਪਰ ਦਸਖਤ ਕਰਨਾ ਚਾਹੁੰਦੀ ਹੈ। ਏਸੇ ਦੌਰਾਨ ਸਟਾਕ ਅਕਸਚੇਂਜ ਵਿਚ ਜੋ ਖਰਬਾਂ ਡਾਲਰਾਂ ਦਾ ਘਾਟਾ ਪੈ ਗਿਆ ਹੈ ਉਸ ਨੇ ਸਾਰੇ ਪੂੰਜੀਵਾਦੀ ਪ੍ਰਬੰਧ ਦੀਆਂ ਜੜ੍ਹਾਂ ਹਿਲਾ ਦਿੱਤੀਆਂ ਹਨ। ਅਮਰੀਕੀ ਡਾਲਰ ਲਗਾਤਾਰ ਹੇਠਾਂ ਡਿਗ ਰਿਹਾ ਹੈ। ਇਸ ਦਾ ਕਾਰਨ ਅਮਰੀਕਾ ਦਾ ਖਰਬਾਂ ਡਾਲਰ ਦਾ ਘਾਟੇ ਦਾ ਬਜਟ ਦੱਸਿਆ ਜਾ ਰਿਹਾ ਹੈ। ਇਸ ਸਟਾਕ ਅਕਸਚੇਂਜ ਦੇ "ਕਰੈਸ਼" ਦੀ ਹਾਲਤ ਵਿਚ ਅਮਰੀਕਾ ਨਾਲ ਫਰੀ ਟਰੇਡ ਹੋਰ ਵੀ ਘਾਟੇਬੰਦਾ ਸੌਦਾ ਹੈ।

ਬਾਕੀ ਪੰਨਾ 5 'ਤੇ

# ਕਿਉਂ ਆਪਣੇ ਆਪ ਨੂੰ ਧੋਖਾ ਦੇਈ ਜਾ ਰਹੇ ਹੋ ?

ਕਰਨਲ ਪ੍ਰਤਾਪ ਸਿੰਘ ਗਿੱਲ

ਸਾਡੇ ਸਿੱਖ ਪੰਜਾਬੋਂ ਦੂਰ ਜੇਲ੍ਹਾਂ ਵਿਚ ਕੈਦ ਹਨ। ਅੰਗਰੇਜ਼ ਨੇ ਹਿੰਦੁਸਤਾਨ ਦੇ ਆਖਰੀ ਬਾਦਸ਼ਾਹ ਬਹਾਦਰ ਸ਼ਾਹ ਨੂੰ ਇਸੇ ਤਰ੍ਹਾਂ ਬਰਮਾ ਵਿਚ ਜਾ ਕੈਦ ਕੀਤਾ ਸੀ। ਮਹਾਰਾਜਾ ਦਲੀਪ ਸਿੰਘ ਨੂੰ ਵੀ ਪੰਜਾਬੋਂ ਬਾਹਰ ਕੈਦ ਵਿਚ ਰੱਖਿਆ ਸੀ। ਬਰਮਾ ਦੇ ਬਾਦਸ਼ਾਹ ਥੀਬਾ ਨੂੰ ਬੰਬਈ ਲਾਗੇ ਲਿਆ ਕੈਦ ਕੀਤਾ ਅਤੇ ਉਥੇ ਉਸ ਦੀ ਤੇ ਉਸ ਦੇ ਪਰਿਵਾਰ ਦੀਆਂ ਮੜ੍ਹੀਆਂ ਹਨ। ਕੈਦੀ ਹਮੇਸ਼ਾ ਲਾਚਾਰ ਹੁੰਦਾ ਹੈ। ਬਾਦਸ਼ਾਹ ਥੀਬਾ ਨੂੰ ਆਪਣੀ ਲੜਕੀ ਦੀ ਸ਼ਾਦੀ ਆਪਣੇ ਡਰਾਈਵਰ ਨਾਲ ਕਰਨੀ ਪਈ ਕਿਉਂਕਿ ਅੰਗਰੇਜ਼ ਦੇ ਡਰ ਕਰਕੇ ਕੋਈ ਉਚ ਪਰਿਵਾਰ ਵਿਚੋਂ ਇਕ ਕੈਦੀ ਬਾਦਸ਼ਾਹ ਦੀ ਲੜਕੀ ਨਾਲ ਸ਼ਾਦੀ ਨਹੀਂ ਸੀ ਕਰਨੀ ਚਾਹੁੰਦਾ। ਬਾਦਸ਼ਾਹ ਦੀ ਲੜਕੀ ਦੇ ਪਰਿਵਾਰ ਵਿਚੋਂ ਇਕੋ ਆਦਮੀ ਜਿਉਂਦਾ ਹੈ ਜੋ ਅਤਿ ਗਰੀਬ ਹੈ ਤੇ ਬੱਸ ਦਾ ਕੰਡਕਟਰ ਹੈ। ਬਾਦਸ਼ਾਹੀ ਤੋਂ ਬੱਸ ਕੰਡਕਟਰੀ 'ਤੇ ਆ ਡਿਗਣਾ ਪਰਮਾਤਮਾ ਦੀ ਖੇਡ ਦਾ ਇਕ ਅਜੀਬ ਨਜ਼ਾਰਾ ਹੈ।

ਮੈਂ ਹੁਣ ਵਲੈਤੋਂ ਵਾਪਸ ਪੁਜਾ ਹਾਂ। ਉਥੇ ਮੈਂ ਮਹਾਰਾਜਾ ਦਲੀਪ ਸਿੰਘ ਦੀ ਕਬਰ ਉਤੇ ਮੱਥਾ ਟੇਕਣ ਗਿਆ। ਅੰਗਰੇਜ਼ ਨੇ ਦਲੀਪ ਸਿੰਘ ਨੂੰ ਲੰਡਨ ਤੋਂ 92 ਮੀਲ ਦੂਰ ਰਖਿਆ ਸੀ। ਮੈਂ ਦੇਖਿਆ ਕਿ ਦਲੀਪ ਸਿੰਘ ਦੀ ਕਬਰ ਉਤੇ ਦੋ ਫੁੱਲ ਤਾਜ਼ੇ ਪਏ ਸਨ। ਜ਼ਰੂਰ ਕੋਈ ਸ਼ਰਧਾਵਾਨ ਸਿੱਖ ਸ਼ੇਰੇ-ਪੰਜਾਬ ਦੇ ਲਖਤੇ-ਜਿਗਰ ਲਈ ਅਰਦਾਸ ਕਰਨ ਆਇਆ ਹੋਵੇਗਾ ਕੈਦੀ ਦੀ ਨਾ ਜ਼ਬਾਨ ਹੁੰਦੀ ਹੈ ਤੇ ਨਾ ਕਲਮ। ਸਾਡੇ ਸਿੱਖ ਕੈਦੀਆਂ ਨਾਲ ਸਾਡੀ ਆਪਣੀ ਸਰਕਾਰ ਉਹ ਸਲੂਕ ਕਰ ਰਹੀ ਹੈ ਜੋ ਅੰਗਰੇਜ਼ ਨੇ ਵੀ ਕਾਂਗਰਸੀ ਲੀਡਰਾਂ ਨਾਲ ਨਾ ਕੀਤਾ। ਅੰਗਰੇਜ਼ ਨੇ ਮਹਾਤਮਾ ਗਾਂਧੀ ਨੂੰ ਕੈਦ ਕੀਤਾ ਪਰ ਜੇਲ੍ਹ ਦੀ ਬਜਾਏ ਪੂਨੇ ਸ਼ਹਿਰ ਵਿਚ ਆਗਾ ਖਾਂ ਮਹਿਲ ਵਿਚ ਰਖਿਆ। ਪੰਡਤ ਨਹਿਰੂ, ਪੰਡਤ ਪੰਤ ਤੇ ਹੋਰ ਕਾਂਗਰਸੀ ਲੀਡਰਾਂ ਨੂੰ ਵੀ ਅੰਗਰੇਜ਼ ਨੇ ਰਾਏਪੁਰ, ਜਬਲਪੁਰ ਜਾਂ ਜੋਧਪੁਰ ਜੇਲ੍ਹ ਵਿਚ ਨਹੀਂ ਭੇਜਿਆ ਸਗੋਂ ਉਨ੍ਹਾਂ ਦੇ ਆਪਣੇ ਸੂਬੇ ਵਿਚ ਯੂ. ਪੀ. ਵਿਚ ਨੈਨੀਤਾਲ ਠੰਡੀ ਥਾਂ ਉਤੇ ਭੇਜਿਆ। ਫੇਰ ਸਾਰੇ ਦੇ ਸਾਰੇ ਅਹਿਮਦਨਗਰ ਚਾਂਦ ਬੀਬੀ ਦੇ ਮਹਿਲ ਵਿਚ ਇਕੱਠੇ ਰੱਖੇ ਗਏ। ਪੰਡਤ ਜੀ ਨੇ ਸ਼ੇਖ ਅਬਦੁੱਲਾ ਨੂੰ ਕੈਦ ਕੀਤਾ ਪਰ ਕਿਸੇ ਜੇਲ੍ਹ ਵਿਚ ਨਹੀਂ ਸੀ ਭੇਜਿਆ। ਕਸ਼ਮੀਰ ਵਿਚ ਹੀ ਇਕ ਵਿਧੀਆ ਡਾਕ ਬੰਗਲਾ ਉਸ ਨੂੰ ਦੇ ਦਿੱਤਾ। ਤਕਰੀਬਨ 14 ਸਾਲ ਸ਼ੇਖ ਸਾਹਿਬ ਉਥੇ ਕੈਦ ਰਹੇ। ਫੇਰ ਇੰਦਰਾ ਗਾਂਧੀ ਦਾ ਰਾਜ ਆਇਆ। ਐਮਰਜੈਂਸੀ ਵਿਚ ਇੰਦਰਾ ਗਾਂਧੀ ਨੇ ਮੈਨੂੰ, ਚੌਧਰੀ ਦੇਵੀ ਲਾਲ ਤੇ ਜ. ਸੰਤੋਖ ਸਿੰਘ ਦਿੱਲੀ ਨੂੰ ਮਹਿੰਦਰਗੜ੍ਹ ਜੇਲ੍ਹ ਵਿਚ ਬੰਦ ਕਰ ਦਿੱਤਾ। ਪਰ ਮੁਰਾਰਜੀ ਡਿਸਾਈ ਨੂੰ ਇਕ ਵਧੀਆ ਰੈਸਟ ਹਾਊਸ ਰਹਿਣ ਲਈ ਦਿੱਤਾ। ਚੌਧਰੀ ਚਰਨ ਸਿੰਘ ਨੂੰ ਵੀ ਰੈਸਟ ਹਾਊਸ ਵਿਚ ਰੱਖਿਆ ਗਿਆ। ਜਦੋਂ ਅੰਗਰੇਜ਼ ਨੇ ਵੀ ਪੰਡਤ ਜੀ ਤੇ ਹੋਰ ਕਾਂਗਰਸੀ ਲੀਡਰਾਂ ਨੂੰ ਕੈਦ ਕਰਕੇ ਚੰਗੇ ਚੰਗੇ ਥਾਵਾਂ ਉਤੇ ਰੱਖਿਆ ਅਤੇ ਕੈਦ ਜ਼ਰੂਰ ਕੀਤਾ ਪਰ ਉਨ੍ਹਾਂ ਦੇ ਮਾਣ ਇਜ਼ਤ ਵਿਚ ਫਰਕ ਨਹੀਂ ਪਇਆ ਤਾਂ ਫੇਰ ਅੱਜ ਸਿੱਖ ਕੈਦੀਆਂ ਨਾਲ ਉਹੋ ਵਰਤਾਓ ਕਿਉਂ ਨਹੀਂ ਕੀਤਾ ਗਿਆ ਜੋ ਅੰਗਰੇਜ਼ ਨੇ ਪੰਡਤ ਜੀ ਤੇ ਹੋਰ ਕਾਂਗਰਸੀ ਲੀਡਰਾਂ ਨਾਲ ਕੀਤਾ ਸੀ।

ਮੇਰਾ ਰੋਸ ਪ੍ਰਧਾਨ ਮੰਤਰੀ ਨਾਲ ਨਹੀਂ ਹੈ। ਮੇਰਾ ਰੰਜ ਅਕਾਲੀ ਦਲ ਅਤੇ ਸਿੱਖ ਯੂਥ ਲੀਡਰਸ਼ਿਪ ਉਤੇ ਹੈ। ਮੈਂ ਜਾਣਦਾ ਹਾਂ ਕਿ ਅਕਾਲੀ ਦਲ ਆਪਣੇ ਆਪ ਨੂੰ ਸਿੱਖ ਕੌਮ ਦਾ ਰਹਿਨੁਮਾ ਸਮਝਦਾ ਹੈ ਅਤੇ ਸਿੱਖ ਯੂਥ ਅਕਾਲੀ ਦਲ ਪਾਸੋਂ ਇਹ ਰਹਿਨੁਮਾਈ ਖੋਹਣ ਵਿਚ ਰੁੱਝਾ ਹੋਇਆ ਹੈ। ਇਹ ਲੜਾਈ ਤੁਸੀਂ ਲੜੀ ਚਲੋ ਪਰ ਇਹ ਕੀ ਗੱਲ ਕਿ ਅੱਜ ਤੱਕ ਤੁਸੀਂ ਦੋਵਾਂ ਮਿਲ ਕੇ ਆਪਣੇ ਕੈਦੀਆਂ ਨੂੰ ਛੁਡਾਉਣ ਲਈ ਇਕ ਮਤਾ ਤੱਕ ਪਾਸ ਨਹੀਂ ਕੀਤਾ ? ਤੁਹਾਡੇ ਸਾਡੇ ਮਤੇ ਨਾਲ ਕੈਦੀ ਛੱਡਣੇ ਕਿਸੇ ਨਹੀਂ ਪਰ ਮਤਾ ਪਾਸ ਕਰਨ ਨਾਲ ਤੁਹਾਡੀ ਏਕਤਾ ਨਜ਼ਰ ਆਉਂਦੀ ਅਤੇ ਪੰਥ ਦੀ ਤਾਕਤ ਵਧਦੀ ਅਤੇ ਕੈਦੀਆਂ ਨੂੰ ਕੁਝ ਹੌਂਸਲਾ ਹੁੰਦਾ। ਤੁਸੀਂ ਸਾਰੇ ਆਪਣੀ ਆਪਣੀ ਲੀਡਰੀ ਚਮਕਾਉਣ ਵਿਚ ਰੁਝ ਗਏ ਹੋ ਅਤੇ ਸਰਕਾਰ ਤੁਹਾਡੀ ਇਸ ਖੁਦਗਰਜ਼ੀ ਦੀ ਕਮਜ਼ੋਰੀ ਨੂੰ ਜਾਣਦੀ ਹੈ। ਇਕ ਦੂਸਰੇ ਉਤੇ ਝੂਠੇ ਇਲਜ਼ਾਮ ਲਾ ਕੇ ਤੁਸੀਂ ਪੂਰੀ ਸਿੱਖ ਕੌਮ ਨੂੰ ਕਮਜ਼ੋਰ ਕਰ ਰਹੇ ਹੋ।

ਜਦੋਂ ਹਿੰਦੂ ਲੀਡਰਾਂ ਨੂੰ ਕੈਦ ਲਈ ਵਧੀਆ ਡਾਕ ਬੰਗਲੇ ਦਿੱਤੇ ਗਏ ਤਾਂ ਸਿੱਖਾਂ ਨੂੰ ਕਾਲ ਕੋਠੜੀਆਂ ਕਿਉਂ ? ਕੀ ਸਿੱਖਾਂ ਨੇ ਦੇਸ਼ ਦੀ ਆਜ਼ਾਦੀ ਲੈਣ ਵਿਚ ਘੱਟ ਹਿਸਾ ਪਾਇਆ ਸੀ ? 117 ਹਿੰਦੁਸਤਾਨੀ ਆਜ਼ਾਦੀ ਦੇ ਘੋਲ ਵਿਚ ਫਾਂਸੀ ਆਏ ਉਨ੍ਹਾਂ ਵਿਚੋਂ 92 ਗੁਰੂ ਗੋਬਿੰਦ ਸਿੰਘ ਜੀ ਦੇ ਸਿੰਘ ਸਨ। ਸਾਡੀਆਂ ਕੁਰਬਾਨੀਆਂ ਤਾਂ ਕਮਾਲ ਦੀਆਂ ਸਨ ਪਰ ਨਾਲ ਹੀ ਸਾਡੀ ਬੇਸਮਝੀ ਵੀ ਕਮਾਲ ਦੀ ਸੀ। ਅਸੀਂ ਆਪਣੀਆਂ ਕੁਰਬਾਨੀਆਂ ਦਾ ਧੇਲਾ ਵੀ ਮੁੱਲ ਨਾ ਵੱਟ ਸਕੇ ਕਿਉਂਕਿ ਅਸੀਂ ਹਮੇਸ਼ਾ ਆਪਸੀ ਲੜਾਈ ਵਿਚ ਰੁੱਝੇ ਰਹੇ। ਬਾਦਲ ਤੇ ਟੌਹੜਾ ਉਤੇ ਗਵਰਨਰ ਰੇਅ ਪਾਸੋਂ ਹਜ਼ਾਰਾਂ ਰੁਪਏ ਵੱਢੀ ਲੈਣ ਦਾ ਇਲਜ਼ਾਮ ਕੌਣ ਮੰਨੇਗਾ ਜੇ ਉਨ੍ਹਾਂ ਉਤੇ ਚੌਧਰ ਲੈਣ ਦਾ ਇਲਜ਼ਾਮ ਲਾਉਂਦੇ ਤਾਂ ਸ਼ਾਇਦ ਕੋਈ ਮੰਨ ਵੀ ਜਾਂਦਾ। ਮਹਾਤਮਾ ਗਾਂਧੀ ਨੂੰ ਹਿੰਦੂਆਂ ਗੋਲੀ ਤਾਂ ਮਾਰ ਦਿੱਤੀ ਪਰ ਗਾਂਧੀ ਜੀ ਉਤੇ ਵੱਢੀ ਦਾ ਇਲਜ਼ਾਮ ਕਦੇ ਕੋਈ ਨਾ ਲਾ ਸਕਿਆ ਕਿਉਂਕਿ ਇਹ ਝੂਠ ਮੰਨਣਯੋਗ ਨਹੀਂ ਸੀ। ਝੂਠੇ ਇਲਜ਼ਾਮਾਂ ਨਾਲ ਕਦੇ ਕੋਈ ਕਮਜ਼ੋਰ ਨਹੀਂ ਹੋਇਆ ਕਰਦਾ। ਸਚਾਈ ਆਪਣੇ ਆਪ ਬਾਹਰ ਆ ਜਾਇਆ ਕਰਦੀ ਹੈ, ਫੇਰ ਝੂਠਾ ਇਲਜ਼ਾਮ ਲਾਉਣ ਵਾਲੇ ਦੀ ਪੁਜ਼ੀਸ਼ਨ ਨੂੰ ਧੱਕਾ ਲੱਗਦਾ ਹੈ। ਬਹੁਤ ਖਬਰਾਂ ਅੱਜ ਕੱਲ ਕੁਝ ਹਿੰਦੂ ਅਖਬਾਰ ਨਵੀਸ ਸਰਕਾਰ ਦੀ ਸ਼ਹਿ ਉਤੇ ਕੱਢ ਰਹੇ ਹਨ ਤਾਂ ਕਿ ਸਿੱਖ ਯੂਥ ਤੇ ਪੁਰਾਣੀ ਸਿੱਖ ਲੀਡਰਸ਼ਿਪ ਵਿਚ ਲੜਾਈ ਨੂੰ ਹੋਰ ਚੁਕਿਆ ਜਾਵੇ। ਕੁਝ ਦਿਨ ਹੋਏ ਮੇਰਾ ਨਾਮ ਵੀ ਇਸ ਲੜਾਈ ਵਿਚ ਲਿਆਉਣ ਦੀ ਕੋਸ਼ਿਸ਼ ਕੀਤੀ ਗਈ। ਸਚਾਈ ਇਹ ਹੈ ਕਿ ਸਿਆਸਤ ਤੋਂ ਮੈਂ ਪੂਰਨ ਤੌਰ 'ਤੇ ਰਿਟਾਇਰ ਹਾਂ। ਨਾ ਮੈਂ ਪ੍ਰੋਫੈਸਰ ਦਰਸ਼ਨ ਸਿੰਘ ਦੇ ਘਰ ਸ. ਹਰਿੰਦਰ ਸਿੰਘ ਦੇ ਨਾਲ ਗਿਆ ਸੀ ਅਤੇ ਨਾ ਹੀ ਮੈਂ ਪਿਛਲੇ ਇਕ ਸਾਲ ਵਿਚ ਉਨ੍ਹਾਂ ਦੇ ਕਦੇ ਦਰਸ਼ਨ ਕੀਤੇ ਹਨ। ਪਰ ਮੈਂ ਉਨ੍ਹਾਂ ਨੂੰ ਦਿਲੋਂ ਕਰਕੇ ਨੇਕ ਤੇ ਪੰਥ-ਹਿਤੈਸ਼ੀ ਸਮਝਦਾ ਹਾਂ। ਜਦੋਂ ਉਨ੍ਹਾਂ ਦੀ ਦੂਸਰੇ ਸਿੰਘ ਸਾਹਿਬਾਨ ਨਾਲ ਗੱਲ ਨਾ ਬਣੀ ਤਾਂ ਲੜਾਈ ਵਧਾਉਣ ਦੀ ਥਾਂ ਉਹ ਚੁਪ ਕਰਕੇ ਘਰ ਆ ਗਏ ਤਾਂ ਕਿ ਬਾਕੀ ਸਿੰਘ ਸਾਹਿਬ ਯੁੱਧ ਆਪਣੀ ਮਰਜ਼ੀ ਮੁਤਾਬਕ ਲੜ ਸਕਣ। ਬਹੁਤ ਵਾਰੀ ਫੌਜੀ ਜਰਨੈਲ ਵੀ ਇਸ ਤਰ੍ਹਾਂ ਘਰ ਆ ਜਾਂਦੇ ਹਨ। ਹਾਂ, ਪ੍ਰੋਫੈਸਰ ਸਾਹਿਬ ਨੂੰ ਚਾਹੀਦਾ ਸੀ ਕਿ ਉਹ ਅਸਤੀਫਾ ਦੇ ਕੇ ਆਉਂਦੇ ਜਾਂ ਉਹ ਸ਼੍ਰੋਮਣੀ ਕਮੇਟੀ ਤੋਂ ਛੁੱਟੀ ਮਨਜ਼ੂਰ ਕਰਾ ਕੇ ਆਉਂਦੇ। ਆਪੇ ਆਪਣੇ ਆਪ ਨੂੰ ਲੰਮੀ ਛੁੱਟੀ ਦੇਣ ਦਾ ਕੋਈ ਤਰੀਕਾ ਨਹੀਂ ਹੈ। ਕੁਝ ਵੀ ਹੋਵੇ ਇਹ ਮੰਨਣਾ ਪਵੇਗਾ ਕਿ ਲੋਕ ਪ੍ਰੋ. ਦਰਸ਼ਨ ਸਿੰਘ ਦਾ ਅਤਿ ਮਾਣ ਕਰਦੇ ਹਨ ਭਾਵੇਂ ਉਹ ਸਿਆਸਤ ਦੇ ਮਾਹਿਰ ਨਹੀਂ ਹਨ।

ਮੈਂ ਕੈਨੇਡਾ ਅਮਰੀਕਾ ਦਾ ਚਕਰ ਲਾ ਕੇ ਆਇਆ ਹਾਂ। ਉਥੇ ਵੀ ਘਰ ਘਰ ਸਿੰਘ ਪ੍ਰੋਫੈਸਰ ਸਾਹਿਬ ਦੇ ਪੈਰੋਕਾਰ ਹਨ। ਅਸਲ ਵਿਚ ਜਿੰਨਾ ਚਿਰ ਕੀਰਤਨ ਦੀ ਦਾਤ ਉਨ੍ਹਾਂ ਪਾਸ ਹੈ, ਭਾਈ ਮਰਦਾਨੇ ਵਾਂਗੂੰ ਲੋਕ ਉਨ੍ਹਾਂ ਦੇ ਨਾਲ ਰਹਿਣਗੇ। ਮੇਰੇ ਵਿਚਾਰ ਵਿਚ ਉਨ੍ਹਾਂ ਦੇ ਵਾਪਸ ਅੰਮ੍ਰਿਤਸਰ ਜਾਣ ਨਾਲ ਹਾਲਾਤ ਹੁਣ ਅਗੇ ਨਾਲੋਂ ਚੰਗੇ ਨਹੀਂ ਹੋ ਸਕਣਗੇ। ਮੈਂ ਇਥੇ ਇਹ ਵੀ ਸਾਫ ਕਰਦਿਆਂ ਕਿ ਮੈਂ ਗਵਰਨਰ ਰੇਅ ਨੂੰ ਵੀ ਪਿਛਲੇ ਛੇ ਮਹੀਨੇ ਤੋਂ ਕਦੇ ਨਹੀਂ ਮਿਲਿਆ ਅਤੇ ਨਾ ਹੀ ਹਰਿੰਦਰ ਸਿੰਘ ਦੇ ਮਿਲਣ ਦਾ ਮੈਂ ਪ੍ਰਬੰਧ ਕੀਤਾ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਗਵਰਨਰ ਰੇਅ ਸਾਹਿਬ ਨੂੰ ਮਿਲਣ ਲਈ ਕਿਸੇ ਸਿਫਾਰਸ਼ ਦੀ ਲੋੜ ਨਹੀਂ।

ਬਾਕੀ ਪੰਨਾ 6 'ਤੇ

**Immigration and Citizenship Matters**
**JAMES SUE & COMPANY**
**Immigration Advocates**

- Filing a successful application for immigrant & business Visas
- Family Re-Unification
- Indian Adoptions
- Making a Refugee Claim
- Inquiries & Deportation
- Immigration Appeal Board matters
- Assisted relative applications for brother, sister, uncles, Aunts, nephews and Nieces — Married or single regardless of age.
- Hindi, Punjabi spoken

Evening Office : 433-4685

If you need help and require updated information — Contact :

BABU JIM NARAIN of James, Sue & Company who has 18 years of experience on Immigration and Citizenship matters with top Immigration Lawyers.

5024 Victoria Drive, Vancouver, B.C. V5P 3T8

**ਸਪੈਸ਼ਲ ਅਨਾਊਂਸਮੇਂਟ**

ਨਵੀਂ ਇਮੀਗਰੇਸ਼ਨ ਪਾਲਿਸੀ ਅਨੁਸਾਰ ਤੁਸੀਂ ਭਾਰਤ ਜਾਂ ਕਿਸੇ ਹੋਰ ਦੇਸ਼ ਤੋਂ ਘਰੇਲੂ ਕੰਮ ਕਰਨ ਲਈ ਕਾਮੇ (domestic workers) ਮੰਗਵਾ ਸਕਦੇ ਹੋ ਜਿਨ੍ਹਾਂ ਲਈ ਸਪੈਸ਼ਲ ਵੀਜ਼ਾ ਮਿਲਦਾ ਹੈ ਤੇ ਉਹ ਪੱਕੇ ਇਮੀਗਰੇਂਟ ਬਣ ਸਕਦੇ ਹਨ। ਜੇ ਤੁਸੀਂ ਕਿਸੇ ਨੂੰ ਇਸ ਨਵੀਂ ਪਾਲਿਸੀ ਅਧੀਨ ਮੰਗਵਾਉਣਾ ਚਾਹੁੰਦੇ ਹੋ ਤਾਂ ਹੁਣ ਮੌਕਾ ਹੈ। ਹੋਰ ਜਾਣਕਾਰੀ ਲਈ ਬਾਬੂ ਜਿਮ ਨਰਾਇਣ ਨੂੰ ਮਿਲੋ !

Tel: Off.
324-9441

# ‘ਰਿਸ਼ਵਤ’ ਲੈਣ ਪਿਛੋਂ ਯੁਵਕ ਅਤਿਵਾਦ ਦੇ ਦੋਸ਼ ਤੋਂ ਮੁਕਤ

ਮੋਰਿੰਡਾ — ਇਥੋਂ ਨਜ਼ਦੀਕ ਇਕ ਵਿਅਕਤੀ ਸਵਰਨ ਸਿੰਘ ਨੇ ਚਮਕੌਰ ਸਾਹਿਬ ਦੇ ਇਕ ਪਿਛਲੇ ਥਾਣੇਦਾਰ ਕੰਸ ਸਿੰਘ ਵਿਰੁਧ ਇਕ ਸ਼ਿਕਾਇਤ ਕੀਤੀ ਹੈ ਜਿਸ ਵਿਚ ਉਸ ਨੇ ਦੋਸ਼ ਲਾਇਆ ਹੈ ਕਿ ਇਸ ਥਾਣੇਦਾਰ ਨੇ ਸੱਤ ਹਜ਼ਾਰ ਰੁਪਏ ਦੀ ਰਿਸ਼ਵਤ ਲੈ ਕੇ ਉਸ ਨੂੰ ਛੱਡਿਆ। ਰਾਜਪਾਲ ਰੇਅ ਤੇ ਪੰਜਾਬ ਪੁਲੀਸ ਦੇ ਮੁਖੀ ਸ੍ਰੀ ਰਿਬੇਰੋ ਨੂੰ ਲਿਖੀ ਇਸ ਸ਼ਿਕਾਇਤ ਵਿਚ ਸਵਰਨ ਸਿੰਘ ਨੇ ਕਿਹਾ ਹੈ ਕਿ ਮੈਂ ਇਹ ਸ਼ਿਕਾਇਤ ਤੁਹਾਨੂੰ ਤਾਂ ਹੀ ਭੇਜ ਰਿਹਾ ਹਾਂ ਕਿਉਂਕਿ ਥਾਣੇਦਾਰ ਕੰਸ ਸਿੰਘ ਹੁਣ ਬਦਲ ਚੁਕਾ ਹੈ ਅਤੇ ਮੈਂ ਹੁਣ ਉਸ ਵਲੋਂ ਪਾਈ ਦਹਿਸ਼ਤ ਤੋਂ ਮੁਕਤ ਹਾਂ।

ਸਵਰਨ ਸਿੰਘ ਅਨੁਸਾਰ ਉਹ ਆਪਣੇ ਦੋਸਤ ਦੀ ਭੈਣ ਦੀ ਸ਼ਾਦੀ ਵਿਚ ਸ਼ਾਮਲ ਹੋਣ ਲਈ ਜਾ ਰਿਹਾ ਸੀ ਕਿ ਉਸ ਨੂੰ ਫੜ ਕੇ ਥਾਣੇ ਲਿਜਾਇਆ ਗਿਆ ਜਿਥੇ ਥਾਣੇਦਾਰ ਕੰਸ ਸਿੰਘ ਦੀ ਅਗਵਾਈ ਵਿਚ ਉਸ ਉਤੇ ਤਸ਼ੱਦਦ ਕੀਤਾ ਗਿਆ। ਮੇਰੇ ਕੋਲੋਂ ਖਾਲੀ ਕਾਗਜ਼ਾਂ ਉਤੇ ਦਸਤਖਤ ਵੀ ਕਰਾਏ। ਮੇਰੇ ਉਤੇ ਦੋਸ਼ ਲਾਇਆ ਗਿਆ ਕਿ ਮੇਰੇ ਅਤਿਵਾਦੀਆਂ ਨਾਲ ਸਬੰਧ ਹਨ ਅਤੇ ਚਮਕੌਰ ਸਾਹਿਬ ਦੇ ਸਾਬਕਾ ਸਰਪੰਚ ਹਰਦੇਵ ਸ਼ਰਮਾ ਦੀ ਹੱਤਿਆ ਵਿਚ ਹੱਥ ਹੈ। ਯਾਦ ਰਹੇ ਕਿ 21 ਅਪਰੈਲ 1987 ਨੂੰ ਹਰਦੇਵ ਸ਼ਰਮਾ ਦੀ ਮੁਹਾਲੀ ਵਿਖੇ ਦਹਿਸ਼ਤਪਸੰਦਾਂ ਨੇ ਹੱਤਿਆ ਕਰ ਦਿੱਤੀ ਸੀ ਅਤੇ ਸਵਰਨ ਸਿੰਘ ਦੇ ਫੜੇ ਜਾਣ ਤਕ ਹਰਦੇਵ ਸ਼ਰਮਾ ਦੇ ਕਾਤਲ ਫੜੇ ਜਾ ਚੁਕੇ ਹਨ।

ਸਵਰਨ ਸਿੰਘ ਨੇ ਕਿਹਾ ਕਿ ਉਸ ਦੀ ਰਿਹਾਈ ਲਈ ਕਈ ਪਤਵੰਤੇ ਲੋਕ ਆਏ ਪਰ ਥਾਣੇਦਾਰ ਨੇ ਇਕ ਨਾ ਸੁਣੀ। ਉਨ੍ਹਾਂ ਕਿਹਾ ਕਿ ਮ੍ਰਿਤਕ ਹਰਦੇਵ ਸ਼ਰਮਾ ਨਾਲ ਮੇਰਾ ਇਕ ਦਿਵਾਨੀ ਕੇਸ ਜ਼ਰੂਰ ਚਲਦਾ ਸੀ ਅਤੇ ਇਸ ਕੇਸ ਨੂੰ ਬਹਾਨਾ ਬਣਾ ਕੇ ਥਾਣੇਦਾਰ ਮੈਨੂੰ ਉਲਝਾਉਣਾ ਚਾਹੁੰਦਾ ਸੀ। ਇੰਨੇ ਨੂੰ ਰਾਸ਼ਟਰਪਤੀ ਰਾਜ ਆ ਗਿਆ ਅਤੇ ਸਵਰਨ ਸਿੰਘ ਦੇ ਸੰਬੰਧੀ ਘਬਰਾ ਗਏ। ਸਵਰਨ ਸਿੰਘ ਅਨੁਸਾਰ ਥਾਣੇਦਾਰ ਕੰਸ ਸਿੰਘ ਨੇ ਰਿਹਾਈ ਦੀ ਸ਼ਰਤ ਲਈ ਪੈਸਿਆਂ ਦੀ ਮੰਗ ਕੀਤੀ ਤੇ ਸੱਤ ਹਜ਼ਾਰ ਰੁਪਏ ਉਤੇ ਜਾ ਕੇ ਗੱਲ ਨਿਬੜੀ। ਇਹ ਪੈਸਾ ਦੇਣ ਪਿਛੋਂ ਨਾ ਉਹ ਅਤਿਵਾਦੀ ਰਿਹਾ ਤੇ ਨਾ ਹੀ ਹਰਦੇਵ ਸ਼ਰਮਾ ਦਾ ਕਾਤਲ।

# 3392 ਭਾਰਤੀ ਬਿਨਾਂ ਵੀਜ਼ੇ ਦੇ ਸਿੰਘਾਪੁਰ ਗਏ

ਸਿੰਘਾਪੁਰ — ਵੀਜ਼ੇ ਤੋਂ ਬਿਨਾਂ ਸਿੰਘਾਪੁਰ ਵਿਚ ਦਾਖਲ ਹੋਏ 3392 ਭਾਰਤੀਆਂ ਨੂੰ ਦੋ ਹਫਤੇ ਦਾ ਜੋ ਵਾਧੂ ਸਮਾਂ ਦਿੱਤਾ ਗਿਆ ਸੀ, ਉਹ ਖਤਮ ਹੋ ਗਿਆ ਹੈ ਪਰੰਤੂ ਸਮੇਂ ਸਿਰ ਵੀਜ਼ਾ ਨਾ ਲੈ ਸਕਣ ਕਾਰਨ ਇਨ੍ਹਾਂ ਦੀਆਂ ਉਚਿਤ ਦਲੀਲਾਂ ਸੁਣਨ ਪਿਛੋਂ ਇਹਨਾਂ ਨੂੰ ਦੇਸ਼ ਵਿਚ ਦਾਖਲ ਹੋਣ ਦੀ ਆਗਿਆ ਦਿਤੀ ਗਈ ਸੀ। ਪਿਛਲੇ ਮਹੀਨੇ ਤੋਂ ਲਾਗੂ ਹੋਏ ਵੀਜ਼ਾ ਸਿਸਟਮ ਪਿਛੋਂ 11000 ਭਾਰਤੀ ਸਿੰਘਾਪੁਰ ਪੁਜੇ। ਸਰਕਾਰੀ ਤੌਰ ਤੇ ਦਸਿਆ ਗਿਆ ਹੈ ਕਿ ਵੀਜ਼ਾ ਜਾਰੀ ਹੋਣ ਨਾਲ ਅਸਲ ਭਾਰਤੀ ਸੈਲਾਨੀਆਂ ਤੇ ਵਪਾਰੀਆਂ ਦੀ ਗਿਣਤੀ ਵਧੇਗੀ ਨਹੀਂ ਤਾਂ ਹਵਾਈ ਅੱਡੇ ਤੇ ਇਹਨਾਂ ਲੋਕਾਂ ਨੂੰ ਪਰੇਸ਼ਾਨੀ ਉਠਾਣੀ ਪਏਗੀ। ਸਿੰਘਾਪੁਰ ਦੇ ਕੌਂਸਲਖਾਨੇ ਵਲੋਂ ਭਾਰਤੀਆਂ ਨੂੰ ਦੋ ਹਫਤੇ ਦਾ ਵੀਜ਼ਾ ਜਾਰੀ ਕੀਤਾ ਜਾਏਗਾ ਜੋ ਕਿ ਸਿੰਘਾਪੁਰ ਤੋਂ ਹੋਰ ਵਧਾਇਆ ਵੀ ਜਾ ਸਕੇਗਾ।

ਪੰਨਾ 4 ਦੀ ਬਾਕੀ

ਐਨ. ਡੀ. ਪੀ. ਵਲੋਂ ਇਹ ਮੰਗ ਕਿ ਫਰੀ ਟਰੇਡ ਦੇ ਮਸਲੇ ਉਪਰ ਨਵੀਆਂ ਚੋਣਾਂ ਕਰਵਾਈਆਂ ਜਾਣ ਕਿਉਂ ਕਿ ਜਦੋਂ ਮਲਰੂਨੀ ਸਰਕਾਰ ਜਿੱਤੀ ਸੀ ਉਸ ਵੇਲੇ ਫਰੀ ਟਰੇਡ ਦੀ ਕਿਧਰੇ ਕੋਈ ਗੱਲ ਵੀ ਨਹੀਂ ਸੀ। ਇਸ ਲਈ ਅਸੀਂ ਇਸ ਮੰਗ ਦੀ ਪੂਰੀ ਤਰ੍ਹਾਂ ਤਾਈਦ ਕਰਦੇ ਹਾਂ ਕਿ ਮਲਰੂਨੀ ਸਰਕਾਰ ਲੋਕਾਂ ਤੋਂ ਇਸ ਮਸਲੇ ਬਾਰੇ ਫਤਵਾ ਲਵੇ ਜਾਂ ਇਸ ਫਰੀ ਟਰੇਡ ਦੇ ਮਸਲੇ ਉਪਰ ਰੈਫਰੈਂਡਮ ਕਰਵਾਇਆ ਜਾਵੇ ਕਿਉਂ ਕਿ ਫਰੀ ਟਰੇਡ ਇਕ ਅਜਿਹਾ ਮਸਲਾ ਹੈ ਜੋ ਆਮ ਲੋਕਾਂ ਦੇ ਉਪਰ ਡੂੰਘਾ ਨਾ-ਪੱਖੀ ਪ੍ਰਭਾਵ ਪਾਉਣ ਵਾਲਾ ਹੈ ਅਤੇ ਵੱਡੀਆਂ ਕੰਪਨੀਆਂ, ਕਾਰਪੋਰੇਸ਼ਨ ਅਤੇ ਫਾਈਨੈਂਸ ਅਦਾਰਿਆਂ ਦੇ ਹੱਕ ਵਿਚ ਹੈ।

# ਤਿੱਬਤੀ ਤਿੱਬਤ ਨੂੰ ਆਜ਼ਾਦ ਕਰਵਾਉਣ ਲਈ ਦ੍ਰਿੜ੍ਹ

ਧਰਮਸ਼ਾਲਾ — ਦੇਸ਼ ਨਿਕਾਲੇ ’ਚ ਰਹਿ ਰਹੇ ਤਿੱਬਤੀਆਂ ਨੂੰ ਭਰੋਸਾ ਹੈ ਕਿ ਉਹ ਇਕ ਦਿਨ ਤਿੱਬਤ ਨੂੰ ਚੀਨ ਤੋਂ ਆਜ਼ਾਦ ਕਰਵਾ ਲੈਣਗੇ ਅਤੇ ਆਪਣੀ ਤਕਦੀਰ ਦਾ ਆਪ ਫੈਸਲਾ ਕਰਨ ਲਈ ਆਪਣੀ ਪਵਿੱਤਰ ਧਰਤੀ ’ਤੇ ਵਾਪਸ ਚਲੇ ਜਾਣਗੇ। ਉਹ ਸਮਝਦੇ ਹਨ ਕਿ ਤਿੱਬਤ ਦੀ ਰਾਜਧਾਨੀ ਲਾਸਾ ਅਤੇ ਹੋਰਨਾਂ ਸ਼ਹਿਰਾਂ ਵਿਚ ਅਸ਼ਾਂਤੀ ਦੀ ਤਾਜ਼ਾ ਲਹਿਰ, ਉਨ੍ਹਾਂ ਦੀ ਆਜ਼ਾਦੀ ਲਈ ਇਕ ਤਗੜਾ ਸਿਗਨਲ ਹੈ।

ਯੂ. ਐਨ. ਆਈ. ਦੇ ਰਿਪੋਰਟਰ ਵਲੋਂ ਹਿਮਾਚਲ ਪ੍ਰਦੇਸ਼ ਵਿਚ ਵਸੇ ਤਿੱਬਤੀਆਂ ਨੂੰ ਮਿਲ ਕੇ ਇਕੱਠੇ ਕੀਤੀ ਤੱਥਾਂ ਤੋਂ ਪਤਾ ਲਗਿਆ ਹੈ ਕਿ ਉਹ ਆਪਣੀ ਧਰਤੀ ਜਿਸ ਨੂੰ ਉਹ ‘ਦਲਾਈਲਾਮਾ ਦੀ ਧਰਤੀ’ ਕਹਿੰਦੇ ਹਨ, ਨੂੰ ਆਜ਼ਾਦ ਕਰਵਾਉਣ ਲਈ ਹਰ ਕੁਰਬਾਨੀ ਕਰਨ ਨੂੰ ਤਿਆਰ ਹਨ।

ਨਵੀਂ ਨੌਜਵਾਨ ਪੀੜ੍ਹੀ ਵਿਚੋਂ ਬਹੁਤਿਆਂ ਨੇ ਤਾਂ ਹਾਲੇ ਤਕ ਆਪਣੀ ਮਾਤ ਭੂਮੀ ਦੇਖੀ ਵੀ ਨਹੀਂ ਅਤੇ ਉਨ੍ਹਾਂ ਦੀ ਦਿਲੀ ਇਛਾ ਹੈ ਕਿ ਉਹ ਆਪਣੇ ਬਜ਼ੁਰਗਾਂ ਦੀ ਮਾਤ ਭੂਮੀ ਦੇਖਣ। ਉਨ੍ਹਾਂ ਦਾ ਕਹਿਣਾ ਹੈ ਕਿ ਭਾਰਤ ਵਿਚ ਰਹਿੰਦਿਆਂ ਉਨ੍ਹਾਂ ਨੂੰ ਕਿਸੇ ਗੱਲ ਦੀ ਤਕਲੀਫ ਨਹੀਂ, ਸਗੋਂ ਆਜ਼ਾਦ ਭਾਰਤ ਵਿਚ ਰਹਿੰਦਿਆਂ ਤੇ ਡੈਮੋਕਰੇਟਿਕ ਸਿਸਟਮ ’ਚ ਵਿਚਰਦਿਆਂ ਉਨ੍ਹਾਂ ਦਾ ਆਪਣੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਵਿਸ਼ਵਾਸ ਹੋਰ ਦ੍ਰਿੜ ਹੋ ਰਿਹਾ ਹੈ।

# ਅਤਿਵਾਦੀਆਂ ਦੀ ਮੱਦਦ ਕਰਨ ਦੇ ਦੋਸ਼ ’ਚ 14 ਅੰਮ੍ਰਿਤਧਾਰੀਆਂ ’ਚੋਂ 5 ਰਿਹਾਅ

ਪਟਿਆਲਾ — ਥਾਣਾ ਸਦਰ ਪਟਿਆਲਾ ਅਤੇ ਕੋਤਵਾਲੀ ਜਿਨ੍ਹਾਂ ਦੀ ਪੁਲਿਸ ਨੇ ਜਿਨ੍ਹਾਂ 14 ਅੰਮ੍ਰਿਤਧਾਰੀ ਸਿੱਖਾਂ ਨੂੰ ਕਥਿਤ ਅਤਿਵਾਦੀਆਂ ਦੀ ਮੱਦਦ ਕਰਨ ਤੇ ਅਤਿਵਾਦੀ ਕਾਰਵਾਈਆਂ ਵਿਚ ਹਿਸਾ ਲੈਣ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਗਿਆ ਸੀ, ਉਨ੍ਹਾਂ ਵਿਚੋਂ ਚਾਰ ਨੂੰ ਭਾਈ ਮਨੋਹਰ ਸਿੰਘ ਰੈਡ ਕਰਾਸ, ਭਾਈ ਮਨੋਹਰ ਸਿੰਘ ਪੰਜਾਬ ਰਾਜ ਬਿਜਲੀ ਬੋਰਡ, ਸ੍ਰ. ਸੁਰਜੀਤ ਸਿੰਘ ਟਰੱਕਾਂ ਵਾਲੇ ਅਤੇ ਸਰਦਾਰ ਹਰਭਜਨ ਸਿੰਘ ਸੇਠੀ ਨੂੰ ਸਪੈਸ਼ਲ ਕੋਰਟ ਦੇ ਜੱਜ ਸ੍ਰੀ ਐਮ ਐਲ ਸਿੰਗਲ ਨੇ ਸਫਾਈ ਦੇ ਵਕੀਲ ਸ੍ਰ. ਹਰਮਿੰਦਰ ਸਿੰਘ ਮਾਨ ਦੀ ਬਹਿਸ ਸੁਣਨ ਪਿਛੋਂ ਦਸ-ਦਸ ਹਜ਼ਾਰ ਰੁਪਏ ਦੀ ਜ਼ਮਾਨਤ ਤੇ ਰਿਹਾਅ ਕਰ ਦਿੱਤਾ ਸੀ। ਇਸ ਕੇਸ ਦੇ ਪੰਜਵੇਂ ਕਥਿਤ ਦੋਸ਼ੀ ਭਾਈ ਦਲਜਿੰਦਰ ਸਿੰਘ ਐਸ ਡੀ ਓ ਪੰਜਾਬ ਰਾਜ ਬਿਜਲੀ ਬੋਰਡ ਨੂੰ ਵੀ ਸਫਾਈ ਦੇ ਵਕੀਲ ਸ੍ਰ. ਕੁੰਦਨ ਸਿੰਘ ਨਾਗਰਾ ਅਤੇ ਸ੍ਰ. ਪ੍ਰਿਤਪਾਲ ਸਿੰਘ ਭਿੰਡਰ ਨੂੰ ਬਹਿਸ ਸੁਣਨ ਉਪਰੰਤ ਦਸ ਹਜ਼ਾਰ ਰੁਪਏ ਦੀ ਜ਼ਮਾਨਤ ਦਿਤੇ ਜਾਣ ਤੇ ਸਪੈਸ਼ਲ ਕੋਰਟ ਦੇ ਜੱਜ ਸਾਹਿਬ ਨੇ ਰਿਹਾਅ ਕੀਤੇ ਜਾਣ ਦੇ ਆਦੇਸ਼ ਦਿਤੇ ਹਨ ਅਤੇ ਹੁਣ ਇਨ੍ਹਾਂ 14 ਅੰਮ੍ਰਿਤਧਾਰੀ ਸਿੰਘਾਂ ਵਿਚੋਂ ਬਾਕੀ 9 ਹੀ ਸੈਂਟਰਲ ਜੇਲ ਵਿਚ ਰਹਿ ਗਏ ਹਨ, ਜਿਨ੍ਹਾਂ ਵਿਚੋਂ ਦੋ ਹੋਰ ਸਿੰਘਾਂ ਦੀ ਜ਼ਮਾਨਤ ਅਗਲੇ ਹਫਤੇ ਹੋ ਜਾਣ ਦੀ ਸੰਭਾਵਨਾ ਹੈ।



ਇਹ ਹਾਲ ਢੁਕਵਾਂ ਨਹੀਂ ਹੈ। ਸੋਕਾ ਮਾਰੇ ਖੇਤਰਾਂ ਵਿਚ ਖੁਰਾਕ ਸਮੱਸਿਆ ਬਾਰੇ ਵਿਚਾਰਾਂ ਲਈ ਕਿਸੇ ਫਾਈਵ ਸਟਾਰ ਹੋਟਲ ਦਾ ਹਾਲ ਬੁਕ ਕਰਾਓ।

# ਰਾਸ਼ਟਰਪਤੀ ਵੈਂਕਟਰਮਨ ਦੀ ਚੋਣ ਜਾਇਜ਼ ਕਰਾਰ

ਨਵੀਂ ਦਿੱਲੀ — ਸੁਪਰੀਮ ਕੋਰਟ ਦੇ ਇਕ ਬੈਂਚ ਨੇ ਭਾਰਤ ਦੇ ਅੱਠਵੇਂ ਰਾਸ਼ਟਰਪਤੀ ਆਰ. ਵੈਂਕਟਰਮਨ ਦੀ ਚੋਣ ਨੂੰ ਜਾਇਜ਼ ਕਰਾਰ ਦਿੱਤਾ ਹੈ। ਜਸਟਿਸ ਆਰ. ਵੈਂਕਟਰਮਈਆ, ਜਸਟਿਸ ਰੰਗਨਾਥ ਮਿਸ਼ਰਾ, ਜਸਟਿਸ ਸੀ. ਐਲ., ਜਸਟਿਸ ਐਮ ਐਮ ਦੱਤ ਅਤੇ ਜਸਟਿਸ ਕੇ ਐਨ ਸਿੰਘ ’ਤੇ ਆਧਾਰਤ ਬਣੇ ਬੈਂਚ ਨੇ ਆਜ਼ਾਦ ਉਮੀਦਵਾਰ ਮਿਥਲੇਸ਼ ਕੁਮਾਰ ਦੀ ਰਿਟ ਪਟੀਸ਼ਨ ਰੱਦ ਕਰਦਿਆਂ ਇਸ ਗੱਲ ਦਾ ਗੰਭੀਰ ਨੋਟਿਸ ਲਿਆ ਕਿ ਮਿਥਲੇਸ਼ ਕੁਮਾਰ ਨੇ ਵਗੈਰ ਕਿਸੇ ਆਧਾਰ ’ਤੇ ਸਸਤੀ ਸ਼ੋਹਰਤ ਪ੍ਰਾਪਤ ਕਰਨ ਲਈ ਅਦਾਲਤ ਦੇ ਫੋਰਮ ਨੂੰ ਵਰਤਿਆ।

# ਕੈਨੇਡਾ ਭਾਰਤ ਨੂੰ 164 ਕਰੋੜ ਦੀ ਮਦਦ ਦੇਵੇਗਾ

ਨਵੀਂ ਦਿੱਲੀ — ਕੈਨੇਡਾ ਵਲੋਂ ਭਾਰਤ ਨੂੰ ਤੇਲ ਬੀਜਾਂ, ਤੇਲ ਤੇ ਗੈਸ ਦੇ ਖੇਤਰ ’ਚ ਵਿਕਾਸ ਕੰਮਾਂ ਲਈ ਲਗਪਗ 164 ਕਰੋੜ ਰੁਪਏ ਦੀ ਸਹਾਇਤਾ ਦਿੱਤੀ ਜਾਵੇਗੀ। ਇਸ ਸੰਬੰਧ ਵਿਚ ਵਿੱਤ ਸਕੱਤਰ ਐਸ ਵੈਂਕਟਾਰਮਨ ਅਤੇ ਕੈਨੇਡਾ ਦੇ ਹਾਈ ਕਮਿਸ਼ਨਰ ਜੇਮਜ਼ ਜੀ. ਹੈਰਿਸ ਨੇ ਇਥੇ ਦੋ ਸਮਝੌਤਿਆਂ ਉਪਰ ਦਸਤਖਤ ਕੀਤੇ।

## ਹਮਲੇ ਵਿਚ ਦੋ ਸਿਪਾਹੀ ਫੱਟੜ

ਹਰਦੋਈ — ਦੋ ਹਥਿਆਰਬੰਦ ਸਿਪਾਹੀਆਂ ਨੂੰ ਕੁਝ ਅਣਪਛਾਤੇ ਵਿਅਕਤੀਆਂ ਨੇ ਹਮਲਾ ਕਰਕੇ ਫੱਟੜ ਕਰ ਦਿੱਤਾ ਅਤੇ ਜਾਂਦੇ ਹੋਏ ਇਕ ਸਿਪਾਹੀ ਦੀ ਰਾਈਫਲ ਲੈ ਗਏ। ਇਹ ਘਟਨਾ ਜ਼ਿਲੇ ’ਚ ਸ਼ਾਹਬਾਦ ਨੇੜੇ ਵਾਪਰੀ।




**MORTGAGE MONEY?**

High mortgage amounts available on conventional basis
No insurance fees!
Purchasing or re-financing

**Bad credit rating? Turn Down?**

**NO PROBLEM**
Residential, Commercial, Motels & Interim financing.
1st & 2nd Mortgages

1 & 2nd Mortgage up to 85-90%

**AFRO-CANADIAN MORTGAGE LTD.**
8 YEARS EXPERIENCE
SHERALI VELJI
Monday to Friday 9.30 to 5.30
Saturday 11-4

**Ph. 433-6391**
Ste. 300-3665 Kingsway Vancouver, B.C
Res: 433-7975

**DOSANJH & PIRANI**

#202 - 5887 Victoria Drive, Vancouver, B.C. V5P 3W5

**Phone 327-6381**

● ਪਰਸਨਲ ਸੱਟਾਂ ਦੀ ਇਨਸ਼ੋਰੈਂਸ ਦੇ ਕੇਸ ● ਜ਼ਮੀਨ ਖ਼੍ਰੀਦਣ ਤੇ ਵੇਚਣ ਦੇ ਕਾਗਜ਼ਾਤ
● ਵਿਉਪਾਰਕ ਮਸਲੇ ● ਪ੍ਰਵਾਰ ਤੇ ਤਲਾਕ ● ਫੌਜਦਾਰੀ ਤੇ ਸਿਵਲ ● ਕੋਰਟ ਟਰਾਇਲ

**ਉੱਜਲ ਦੁਸਾਂਝ ਤੇ ਮਹਿਬੂਬ ਪਿਰਾਨੀ**

ਸ. ਹਰਿੰਦਰ ਸਿੰਘ 12 ਤਰੀਕ ਨੂੰ ਇਕੱਲੇ ਮੇਰੇ ਪਾਸ ਰੋਟੀ ਖਾਣ ਆਏ। ਮੇਰਾ ਤੇ ਉਨ੍ਹਾਂ ਦਾ ਮੇਲ ਨਵਾਂ ਨਹੀਂ। ਸਾਡੇ ਬਜ਼ੁਰਗ ਵੀ ਹਮੇਸ਼ਾ ਇਕੱਠੇ ਹੋ ਕੇ ਚਲਦੇ ਸਨ ਤੇ ਸਾਡਾ ਉਹ ਪ੍ਰੇਮ ਕਾਇਮ ਹੈ। ਪਰ ਸਾਡੀ ਸਿਆਸਤ ਅੱਡ ਅੱਡ ਰਹੀ। ਉਹ ਟੌਹੜੇ ਗਰੁੱਪ ਵਿਚ ਰਹੇ ਤੇ ਮੈਂ ਬਾਦਲ ਗਰੁੱਪ ਵਿਚ। ਪ੍ਰਸ਼ਾਦਿ ਛਕਣ ਲਈ ਮੈਂ ਉਨ੍ਹਾਂ ਨੂੰ ਆਪ ਸ਼੍ਰੋਮਣੀ ਕਮੇਟੀ ਦੇ ਦਫਤਰੋਂ ਲੈ ਕੇ ਗਿਆ ਤੇ ਵਾਪਸ ਛੱਡ ਕੇ ਵੀ ਆਇਆ ਕਿਉਂਕਿ ਉਨ੍ਹਾਂ ਦੇ ਸਾਥੀਆਂ ਨੂੰ ਕਾਰ ਦੀ ਲੋੜ ਸੀ। ਪ੍ਰਸ਼ਾਦ ਛਕਣ ਵੇਲੇ ਹੋਰ ਫੌਜੀ ਅਫਸਰ ਵੀ ਮੌਜੂਦ ਸਨ। ਐਸੇ ਮਾਹੌਲ ਵਿਚ ਮਤੇ ਪਾਸ ਕਰਨ ਦੀ ਗੱਲ ਕਿਸ ਤਰ੍ਹਾਂ ਹੋ ਸਕਦੀ ਹੈ? ਮੈਂ ਤਾਂ ਵੈਸੇ ਹੀ ਇਸ ਤਰ੍ਹਾਂ ਪਾਸ ਕੀਤੇ ਮਤਿਆਂ ਦੇ ਉਲਟ ਹਾਂ। ਜੇ ਕਿਸੇ ਕਮੇਟੀ ਨੇ ਮਤਾ ਪਾਸ ਕਰਨਾ ਹੈ ਤਾਂ ਪਹਿਲਾਂ ਹਿੰਮਤ ਕਰਕੇ ਅੰਮ੍ਰਿਤਸਰ ਬੈਠੋ ਤੇ ਫੇਰ ਮਤਾ ਪਾਸ ਕਰੋ। ਅੰਮ੍ਰਿਤਸਰੋਂ ਭੱਜ ਕੇ ਚੰਡੀਗੜ੍ਹੋਂ ਮਤਾ ਪਾਸ ਕਰਨ ਦਾ ਮਤਲਬ ਕੀ? ਜੇ ਕਿਤੇ ਹਰਿੰਦਰ ਸਿੰਘ ਮਤੇ ਦੀ ਗੱਲ ਮੇਰੇ ਨਾਲ ਕਰ ਦਿੰਦਾ ਤਾਂ ਮੈਂ ਲਾਜ਼ਮੀ ਜ਼ੋਰ ਦੇਣਾ ਸੀ ਕਿ ਚੰਡੀਗੜ੍ਹ ਮਤਾ ਪਾਸ ਕਰਨਾ ਕਾਇਰਤਾ ਦੀ ਨਿਸ਼ਾਨੀ ਹੈ। ਇਥੇ ਮਤਾ ਪਾਸ ਕਰਨ ਤੋਂ ਪਹਿਲਾਂ ਹੀ ਮਤਾ ਫੇਲ੍ਹ ਸਮਝੋ। ਟ੍ਰਿਬਿਊਨਾਂ ਅਖਬਾਰ ਤੋਂ ਬਗੈਰ ਹੋਰ ਕਿਸੇ ਅਖਬਾਰ ਨੇ ਮੇਰੀ ਕਹੀ ਹੋਈ ਗੱਲ ਛਾਪੀ ਹੀ ਨਹੀਂ। ਉਹ ਸਭ ਚਾਹੁੰਦੇ ਹਨ ਕਿ ਸਿਖ ਲੀਡਰਾਂ ਦਾ ਆਪਸੀ ਫਰਕ ਪਵੇ। ਬਿਆਨਬਾਜ਼ੀ ਵਧੇ ਤੇ ਆਪਸੀ ਝਗੜੇ ਵਧਣ।

ਅੱਜ ਸਾਰਾ ਯੁੱਧ ਮਾਝੇ ਵਿਚ ਦਰਿਆ ਬਿਆਸ ਤੇ ਵਾਹਘਾ ਸਰਹੱਦ ਦੇ ਵਿਚਕਾਰ ਦੇ ਇਲਾਕੇ ਵਿਚ ਹੈ। ਜੁਝਾਰੂ ਸਿੰਘਾਂ ਦੇ ਸਾਰੇ ਲੀਡਰ ਵੀ ਮੇਰੇ ਇਲਾਕੇ ਦੇ ਹਨ। ਸਾਡਾ ਸਭ ਦਾ ਦੁਖ ਸਾਂਝਾ ਹੈ, ਖੂਨ ਸਾਂਝਾ ਹੈ। ਜੇ ਰੋਜ਼ ਦੇ ਦਸ ਸਿਖ ਬੱਚੇ ਕਿਸ ਤਰ੍ਹਾਂ ਮਰਦੇ ਰਹੇ ਤਾਂ ਹੋਰ ਦਸ ਸਾਲ ਨੂੰ ਇਕ ਵੀ ਜੁਆਨ ਪੁੱਤਰ ਕਿਸੇ ਪਿੰਡ ਨਹੀਂ ਰਹਿ ਜਾਣਾ। ਇਕ ਪਾਸੇ ਪੁਲਸ ਸਿੰਘਾਂ ਨੂੰ ਮਾਰੀ ਜਾ ਰਹੀ ਹੈ ਤੇ ਦੂਜੇ ਪਾਸੇ ਜੁਝਾਰੂ ਸਿੰਘਾਂ ਵੀ ਰਹਿਮ ਨਹੀਂ ਖਾਧਾ। ਜ਼ਰਾ ਕੁ ਕਿਸੇ ਜਾਣ ਬੁਝ ਕੇ ਸ਼ੱਕ ਪਾ ਦਿੱਤਾ ਤਾਂ ਤੁਸੀਂ ਧੀਆਂ ਭੈਣਾਂ ਵੀ ਗੋਲੀਆਂ ਨਾਲ ਉਡਾ ਦਿੱਤੀਆਂ। ਕਦੇ ਤੁਹਾਡੇ ਬਹਾਦਰ ਬਜ਼ੁਰਗ ਅਹਿਮਦ ਸ਼ਾਹ ਅਬਦਾਲੀ ਵਰਗੇ ਜ਼ਾਲਮਾਂ ਦੇ ਘਰ ਉਨ੍ਹਾਂ ਦੀਆਂ ਪਿੱਛੇ ਛੱਡੀਆਂ ਹੋਈਆਂ ਔਰਤਾਂ ਪੁਚਾ ਕੇ ਆਇਆ ਕਰਦੇ ਸਨ ਤੇ ਅੱਜ ਤੁਸੀਂ ਆਪਣੀਆਂ ਭੈਣਾਂ ਦਾ ਮਾਣ ਕਰਨਾ ਵੀ ਭੁੱਲ ਗਏ ਹੋ। ਇਸ ਕਾਰਵਾਈ ਨਾਲ ਲੋਕ ਤੁਹਾਥੋਂ ਡਰ ਜ਼ਰੂਰ ਗਏ ਹਨ ਪਰ ਤੁਹਾਡਾ ਮਾਣ ਦਿਲੋਂ ਨਹੀਂ ਕਰਦੇ। ਜਿਥੇ ਡਰ ਨਾਲ ਲੋਕਾਂ ਨੂੰ ਮਗਰ ਲਾਉਣ ਦੀ ਕੋਸ਼ਿਸ਼ ਕੀਤੀ ਜਾਵੇ, ਉਥੇ ਫੌਜਾਂ ਕਦੇ ਫਤਹਿ ਹਾਸਲ ਨਹੀਂ ਕਰ ਸਕਦੀਆਂ। ਤੁਹਾਡਾ ਯੁਧ ਜਾਰੀ ਹੈ। ਲੋਕਾਂ ਹਰ ਥਾਂ ਹਰ ਪਿੰਡ ਵਿਚ ਸਰਕਾਰ ਦੀ ਬਜਾਏ ਤੁਹਾਡਾ ਸਾਥ ਦਿੱਤਾ ਹੈ। ਪ੍ਰੇਮ ਤੇ ਪਿਆਰ ਦਾ ਸਹਿਯੋਗ ਹੀ ਵਧਿਆ ਹੁੰਦਾ ਹੈ, ਹਥਿਆਰਾਂ ਦੇ ਦਬਕੇ ਵਾਲਾ ਸਹਿਯੋਗ ਕਿਸੇ ਕੰਮ ਨਹੀਂ। ਮੇਰੀ ਗੱਲ ਨੂੰ ਠੰਡੇ ਦਿਲ ਨਾਲ ਵਿਚਾਰ ਦੇਖੋ। ਮੈਂ ਆਪਣੇ ਪਾਰਲੀਮੈਂਟ ਮੈਂਬਰਾਂ ਨੂੰ ਵੀ ਰਾਏ ਦਿਆਂਗਾ ਕਿ ਤੁਸੀਂ ਏਕਤਾ ਰੱਖਣ ਵਾਲੇ ਪਾਸੇ ਚਲੋ। ਜੁਝਾਰੂ ਸਿੰਘਾਂ ਨੂੰ ਗਲਤ ਗੱਲਾਂ ਦੱਸ ਕੇ ਗਲਤ ਰਸਤੇ ਨਾ ਤੋਰੋ। ਉਨ੍ਹਾਂ ਦੇ ਸਿਰ ਉਤੇ ਅੱਗੇ ਹੀ ਕਾਫੀ ਭਾਰ ਤੇ ਜ਼ਿਮੇਵਾਰੀ ਹੈ।

ਅੱਜ ਜਥੇਦਾਰ ਸੇਖਵਾਂ ਤੇ ਸਿਖ ਯੂਥ ਵਿਚ ਲੀਡਰੀ ਦੀ ਕਸ਼ਮਕਸ਼ ਜਾਰੀ ਹੈ। ਪਰ ਫਿਰ ਵੀ ਇਕ ਗੱਲ ਉਤੇ ਪੂਰੀ ਸਹਿਮਤੀ ਹੈ ਕਿ ਸਿਖ ਕੈਦੀਆਂ ਨੂੰ ਛੁਡਾਇਆ ਜਾਵੇ। ਕਿਉਂ ਨਾ ਇਸ ਸਹਿਮਤੀ ਦਾ ਫਾਇਦਾ ਉਠਾਇਆ ਜਾਵੇ? ਸੇਖਵਾਂ ਜੀ ਨੂੰ ਅਕਾਲ ਤਖਤ ਸਾਹਿਬ ਜਾ ਕੇ ਸਿਖ ਯੂਥ ਨਾਲ ਮਸ਼ਵਰਾ ਕਰਕੇ ਤੇ ਇਕੱਠੇ ਹੋ ਕੇ ਸਿੰਘਾਂ ਨੂੰ ਜੇਲ੍ਹਾਂ ਵਿਚੋਂ ਛੁਡਾਉਣ ਲਈ ਮਿਲਵਾਂ ਉਪਰਾਲਾ ਕਰਨਾ ਚਾਹੀਦਾ ਹੈ। ਹੋਰ ਨਹੀਂ ਤਾਂ ਮਿਲ ਕੇ ਉਚ ਪੱਧਰ ਦਾ ਇਕ ਸਿਖ ਡੈਲੀਗੇਸ਼ਨ ਪ੍ਰਧਾਨ ਮੰਤਰੀ ਸਾਹਿਬ ਪਾਸ ਭੇਜਿਆ ਜਾਵੇ। ਇਸ ਵਿਚ ਸਾਡੀ ਹੱਤਕ ਨਹੀਂ ਹੈ। ਰੂਸ ਅਤੇ ਅਮਰੀਕਾ ਦੀ ਵੱਡੀ ਦੁਸ਼ਮਣੀ ਹੈ। ਪਰ ਅੱਜ ਵੀ ਉਹ ਇਕੱਠੇ ਬੈਠ ਕੇ ਵਿਚਾਰਾਂ ਕਰ ਰਹੇ ਹਨ। ਪ੍ਰਧਾਨ ਮੰਤਰੀ ਪਾਸ ਜਾਣਾ ਸਾਡਾ ਹੱਕ ਹੈ ਭਾਵੇਂ ਉਹ ਰਾਜੀਵ ਹੀ ਕਿਉਂ ਨਾ ਹੋਵੇ। ਹਾਂ, ਚੋਰੀ ਉਸ ਪਾਸ ਜਾਣਾ ਸਾਡੀ ਸਿੱਖੀ ਸ਼ਾਨ ਦੇ ਉਲਟ ਹੈ।

ਮੇਰੀ ਆਖਰੀ ਬੇਨਤੀ ਇਹ ਹੈ ਕਿ ਸੰਗਤ ਨੇ ਬੰਦੂਕਾਂ ਪਸਤੌਲਾਂ ਦੇ ਡਰ ਨਾਲ ਤੁਹਾਡੇ ਮਗਰ ਨਹੀਂ ਜੇ ਲੱਗਣਾ। ਖਾਲਸਾ ਪੰਥ ਕੋਈ ਭੇਡਾਂ ਬੱਕਰੀਆਂ ਨਹੀਂ ਜਿਸ ਨੂੰ ਜਥੇਦਾਰ ਸੇਖਵਾਂ ਜਾਂ ਸਿਖ ਯੂਥ ਡਰਾ ਕੇ ਅੱਗੇ ਲਾ ਲਵੇਗਾ। ਤੁਸੀਂ ਸਾਨੂੰ ਗੋਲੀ ਤਾਂ ਮਾਰ ਸਕਦੇ ਹੋ ਪਰ ਪਿਆਰ ਤੋਂ ਬਗੈਰ ਜਾਂ ਕੋਈ ਚੰਗਾ ਪਰੋਗਰਾਮ ਦਿਤੇ ਬਗੈਰ ਪੰਥ ਨੂੰ ਮਗਰ ਨਹੀਂ ਲਾ ਸਕਣਾ। ਮੇਰੇ ਵੀਰੋ, ਕਿਉਂ ਆਪਣੇ ਆਪ ਨੂੰ ਧੋਖਾ ਦੇਈ ਜਾ ਰਹੇ ਹੋ। ਇਕੱਠੇ ਬੈਠ ਕੇ ਵਿਚਾਰ ਕਰੋ ਤੇ ਕੌਮ ਨੂੰ ਕੋਈ ਡਟਵੀਂ ਸੇਧ ਦਿਉ। ਨਿੱਕੇ ਨਿੱਕੇ ਜਲਸੇ ਤੇ ਜਲੂਸਾਂ ਤੇ ਮੀਟਿੰਗਾਂ ਕਰਕੇ ਤੁਸੀਂ ਖੇਡ ਖਰਾਬ ਕਰ ਬੈਠੇ ਹੋ। ਮੈਂ ਅੱਗੇ ਵੀ ਕਹਿ ਚੁਕਾ ਹਾਂ ਕਿ ਸਾਡੇ ਦੁੱਖ ਦਾ ਇਲਾਜ ਸਾਡੇ ਆਪਣੇ ਹੱਥ ਵਿਚ ਹੈ। ਬਾਬੇ ਆਮਟੇ ਤੇ ਸੁਨੀਲ ਦੱਤ ਹੁਰਾਂ ਦੇ ਵੱਸ ਦੀ ਗੱਲ ਨਹੀਂ ਹੈ। ਮੈਂ ਸਿੰਘਾਂ ਨੂੰ ਗਵਰਨਰ ਰੇਅ ਦੀ ਕੁਝ ਜਾਣਕਾਰੀ ਦੇਣੀ ਵੀ ਜ਼ਰੂਰੀ ਸਮਝਦਾ ਹਾਂ। ਜਦੋਂ ਬਾਬਾ ਗੁਰਦਿਤ ਸਿੰਘ ਕਾਮਾਗਾਟਾਮਾਰੂ ਕੈਨੇਡਾ ਤੋਂ ਵਾਪਸ ਕਰ ਦਿੱਤੇ ਗਏ ਸਨ ਤੇ ਸਾਡੇ ਸੈਂਕੜੇ ਸਿੰਘ ਤੇ ਸਿੰਘਣੀਆਂ ਮੁਸੀਬਤ ਵਿਚ ਪੈ ਗਈਆਂ ਸਨ ਤੇ

ਸਿੰਘਾਂ ਦੀ ਮੱਦਦ ਕਰਨ ਬੰਗਾਲ ਵਿਚੋਂ ਇਕ ਸ਼ੇਰ ਉਠਿਆ ਸੀ ਜਿਸ ਨੇ ਮੁਫਤ ਸਿੰਘਾਂ ਦੇ ਮੁਕੱਦਮੇ ਲੜੇ ਸਨ। ਉਹ ਸਨ ਗਵਰਨਰ ਰੇਅ ਦੇ ਦਾਦਾ ਜੀ। ਪਰ ਅੱਜ ਦੇ ਰੇਅ ਦੀ ਸ਼ਾਇਦ ਦਿੱਲੀ ਵਿਚ ਸਿੰਘਾਂ ਨੂੰ ਛੁੜਾਉਣ ਦੀ ਤਾਕਤ ਉਹ ਨਹੀਂ ਜਾਪਦੀ ਜੋ ਉਸ ਦੇ ਦਾਦਾ ਵਿਚ ਸੀ। ਜੇ ਸਿੱਖ ਲੀਡਰਸ਼ਿਪ ਇਕ ਹੋ ਜਾਵੇ ਤਾਂ ਰੇਅ ਨੂੰ ਵੀ ਸਿੰਘਾਂ ਨੂੰ ਮੱਦਦ ਦੇਣੀ ਸੌਖੀ ਹੋ ਜਾਵੇਗੀ। ਅੱਗੇ ਆਪਣਾ ਪੜ੍ਹਿਆ ਵਿਚਾਰੋ। ਗੱਲ ਜੈਤੋ ਮੋਰਚੇ ਵਾਂਗੂੰ ਸ਼ਾਂਤਮਈ ਨਾਲ ਬਣੇਗੀ।

## ਦੋ ਲੱਖ ਰੁਪਏ ਦੇ ਨੋਟ ਸਾੜ ਦਿਤੇ

ਪਾਲਘਾਟ — ਇਥੇ ਇੰਡੀਅਨ ਬੈਂਕ ਦੀ ਮੇਨ ਬਰਾਂਚ ਵਿਚ ਤਕਰੀਬਨ ਦੋ ਲੱਖ ਰੁਪਏ ਮੁੱਲ ਦੇ ਕਰੰਸੀ ਨੋਟਾਂ ਦਾ ਨੁਕਸਾਨ ਹੋ ਗਿਆ ਜਦੋਂ ਕਿ ਨੌਜਵਾਨ ਨੇ ਬੈਂਕ ਵਿਚ ਦਾਖਲ ਹੋ ਕੇ ਨਕਦੀ ਦੀ ਮੰਗ ਕਰਦੇ ਨੋਟਾਂ ਨੂੰ ਅੱਗ ਲਾ ਦਿੱਤੀ।

ਇਹ ਨੌਜਵਾਨ ਬੈਂਕ ਵਿਚ ਉਦੋਂ ਦਾਖਲ ਹੋਇਆ ਜਦੋਂ ਬੈਂਕ ਬੰਦ ਹੋਣ ਵਾਲੀ ਸੀ। ਉਸ ਨੇ ਆਉਂਦੇ ਹੀ ਖਜਾਨਚੀ ਪਾਸੋਂ ਨਕਦੀ ਦੀ ਮੰਗ ਕੀਤੀ। ਖਜ਼ਾਨਚੀ ਬੈਂਕ ਮੈਨੇਜਰ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ ਕਿ ਇਸ ਮੁੰਡੇ ਨੇ ਅੱਗ ਲਗਾ ਦਿੱਤੀ ਜਿਸ ਕਾਰਨ ਨੋਟਾਂ ਦਾ ਨੁਕਸਾਨ ਹੋ ਗਿਆ। ਮੁੰਡਾ ਮਗਰੋਂ ਗ੍ਰਿਫਤਾਰ ਕਰ ਲਿਆ ਗਿਆ। ਨੌਜਵਾਨ ਜੋ ਅੱਗ ਵਿਚ ਝੁਲਸ ਗਿਆ ਸੀ ਦਾ ਹਸਪਤਾਲ ਵਿਚ ਇਲਾਜ ਕੀਤਾ ਜਾ ਰਿਹਾ ਹੈ। ਮੁੰਡੇ ਨੇ ਦੱਸਿਆ ਕਿ ਉਹ ਕੇਰਲ ਦੇ ਤਰੀਚੂਰ ਜ਼ਿਲੇ ਦਾ ਹੈ ਤੇ ਕਿਹਾ ਕਿ ਉਸ ਦੇ ਬੰਗਲੌਰ ਵਿਚ 'ਲਿਬਰੇਸ਼ਨ ਟਾਈਗਰਜ਼' ਨਾਲ ਕੁਝ ਸਮਾਂ ਪਹਿਲਾਂ ਸਬੰਧ ਹਨ।

■ BUYING ■ SELLING

Free Evaluation For Your
Property Call Any Time
Without Any Obligation

Bus. 736-3831 or Res. 434-8548 Pager - 687-1985 #2229

United Realty Ltd.

3879 Oak Street, Vancouver, B.C. V6H 2M6



Malkit Dhami,
M.A. (Eco.)

Member of Prestigious M.L.S.
Medallion Club For 83-84 85-86

San Diago $299.00
London from $625.00
Montreal from $329.00
Los Angles from $259.00
Toronto from $318.00
San Jose from $199.00
San Fransisco from $209.00



ਭਾਰਤ, ਪਾਕਿਸਤਾਨ, ਫੀਜ਼ੀ, ਲੰਡਨ, ਸ੍ਰੀ ਲੰਕਾ, ਹਿਜ਼ਨੀਲੈਂਡ, ਹਵਾਈ ਜਾਂ ਦੁਨੀਆਂ ਦੇ ਹੋਰ ਕਿਸੇ ਵੀ ਹਿੱਸੇ ਵਿਚ ਜਾਣ ਲਈ
ਘੱਟ ਤੋਂ ਘੱਟ ਕਿਰਾਏ
ਜੇਕਰ ਤੁਸੀਂ ਲੰਡਨ ਰਾਹੀਂ ਜਾ ਰਹੇ ਹੋ ਤਾਂ ਤੁਸੀਂ 2 ਸੂਟਕੇਸ ਆਪਣੇ ਨਾਲ ਲਿਜਾ ਸਕਦੇ ਹੋ

CALL TOLL FREE 1-800-663-6699 (B.C. & ALBERTA)

Prices are subject to change without notice

BAINS TRAVEL SERVICE

6364 Fraser Street,
Vancouver, B.C.
Ph. 324-2277

935 Marine Drive
Capilano Mall,
N. Vancouver

1710 Douglas St.
Victoria, B.C.
Ph. 386-6363

ਪੰਜਾਬੀ ਮਾਰਕਿਟ ਵਿਚ

ਮਾਨ ਸ਼ੂਅ ਸਟੋਰ

ਆਦਮੀਆਂ, ਔਰਤਾਂ, ਅਤੇ ਬੱਚਿਆਂ ਦੇ ਜੋੜੇ,
ਚਮੜੇ ਦੇ ਅਟੈਚੀ, ਪਰਸ ਅਤੇ ਹੋਰ ਸਾਮਾਨ

MENS, LADIES & CHILDRENS'
SHOES AND LEATHER
LUGGAGE & ACCESSORIES

Mohinder Singh Mann
ਮੁਹਿੰਦਰ ਸਿੰਘ ਮਾਨ
321-4353

MANN SHOE STORE
6570 MAIN ST., VANCOUVER, B.C.

# ਬੋਫਰਜ਼ ਤੋਪਾਂ ਦੀ ਮਾਰਕ ਸਮਰਥਾ ਦੀ ਪ੍ਰਦਰਸ਼ਨ

ਇੰਦੌਰ — ਭਾਰਤੀ ਜਨਤਾ ਪਾਰਟੀ ਦੇ ਲੀਡਰ ਸ੍ਰੀ ਅਟੱਲ ਬਿਹਾਰੀ ਵਾਜਪਾਈ ਨੇ ਕਿਹਾ ਹੈ ਕਿ ਸਰਕਾਰ ਨੇ ਬੋਫਰਜ਼ ਤੋਪਾਂ ਦੀ ਮਾਰੂ ਸਮਰਥਾ ਦਾ ਪ੍ਰਦਰਸ਼ਨ ਰਖਿਆ ਮੰਤਰਾਲੇ ਦੀ ਸੰਸਦੀ ਸਲਾਹਕਾਰ ਸਮਿਤੀ ਦੇ ਸਾਹਮਣੇ ਕਰਕੇ ਬੋਫਰਜ਼ ਕਾਂਡ ਦੀ ਜਾਂਚ ਲਈ ਕਾਇਮ ਕੀਤੀ ਗਈ ਸੰਯੁਕਤ ਸੰਸਦੀ ਸਮਿਤੀ ਦਾ ਅਪਮਾਨ ਕੀਤਾ ਹੈ। ਸ੍ਰੀ ਵਾਜਪਾਈ ਨੇ ਪਤਰਕਾਰਾਂ ਨੂੰ ਦੱਸਿਆ ਕਿ ਜਦੋਂ ਇਹ ਸਾਰੇ ਸੌਦੇ ਦੀ ਜਾਂਚ ਲਈ ਸੰਸਦੀ ਸਮਿਤੀ ਦੇ ਸਾਹਮਣੇ ਪ੍ਰਦਰਸ਼ਨ ਦਾ ਕੀ ਤੁਕ ਹੈ। ਉਧਰ ਬੋਫਰਜ਼ ਦੇ ਜਿਹੜੇ ਅਧਿਕਾਰੀ ਭਾਰਤ ਆਏ ਸਨ, ਉਨ੍ਹਾਂ ਨੇ ਵੀ ਸੰਯੁਕਤੀ ਸੰਸਦੀ ਸਮਿਤੀ ਨੂੰ ਕੋਈ ਜਾਣਕਾਰੀ ਨਹੀਂ ਦਿੱਤੀ । ਇਸ ਮੁੱਦੇ ਉਤੇ ਸੰਸਦੀ ਸਮਿਤੀ ਦੇ ਮੈਂਬਰਾਂ ਨੂੰ ਅਸਤੀਫਾ ਦੇ ਕੇ ਬਾਹਰ ਆ ਜਾਣਾ ਚਾਹੀਦਾ ਹੈ। ਸ੍ਰੀ ਵਾਜਪਾਈ ਨੇ ਦੱਸਿਆ ਕਿ ਤੋਪਾਂ ਖਰੀਦਣ ਦਾ ਮਤਾ ਸੰਨ 1977 ਤੋਂ ਹੀ ਵਿਚਾਰ ਗੋਚਰਾ ਸੀ ਅਤੇ 1985 ਤੱਕ ਕਿਹਾ ਜਾ ਰਿਹਾ ਸੀ ਕਿ ਭਾਰਤ ਲਈ ਫਰਾਂਸ ਦੀਆਂ ਤੋਪਾਂ ਹੀ ਲਾਹੇਵੰਦ ਹਨ। ਅਚਾਨਕ 1985 ਵਿਚ ਇਹ ਮਤਾ ਕਿਉਂ ਬਦਲ ਗਿਆ ? ਉਨ੍ਹਾਂ ਨੇ ਪੁਛਿਆ ਕਿ ਕਿਧਰੇ ਇਸ ਦਾ ਕਾਰਨ ਬੋਫਰਜ਼ ਦੇ ਨਾਲ ਕਿਸੇ ਤਰ੍ਹਾਂ ਦੀ ਅਦਲਾ-ਬਦਲੀ ਜਾਂ ਸਮਝੌਤਾ ਤਾਂ ਨਹੀਂ ਹੈ। ਉਨ੍ਹਾਂ ਕਿਹਾ ਕਿ ਭਾਰਤ-ਸ੍ਰੀਲੰਕਾ ਸਮਝੌਤੇ ਵਿਚ ਲਿਬਰੇਸ਼ਨ ਟਾਈਗਰਜ਼ ਆਫ ਤਾਮਿਲ ਏਲਮ (ਲਿੱਟੇ) ਦਾ ਵਤੀਰਾ ਇਤਰਾਜ਼ਯੋਗ ਹੈ। ਉਹ ਸਮਝੌਤੇ ਦਾ ਲਾਭ ਉਠਾਣਾ ਚਾਹੁੰਦਾ ਹੈ ਪਰ ਉਹ ਇਸ ਦੀ ਪਾਲਣਾ ਨਹੀਂ ਚਾਹੁੰਦਾ। ਭਾਜਪਾ ਲੀਡਰ ਨੇ ਕਿਹਾ ਕਿ ਸਰਕਾਰ ਨੂੰ 'ਲਿੱਟੇ' ਨੂੰ ਸਪਸ਼ਟ ਕਰ ਦੇਣਾ ਚਾਹੀਦਾ ਹੈ ਕਿ ਉਹ ਦੋ ਬੇੜੀਆਂ ਵਿਚ ਪੈਰ ਰਖਣ ਦਾ ਯਤਨ ਨਾ ਕਰੇ । ਭਾਜਪਾ ਲੀਡਰ ਨੇ ਇਸ ਸ਼ੰਕਾ ਤੋਂ ਇਨਕਾਰ ਨਹੀਂ ਕੀਤਾ ਕਿ ਇਹ ਸਮਝੌਤਾ ਵੀ ਸਰਕਾਰ ਵਲੋਂ ਕੀਤੇ ਗਏ ਦੂਜੇ ਸਮਝੌਤਿਆਂ ਵਾਂਗ ਹੀ ਅਸਫਲ ਹੋ ਸਕਦਾ ਹੈ ।

ਪਾਕਿਸਤਾਨ ਵਲੋਂ ਸਾਈਚਿੰਨ੍ਹ ਤੇ ਕੀਤੇ ਗਏ ਹਮਲੇ ਬਾਰੇ ਸ੍ਰੀ ਵਾਜਪਾਈ ਨੇ ਕਿਹਾ ਕਿ ਸਾਈਚਿੰਨ ਭਾਰਤ ਦਾ ਅਨਿਖੜਵਾਂ ਭਾਗ ਹੈ। ਉਸ ਉਤੇ ਪਾਕਿਸਤਾਨ ਦਾ ਦਾਅਵਾ ਅਧਾਰਹੀਨ ਹੈ । ਸਰਕਾਰ ਨੂੰ ਸਾਈਚਿੰਨ ਦੇ ਬਾਰੇ ਵਿਚ ਲੋਕਾਂ ਨੂੰ ਭਰੋਸੇ ਵਿਚ ਲੈਣਾ ਚਾਹੀਦਾ ਹੈ। ਫਿਜੀ ਦੀ ਤਾਜ਼ਾ ਸਥਿਤੀ ਤੇ ਟਿਪਣੀ ਕਰਦਿਆਂ ਸ੍ਰੀ ਵਾਜਪਾਈ ਨੇ ਕਿਹਾ ਕਿ ਭਾਰਤ ਨੂੰ ਵਧੇਰੇ ਸਰਗਰਮ ਹੋਣ ਦੀ ਲੋੜ ਹੈ। ਫਿਜੀ ਦੇ ਉਲਟ ਜੇਕਰ ਕੋਈ ਸਭ ਤੋਂ ਵੱਧ ਪ੍ਰਭਾਵਤ ਹੁੰਦਾ ਹੈ ਤਾਂ ਉਹ ਭਾਰਤ ਹੀ ਹੈ ਕਿਉਂਕਿ ਉਥੇ ਭਾਰਤੀ ਮੂਲ ਦੇ ਲੋਕ ਹਨ ਜਿਨ੍ਹਾਂ ਨੇ ਫਿਜੀ ਦੇ ਵਿਕਾਸ ਵਿਚ ਅਹਿਮ ਭੂਮਿਕਾ ਨਿਭਾਈ ਹੈ। ਸ੍ਰੀ ਵਾਜਪਾਈ ਨੇ ਕਿਹਾ ਕਿ ਫਿਜੀ ਵਿਚ ਭਾਰਤੀ ਮੂਲ ਦੇ ਲੋਕਾਂ ਨੂੰ ਰਾਜਨੀਤਕ ਅਧਿਕਾਰਾਂ ਤੋਂ ਮਹਿਰੂਮ ਰਖ ਕੇ ਸਦਾ ਲਈ ਹਕੂਮਤ ਤੋਂ ਦੂਰ ਰਖਣ ਦੀ ਸਾਜ਼ਿਸ਼ ਕਾਮਨਵੈਲਥ ਅਤੇ ਸੰਯੁਕਤ ਰਾਸ਼ਟਰ ਦੋਹਾਂ ਲਈ ਚੈਲੰਜ ਹੈ। ਭਾਰਤ ਨੂੰ ਆਸਟਰੇਲੀਆ ਅਤੇ ਨਿਊਜ਼ੀਲੈਂਡ ਦੇ ਨਾਲ ਸਲਾਹ ਕਰਕੇ ਫਿਜੀ ਦੀ ਆਰਥਿਕ ਨਾਕਾਬੰਦੀ ਕਰਨ ਦੇ ਮਤੇ ਤੇ ਗੰਭੀਰਤਾ ਨਾਲ ਪਹਿਲ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਭਾਰਤ ਨੂੰ ਇਸ ਮਹੀਨੇ ਵੈਨਕੂਵਰ ਵਿਚ ਹੋਣ ਵਾਲੀ ਕਾਮਨਵੈਲਥ ਸਿਖਰ ਮੀਟਿੰਗ ਵਿਚ ਦੂਜੇ ਦੇਸ਼ਾਂ ਨੂੰ ਫਿਜੀ ਦੀ ਆਰਥਿਕ ਨਾਕਾਬੰਦੀ ਕਰਨ ਲਈ ਸਹਿਮਤ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜਿਹੜੇ ਦੇਸ਼ ਦੱਖਣੀ ਅਫਰੀਕਾ ਵਿਚ ਨਸਲ ਪ੍ਰਸਤੀ ਵਿਰੁਧ ਆਵਾਜ਼ ਉਠਾ ਰਹੇ ਹਨ ਉਨ੍ਹਾਂ ਨੂੰ ਫਿਜੀ ਦੇ ਮਾਮਲੇ ਵਿਚ ਵੀ ਚੁਪ ਨਹੀਂ ਰਹਿਣਾ ਚਾਹੀਦਾ ।

# ਡਾ. ਰਘਬੀਰ ਸਿੰਘ (ਸਿਰਜਣਾ) ਸਨਮਾਨ ਸਮਾਗਮ



ਸੁਖਿੰਦਰ, ਰਘਬੀਰ ਸਿੰਘ (ਸਿਰਜਣਾ) ਤੇ ਇਕਬਾਲ ਰਾਮੂੰਵਾਲੀਆ

ਪੰਜਾਬ ਆਰਟਸ ਕੌਂਸਲ ਦੇ ਸਾਹਿਤਕ ਵਿੰਗ ਪੰਜਾਬ ਸਾਹਿਤ ਅਕਾਦਮੀ ਦੇ ਸਕੱਤਰ ਅਤੇ ਪ੍ਰਗਤੀਵਾਦੀ ਵਿਚਾਰਧਾਰਾ ਦੇ ਪ੍ਰਸਿੱਧ ਸਾਹਿਤਕ ਤ੍ਰੈਮਾਸਿਕ ਪੱਤਰ ਸਿਰਜਣਾ ਦੇ ਸੰਪਾਦਕ ਡਾ. ਰਘਬੀਰ ਸਿੰਘ ਪਿਛਲੇ ਦਿਨੀਂ ਆਪਣੇ ਨਾਰਥ ਅਮਰੀਕਾ ਦੇ ਸਫਰ ਦੌਰਾਨ ਓਨਟੇਰੀਓ ਵਿਚ ਪਹੁੰਚੇ ਤਾਂ ਪੰਜਾਬ ਦੀ ਗੂੰਜ ਰੇਡੀਓ ਪਰੋਗਰਾਮ ਅਤੇ ਓਨਟੇਰੀਓ ਦੇ ਲੇਖਕਾਂ ਅਤੇ ਕਲਾਕਾਰਾਂ ਵਲੋਂ 27 ਸਤੰਬਰ 1987 ਦਿਨ ਐਤਵਾਰ ਨੂੰ ਮਾਲਟਨ ਕਮਿਊਨਿਟੀ ਸੈਂਟਰ ਵਿਚ ਉਨ੍ਹਾਂ ਦੇ ਮਾਣ ਵਿਚ ਇਕ ਸਾਹਿਤਕ ਪਰੋਗਰਾਮ ਆਯੋਜਿਤ ਕੀਤਾ ਗਿਆ । ਡਾ. ਰਘਬੀਰ ਸਿੰਘ ਹੋਰਾਂ ਨੇ ਇਸ ਸਮਾਗਮ ਵਿਚ ਸਮਕਾਲੀਨ ਪੰਜਾਬੀ ਸਾਹਿਤ ਅਤੇ ਪੰਜਾਬੀ ਲੇਖਕ ਦੀ ਸਥਿਤੀ ਦੇ ਵਿਸ਼ੇ ਉਤੇ ਆਪਣਾ ਬਹੁ-ਮੁੱਲਾ ਭਾਸ਼ਨ ਦਿੱਤਾ । ਸਰੋਤਿਆਂ ਵਿਚੋਂ ਗੁਰਮੀਤ ਕੰਗ, ਇਕਬਾਲ ਖਾਨ, ਗੁਰਦੀਪ ਚੌਹਾਨ, ਇਕਬਾਲ ਰਾਮੂਵਾਲੀਆ, ਝਿਲਮਨ ਸਿੰਘ ਗੋਸਲ ਅਤੇ ਰਛਪਾਲ ਰਾਮੂਵਾਲੀਆ ਨੇ ਡਾ. ਸਾਹਿਬ ਦੇ ਭਾਸ਼ਨ ਵਿਚ ਪ੍ਰਗਟਾਏ ਵਿਚਾਰਾਂ ਬਾਰੇ ਕਈ ਗੰਭੀਰ ਨੁਕਤੇ ਉਠਾਏ । ਜਿਸਨੇ ਸਮੁੱਚੇ ਪੰਜਾਬੀ ਸਾਹਿਤ ਅਤੇ ਬਦੇਸ਼ੀ ਪੰਜਾਬੀ ਸਾਹਿਤ ਨਾਲ ਸੰਬੰਧਿਤ ਇਕ ਭਖਵੀਂ ਬਹਿਸ ਦਾ ਰੂਪ ਧਾਰ ਲਿਆ । ਇਸ ਸਮਾਗਮ ਦੇ ਦੂਜੇ ਹਿੱਸੇ ਵਿਚ ਇਕ ਛੋਟੇ ਜਿਹੇ ਕਵੀ ਦਰਬਾਰ ਦਾ ਵੀ ਪ੍ਰਬੰਧ ਕੀਤਾ ਗਿਆ । ਜਿਸ ਵਿਚ ਇਕਬਾਲ ਰਾਮੂੰਵਾਲੀਆ, ਇਕਬਾਲ ਖਾਨ ਅਤੇ ਸੁਖਿੰਦਰ ਨੇ ਆਪਣੀਆਂ ਨਜ਼ਮਾਂ ਸੁਣਾਈਆਂ । ਰਛਪਾਲ ਰਾਮੂੰਵਾਲੀਆ ਨੇ ਫਿਲਮੀ ਤਰਜ਼ ਵਿਚ ਇਕ ਗੀਤ ਸੁਣਾਇਆ। ਕੈਨੇਡਾ ਦੇ ਸਾਹਿਤਕ ਸਮਾਗਮਾਂ ਵਿਚ ਪਹਿਲੀ ਵੇਰ ਹਿੱਸਾ ਲੈ ਰਹੇ ਤ੍ਰੈਲੋਚਨ ਨੇ ਸੰਤ ਰਾਮ ਉਦਾਸੀ ਦਾ ਇਕ ਗੀਤ ਗਾਇਆ । ਇਸ ਸਾਰੇ ਸਮਾਗਮ ਦੀ ਪ੍ਰਧਾਨਗੀ ਪੰਜਾਬੀ ਸ਼ਾਇਰ ਇਕਬਾਲ ਰਾਮੂੰਵਾਲੀਆ ਨੇ ਕੀਤੀ। ਸਟੇਜ ਦੀ ਜ਼ਿਮੇਵਾਰੀ ਵੀ ਸੁਖਿੰਦਰ ਨੂੰ ਹੀ ਨਿਭਾਉਣੀ ਪਈ। ਸਰੋਤਿਆਂ ਵਿਚ ਓਨਟੇਰੀਓ ਦੀਆਂ ਕੁਝ ਹੋਰ ਚਰਚਿਤ ਹਸਤੀਆਂ ਵੀ ਮੌਜੂਦ ਸਨ । ਜਿਨ੍ਹਾਂ ਵਿਚ ਰ. ਸ. ਰਣੀਆ (ਆਰਟਿਸਟ), ਕੁਲਦੀਪ ਦੀਪਕ (ਪੰਜਾਬੀ ਗਾਇਕ), ਡਾ. ਅਮਰਜੀਤ ਸਿੰਘ ਬਣਵੈਤ (ਕਹਾਣੀਕਾਰ), ਬਲਦੇਵ (ਹਿੰਦੀ ਸ਼ਾਇਰ) ਦੀਪ ਸਿੰਘ ਅਤੇ ਬਲਰਾਜ ਦਿਓਲ (ਰਾਜਸੀ ਕਾਮੇ) ਦਾ ਨਾਮ ਵਿਸ਼ੇਸ਼ ਕਰਕੇ ਲਿਆ ਜਾ ਸਕਦਾ ਹੈ ।

—ਸੁਖਿੰਦਰ


## 21 ਨਵੰਬਰ ਨੂੰ

**ਚਰਨਪਾਲ ਗਿੱਲ ਜੋ ਸਰੀ ਵਿਚ ਬੌਬ ਬੋਸ ਸਲੇਟ ਨਾਲ ਖੜ੍ਹਾ ਹੈ, ਨੂੰ ਵੋਟ ਪਾ ਕੇ ਸਫ਼ਲ ਕਰੋ**

**ਇਸ ਤਰ੍ਹਾਂ ਭਾਰਤੀ ਕਮਿਊਨਿਟੀ ਦਾ ਮਾਣ ਵਧੇਗਾ**

**ਸਿਆਸੀ ਤਾਕਤ ਤੋਂ ਬਿਨਾਂ ਕਿਸੇ ਕਮਿਊਨਿਟੀ ਦੀ ਪੁੱਛਗਿਛ ਨਹੀਂ ਹੁੰਦੀ**



Bose

Gill | Finnbogason
Sorensen
Villeneuve | Shaffer
Robinson

Bob Bose
596-2517

Surrey Civic Electors

(ਪਰਮਜੀਤ ਬੈਂਪਾਰਾਏ ਵਲੋਂ ਸਪੌਂਸਰਡ ਐਡ)


# ਤਰੀਪੁਰਾ ਸਰਹੱਦ ਉਤੇ ਅਤਿਅੰਤ ਚੌਕਸੀ

ਅਗਰਤਲਾ — ਤਰੀਪੁਰਾ ਵਿਚ ਪਿਛਲੇ 72 ਘੰਟਿਆਂ ਦੌਰਾਨ ਸਾਮਰਾਜੀ ਸ਼ਹਿ ਪ੍ਰਾਪਤ ਵੱਖਵਾਦੀਆਂ ਹਥੋਂ 22 ਗੈਰਕਬਾਇਲੀਆਂ ਦੀਆਂ ਹਤਿਆਵਾਂ ਦੇ ਪਿਛੋਕੜ ਵਿਚ ਸਾਰੀਆਂ ਸਰਹੱਦੀ ਚੌਕੀਆਂ ਨੂੰ ਅਤਿਅੰਤ ਸਾਵਧਾਨ ਰਹਿਣ ਲਈ ਕਿਹਾ ਗਿਆ ਹੈ । ਪੁਲਸ ਨੇ ਇਥੇ ਕਿਹਾ ਹੈ ਕਿ ਨੀਮ ਫੌਜੀ ਬਲਾਂ ਨੇ ਨਾਜ਼ਕ ਇਲਾਕਿਆਂ ਵਿਚ ਪੁਜ਼ੀਸ਼ਨਾਂ ਸੰਭਾਲ ਲਈਆਂ ਹਨ । ਇਨ੍ਹਾਂ ਇਲਾਕਿਆਂ ਵਿਚ ਆਤਰਾਮੂਰਾ ਤੇ ਲਾਂਗਤਰਾਈ ਦੇ ਇਲਾਕੇ ਵੀ ਸ਼ਾਮਲ ਹਨ। ਪੁਲਸ ਨੇ ਅਜੇ ਇਸ ਗੱਲ ਦਾ ਪਤਾ ਲਾਉਣਾ ਹੈ ਕਿ ਅੰਦਰੂਨੀ ਇਲਾਕਿਆਂ ਵਿਚ ਕੰਮ ਕਰ ਰਿਹਾ ਵੱਖਵਾਦੀਆਂ ਦਾ ਕਿਹਾ ਧੜਾ ਕਤਲਾਂ ਲਈ ਦੋਸ਼ੀ ਹੈ ।

# ਚੋਣ ਸੂਚੀ ਪੰਜਾਬ ਸਰਕਾਰ ਨੂੰ ਭੇਜੀ

ਅੰਮ੍ਰਿਤਸਰ — ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਟੌਹੜਾ ਧੜੇ ਨੇ ਆਪਣੀ ਚੋਣ ਬਾਰੇ ਸੂਚੀਆਂ ਪੰਜਾਬ ਦੇ ਮੁੱਖ ਸਕੱਤਰ, ਮੁੱਖ ਚੋਣ ਅਧਿਕਾਰੀ, ਪੰਜਾਬ ਤੇ ਜਲੰਧਰ ਦੇ ਚੋਣ ਦਫਤਰ ਨੂੰ ਭੇਜ ਦਿੱਤੀ ਹੈ। ਸੂਚੀਆਂ ਉਤੇ ਐਸ ਜੀ ਪੀ ਸੀ ਦੇ ਸੀਨੀਅਰ ਮੀਤ ਪ੍ਰਧਾਨ ਸ੍ਰੀ ਹਰਿੰਦਰ ਸਿੰਘ ਦੇ ਦਸਖਤ ਹਨ ।

# ਅਫਰੀਕੀ ਨਸਲ ਦੇ ਬਾਂਦਰ ਦੇ ਕਟਣ ਨਾਲ 'ਏਡਜ਼' ਦਾ ਜਨਮ ਹੋਇਆ ?

ਕਿਤ੍ਰਵੇ (ਜ਼ਾਂਬੀਆ) — ਅੰਤਰ ਰਾਸ਼ਟਰੀ ਪੱਧਰ ਦੇ ਤਿੰਨ ਏਡਜ਼ ਮਾਹਿਰਾਂ ਨੇ ਆਮ ਤੌਰ ਤੇ ਪ੍ਰਚਲਿਤ ਇਸ ਧਾਰਣਾ ਨੂੰ ਅਪ੍ਰਵਾਨ ਕਰ ਦਿੱਤਾ ਹੈ ਕਿ ਅਫਰੀਕੀ ਨਸਲ ਦੇ ਇਕ ਬਾਂਦਰ ਦੁਆਰਾ ਇਕ ਵਿਅਕਤੀ ਨੂੰ ਕਟ ਲੈਣ ਦੇ ਕਾਰਣ ਏਡਜ਼ ਬਿਮਾਰੀ ਦਾ ਜਨਮ ਹੋਇਆ ਹੈ। ਪਾਨਾ ਪ੍ਰੂਲ ਅਨੁਸਾਰ ਇਨ੍ਹਾਂ ਮਾਹਿਰਾਂ ਦਾ ਕਹਿਣਾ ਹੈ ਕਿ ਏਡਜ਼ ਅਫਰੀਕਾ ਵਿਚ ਨਹੀਂ ਸਗੋਂ ਅਮਰੀਕਾ ਵਿਚ ਪਨਪਿਆ ਹੈ। ਅਜਿਹਾ ਭਰੋਸਾ ਕੀਤਾ ਜਾਂਦਾ ਹੈ ਕਿ ਇਕ ਪ੍ਰਯੋਗ ਦੌਰਾਨ ਅਮਰੀਕੀ ਸਾਇੰਸਦਾਨਾਂ ਨੇ ਲੈਬਾਰੇਟਰੀ ਵਿਚ ਏਡਜ਼ ਦੇ ਇਸ ਜਾਨ ਲੇਵਾ ਵਾਇਰਸ ਨੂੰ ਦੇਖਿਆ ਸੀ। ਪਰ ਉਸਦੇ ਗਲਤ ਦਿਸ਼ਾ ਵਿਚ ਚਲੇ ਜਾਣ ਨਾਲ ਇਹ ਭਿਆਨਕ ਬਿਮਾਰੀ ਫੈਲ ਗਈ।

ਬਰਤਾਨੀਆ ਦੇ ਮਾਹਿਰ ਡਾਕਟਰ ਜਾਨ ਸੀਲ, ਅਫਰੀਕਾ ਦੇ ਡਾਕਟਰ ਰਾਬਰਟ ਸਟੇਂਕਰ ਅਤੇ ਪੂਰਬੀ ਜਰਮਨੀ ਦੇ ਡਾ. ਜੈਕਬ ਸੇਗਲ ਨੇ ਦਾਅਵਾ ਕੀਤਾ ਹੈ ਕਿ ਕੈਂਸਰ ਦਾ ਇਲਾਜ ਲੱਭਣ ਦੇ ਯਤਨ ਵਿਚ ਅਮਰੀਕੀ ਸਾਇੰਸਦਾਨਾਂ ਨੇ ਭੇਡਾਂ ਵਿਚ ਪਾਏ ਜਾਣ ਵਾਲੇ ਵਾਇਰਸ ਪਾਇਟੀ-ਵਿਸਨਾ ਅਤੇ ਮਾਨਵ ਸਰੀਰ ਵਿਚ ਪਾਏ ਜਾਣ ਵਾਲੇ ਚਿਟੇ ਖ਼ੂਨ ਦੇ ਟੀ. ਸੈਲ ਵਾਇਰਸ ਟਾਈਪ-1 ਨੂੰ ਮਿਲਾ ਕੇ ਇਕ ਪ੍ਰਯੋਗ ਕੀਤਾ — ਜਿਸ ਨਾਲ ਏਡਜ਼ ਦਾ ਵਾਇਰਸ ਦਾ ਜਨਮ ਹੋਇਆ। ਡਾ. ਸੇਗਲ ਦਾ ਕਹਿਣਾ ਹੈ ਕਿ ਏਡਜ਼ ਦਾ ਕਾਰਣ ਲੱਭਣ ਵਿਚ ਇਕ ਅਫਰੀਕੀ ਬਾਂਦਰ ਵਲੋਂ ਕਟੇ ਜਾਣਾ ਹਾਸਾਪੂਰਨ ਤੇ ਬੇਭਰੋਸਗੀ ਵਾਲਾ ਹੈ। ਉਨ੍ਹਾਂ ਨੇ ਇਸ ਸਿਧਾਂਤ ਦਾ ਮਖੌਲ ਉਡਾਇਆ ਅਤੇ ਕਿਹਾ ਕਿ ਅੰਤ ਇਹ ਬਾਂਦਰ ਸਦੀਆਂ ਤੋਂ ਅਫਰੀਕੀਆਂ ਨੂੰ ਕੱਟਦੇ ਰਹੇ ਹੋਣਗੇ ਫਿਰ ਏਡਜ਼ ਕੁਝ ਸਾਲ ਪਹਿਲਾਂ ਹੀ ਕਿਉਂ ਫੈਲੀ।

# ਦੁਨੀਆਂ ਦੀ ਆਬਾਦੀ ਵਿਚ ਹਰ ਦਿਨ 22 ਲੱਖ ਦਾ ਵਾਧਾ ਹੁੰਦਾ ਹੈ!

ਨਵੀਂ ਦਿੱਲੀ — ਦੁਨੀਆਂ ਦੀ ਆਬਾਦੀ 2022 ਤਕ ਅੱਠ ਅਰਬ ਦੇ ਅੰਕੜੇ ਨੂੰ ਪਾਰ ਕਰ ਜਾਵੇਗੀ। ਆਬਾਦੀ ਵਿਚ ਹੋਣ ਵਾਲੇ ਸਾਲਾਨਾ ਵਾਧੇ ਦੀ ਲਗ ਪਗ 65 ਫੀਸਦੀ ਗਰੀਬ ਵਿਕਾਸਸ਼ੀਲ ਦੇਸ਼ਾਂ ਵਿਚ ਹੁੰਦੀ ਹੈ, 2050 ਤਕ ਇਹ ਅਨੁਪਾਤ ਵੱਧ ਕੇ 72 ਪ੍ਰਤੀਸ਼ਤ ਹੋ ਜਾਵੇਗਾ। ਵਿਸ਼ਵ ਆਬਾਦੀ ਬਾਰੇ ਸੰਯੁਕਤ ਰਾਸ਼ਟਰ ਦੀ ਇਕ ਰੀਪੋਰਟ ਅਨੁਸਾਰ 1987 ਵਿਚ ਦੁਨੀਆਂ ਦੀ ਆਬਾਦੀ ਪੰਜ ਅਰਬ ਨੂੰ ਪਾਰ ਕਰ ਗਈ ਹੈ ਅਤੇ ਇਸ ਸਦੀ ਦੇ ਅੰਤ ਤਕ ਆਬਾਦੀ ਛੇ ਅਰਬ ਅਤੇ 2022 ਤਕ ਅੱਠ ਅਰਬ ਹੋ ਜਾਵੇਗੀ। ਭਾਵ ਕਿ ਹਰ ਮਿੰਟ ਵਿਚ ਆਬਾਦੀ ਵਿਚ 150 ਅਤੇ ਹਰ ਦਿਨ ਵਿਚ 22 ਲੱਖ ਅਤੇ ਹਰ ਸਾਲ ਅੱਠ ਕਰੋੜ ਆਦਮੀ ਜੁੜ ਜਾਦੇ ਹਨ। ਆਬਾਦੀ ਵਿਚ 90 ਪ੍ਰਤੀਸ਼ਤ ਵਾਧਾ ਵਿਕਾਸਸ਼ੀਲ ਦੇਸ਼ਾਂ ਵਿਚ ਹੁੰਦਾ ਹੈ।

ਪਰ ਆਬਾਦੀ ਵਿਚ ਵਾਧੇ ਦਾ ਅਨੁਪਾਤ ਵਿਕਾਸਸ਼ੀਲ ਅਤੇ ਵਿਕਸਿਤ ਦੇਸ਼ਾਂ ਵਿਚ ਦੋ ਸਿਰਿਆਂ 'ਤੇ ਹੈ। ਜ਼ਿਆਦਾ ਵਿਕਸਤ ਦੇਸ਼ਾਂ ਵਿਚ 1960 ਦੇ ਦਹਾਕੇ ਤੋਂ ਆਬਾਦੀ ਵਿਚ ਵਾਧੇ ਦੀ ਦਰ ਕਾਫੀ ਘਟ ਰਹੀ ਹੈ ਜਦੋਂ ਕਿ ਵਿਕਾਸਸ਼ੀਲ ਦੇਸ਼ਾਂ ਦੀ ਆਬਾਦੀ ਦਾ ਵਾਧਾ ਇਨ੍ਹਾਂ ਦੇਸ਼ਾਂ ਦੇ ਮੁਕਾਬਲੇ ਤਿੰਨ ਗੁਣਾਂ ਨਾਲੋਂ ਵੀ ਜ਼ਿਆਦਾ ਹੈ। ਇਸ ਸਮੇਂ ਦੁਨੀਆਂ ਦੀ ਆਬਾਦੀ ਦਾ 75 ਫੀਸਦੀ ਤੋਂ ਵੱਧ ਹਿਸਾ ਵਿਕਾਸਸ਼ੀਲ ਦੇਸ਼ਾਂ ਵਿਚ ਹੋ ਰਿਹਾ ਹੈ। ਵਿਕਾਸਸ਼ੀਲ ਦੇਸ਼ਾਂ ਦੀ ਜੀਵਨ ਦਰ ਅਤੇ ਬੱਚਿਆਂ ਦੀ ਮੌਤ ਦਰ ਵਿਚ ਕਾਫੀ ਸੁਧਾਰ ਹੋਇਆ ਹੈ। ਇਸ ਸਦੀ ਦੀ ਸ਼ੁਰੂਆਤ ਵਿਚ ਜ਼ਿਆਦਾ ਵਿਕਸਿਤ ਦੇਸ਼ਾਂ ਵਿਚ ਜੀਵਨ ਦਰ ਅਤੇ ਬੱਚਿਆਂ ਦੀ ਮੌਤ ਦਰ ਦਾ ਜੋ ਔਸਤ ਸੀ, ਵਿਕਾਸਸ਼ੀਲ ਦੇਸ਼ਾਂ ਵਿਚ ਵੀ ਹੁਣ ਘੱਟ ਜਾਂ ਵੱਧ ਉਹੀ ਸਥਿਤੀ ਹੈ।

# ਫਾਰੂਕ ਅਬਦੂੱਲਾ ਵਲੋਂ ਫਿਰਕੂ ਤਾਕਤਾਂ ਵਿਰੁੱਧ ਲੜਨ ਦਾ ਸੱਦਾ

ਅਲੀਗੜ੍ਹ — ਜੰਮੂ ਤੇ ਕਸ਼ਮੀਰ ਦੇ ਮੁਖ ਮੰਤਰੀ ਡਾਕਟਰ ਅਬਦੁੱਲਾ ਨੇ ਵਿਦਿਆਰਥੀਆਂ ਨੂੰ ਸੁਚੇਤ ਕੀਤਾ ਹੈ ਕਿ ਉਹ ਫਿਰਕੂ ਅਤੇ ਪਿਛਾਖੜੀ ਸਿਆਸਤਦਾਨਾਂ ਦੀਆਂ ਮਨਹੂਸ ਤੇ ਭੱਦੀਆਂ ਚਾਲਾਂ ਦੇ ਸ਼ਿਕਾਰ ਨਾ ਹੋਣ। ਉਹਨਾਂ ਕਿਹਾ ਕਿ ਇਹ ਫਿਰਕੂ ਸਿਆਸਤਦਾਨ ਆਪਣੇ ਸੁਆਰਥੀ ਉਦੇਸ਼ਾਂ ਦੀ ਪੂਰਤੀ ਲਈ ਫਿਰਕਾਪ੍ਰਸਤੀ ਦਾ ਪ੍ਰਚਾਰ ਕਰ ਰਹੇ ਹਨ।

ਡਾਕਟਰ ਅਬਦੁੱਲਾ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦੇ ਬੁਨਿਆਦ ਦਿਵਸ ਦੇ ਮੌਕੇ ਤੇ ਹੋਏ ਸਮਾਰੋਹ ਵਿਚ ਬੋਲ ਰਹੇ ਸਨ। ਉਹਨਾਂ ਵਿਦਿਆਰਥੀਆਂ ਨੂੰ ਕਿਹਾ ਕਿ ਉਹ ਦੇਸ਼ ਲਈ ਆਸ ਦੀ ਕਿਰਨ ਬਣ ਜਾਣ। ਕਨੇਡੀ ਹਾਲ 'ਚ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਸੰਬੋਧਨ ਕਰਦਿਆਂ ਡਾਕਟਰ ਅਬਦੁੱਲਾ ਨੇ ਕਿਹਾ ਕਿ ਫਿਰਕੂ ਤਾਕਤਾਂ ਵਿਰੁਧ ਸੰਘਰਸ਼ ਇਕਮੁੱਠ ਹੋ ਕੇ ਕੀਤਾ ਜਾਣਾ ਚਾਹੀਦਾ ਹੈ।

ਜੰਮੂ ਤੇ ਕਸ਼ਮੀਰ ਵਿਚ ਪਿਛਾਖੜੀ ਤਾਕਤਾਂ ਦੀਆਂ ਸਰਗਰਮੀਆਂ ਦਾ ਜ਼ਿਕਰ ਕਰਦਿਆਂ ਉਹਨਾਂ ਕਿਹਾ ਕਿ ਉਹਨਾਂ ਦੇ ਸੂਬੇ ਵਿਚ ਕੁਝ ਗੁੰਮਰਾਹ ਹੋਏ ਲੋਕ ਹਨ ਜਿਹੜੇ ਕਿ ਉਤਸ਼ਾਹ ਅਤੇ ਸਹਾਇਤਾ ਲਈ ਗੁਆਂਢੀ ਦੇਸ਼ ਤੇ ਟੇਕ ਰਖਦੇ ਹਨ। ਇਸ ਤੋਂ ਪਹਿਲਾਂ ਉਹਨਾਂ ਦੇ ਐਮ ਯੂ ਦੇ ਵਿਦਿਆਰਥੀਆਂ ਲਈ ਆਪਣੇ ਸੂਬੇ ਦੀ ਤਰਫੋ ਪੰਜ ਲੱਖ ਰੁਪਏ ਦੇ ਸਾਲਾਨਾ ਵਜੀਫਿਆਂ ਦਾ ਐਲਾਨ ਕੀਤਾ ਸੀ। ਏ. ਐਮ. ਯੂ. ਦੇ ਵਾਈਸ ਚਾਂਸਲਰ ਨੇ ਐਲਾਨ ਕੀਤਾ ਕਿ ਏ. ਐਮ. ਯੂ. ਵਿਦਿਆਰਥੀ ਯੂਨੀਅਨ ਦੀਆਂ ਚੋਣਾਂ ਪੰਜਾਂ ਸਾਲਾਂ ਪਿਛੋਂ ਇਸ ਸਾਲ ਦਸੰਬਰ ਵਿਚ ਕਰਵਾਈਆਂ ਜਾਣਗੀਆਂ।


## ਏ. ਡੀ. ਬਾਰੀਆ ਐਲ. ਐਲ. ਬੀ.
## ਵਕੀਲ

ਜੋ ਤੁਹਾਡੇ ਨਾਲ ਪੰਜਾਬੀ ਵਿਚ ਗੱਲਬਾਤ ਕਰ ਸਕਦੇ ਹਨ

- ਪਰਸਨਲ ਸੱਟਾਂ
- ਫੈਮਿਲੀ ਮਾਮਲੇ ਤੇ ਡਾਈਵੋਰਸ
- ਰੀਅਲ ਇਸਟੇਟ ਦੇ ਮਾਮਲੇ

ਹੋਰ ਕਿਸੇ ਵੀ ਕਾਨੂੰਨੀ ਸਲਾਹ ਲਈ ਮਿਲੋ — ਮਸ਼ਵਰਾ ਮੁਫ਼ਤ ਦੇਣਗੇ

**Arsad Dara Baria LL.B.**

**Lawyer**

Ste. 209-6330 Fraser St., Vancouver, B.C.

**Ph. 321-8300**



## ਰੂਫਿੰਗ ਲਈ ਦਸ ਕਾਮਿਆਂ ਦੀ ਲੋੜ

ਰਿਵਰਵੀਊ ਰੂਫਿੰਗ ਕੰਪਨੀ ਨੂੰ ਦਸ ਕਾਮਿਆਂ ਦੀ ਲੋੜ ਹੈ ਜੋ ਰੂਫਿੰਗ ਦੇ ਕੰਮ ਲਈ ਚਾਹੀਦੇ ਹਨ। ਤਨਖਾਹ ਤਜਰਬੇ ਅਨੁਸਾਰ ਪੰਜ ਤੋਂ 8 ਡਾਲਰ ਪ੍ਰਤੀ ਘੰਟਾ ਹੋਵੇਗੀ। ਕੰਮ ਛੇ ਦਿਨ ਹਫਤੇ ਦੇ ਹੋਵੇਗਾ।

ਹੋਰ ਜਾਣਕਾਰੀ ਲਈ ਫੋਨ ਕਰੋ :

**ਕੈਲ ਗਿੱਲ — 290-7149**

ਸ਼ਾਮ ਨੂੰ ਫੋਨ ਕਰੋ :

**590-0771**

**ਜਾ 596-3089**

ਅੰਗਰੇਜ਼ੀ ਵਿਚ ਗੱਲ ਕਰਨੀ ਹੋਵੇ ਤਾਂ ਦਫਤਰ ਦਾ ਫੋਨ ਇਹ ਹੈ :

**591-8700**



## ਵੈਨਕੂਵਰ ਦੀ ਪੰਜਾਬੀ ਮਾਰਕਿਟ ਵਿਚ ਸੂਟ ਸਾੜ੍ਹੀਆਂ ਵਧੀਆ ਪਰਦੇ ਬਣਾਉਣ ਲਈ ਇਕੋ ਇਕ ਭਰੋਸੇ ਯੋਗ ਸਟੋਰ




**SHAN SAREES & DRAPERY LTD.**

*Serving you since 1970*

## ਸਾਡੇ ਤਜਰਬੇ ਦਾ ਲਾਭ ਉਠਾਉਣ ਲਈ ਅੱਜ ਹੀ ਮੁਫ਼ਤ ਐਸਟੀਮੇਟ ਲਈ ਫ਼ੋਨ ਕਰੋ ਜਾਂ ਦਰਸ਼ਨ ਦਿਓ

**6543 Main St., Vancouver, B.C.**

**Ph. 321-1955, 321-0847**



## 'ਕੈਨੇਡਾ ਦਰਪਣ' ਦੇ ਚੰਦੇ ਦਾ ਫ਼ਾਰਮ
## SUBSCRIPTION FORM

To The Canada Darpan
P.O.BOX 265
Surrey, B.C.
Canada, V3T 4W8
Ph. 581-4473

I am enclosing a ☐ cheque ☐ M.O. ☐ Draft as my Subscription for the year(s)....... I may be sent the newspaper at the following address :

Name.........................................
Address.........................................
City.........................................
Province.........................................
Postal code.........................................
PHONE.

| | |
|---|---|
| One Year .................... | 25 dollars |
| Two Year .................... | 45 dollars |
| Three year .................. | 65 dollars |
| Life membership.......... | 300 dollars |
| ASIA.......................... | 100 dollars[a year] |
| U.S.A. ...................... | 30 dollars [a year] |
| Europe ...................... | 100 dollars[a year] |
| Africa ....................... | 100 dollars [a year] |

# ਸੂਬਿਆਂ ਦਾ ਸਰਵੇਖਣ — ਇਨਸਾਫ

# ਜਨਤਾ ਨੂੰ ਖਿਚਣ ਦੀ ਕਲਾ

ਦੇਸ਼ ਦੇ ਸਭ ਤੋਂ ਸੰਘਣੀ ਆਬਾਦੀ ਵਾਲੇ ਪ੍ਰਾਂਤ ਬਿਹਾਰ ਵਿਚ ਸ੍ਰੀ ਵੀ. ਪੀ. ਸਿੰਘ ਨੇ ਭਾਵੇਂ ਆਪਣੀ ਜਨ ਮੋਰਚਾ ਮੁਹਿਮ ਸ਼ੁਰੂ ਕਰ ਦਿੱਤੀ ਹੈ ਪਰ ਫਿਰ ਵੀ ਉਥੇ ਉਸ ਦਾ ਰਾਜਨੀਤਕ ਅਸਰ ਨਜ਼ਰ ਨਹੀਂ ਆ ਰਿਹਾ। ਇਹ ਮੁਹਿਮ ਭ੍ਰਿਸ਼ਟਾਚਾਰ ਅਤੇ ਰਾਜੀਵ ਸਰਕਾਰ ਦੇ ਵਿਰੋਧ ਵਿਚ ਸ਼ੁਰੂ ਕੀਤੀ ਗਈ ਹੈ। ਸ੍ਰੀ ਸਿੰਘ ਅਤੇ ਉਸ ਦੇ ਸਾਥੀ ਜਨਤਾ ਨੂੰ ਇਕੱਠੇ ਕਰਨ ਅਤੇ ਖਿਚਣ ਦੀ ਕਲਾ ਜਾਣਦੇ ਹਨ। ਇਹ ਉਸ ਸਮੇਂ ਸਿੱਧ ਹੋਇਆ ਜਦੋਂ ਪਟਨਾ ਵਿਚ ਇਤਿਹਾਸਕ ਗਾਂਧੀ ਮੈਦਾਨ ਵਿਚ ਇਕ ਲੱਖ ਲੋਕਾਂ ਨੇ ਮੀਟਿੰਗ ਵਿਚ ਹਿਸਾ ਲਿਆ। ਲੋਕ ਦਲ (ਬ) ਅਤੇ ਜਨਤਾ ਪਾਰਟੀ ਦੇ ਪ੍ਰਤੀਨਿਧ ਵੀ ਮੌਜੂਦ ਸਨ। ਪਰ ਇਨ੍ਹਾਂ ਦੋਹਾਂ ਪਾਰਟੀਆਂ ਦੇ ਕੌਮੀ ਪੱਧਰ ਦੇ ਨੇਤਾ ਕਿਤੇ ਦਿਖਾਈ ਨਹੀਂ ਦੇ ਰਹੇ ਸਨ। ਮਿਸਾਲ ਵਜੋਂ ਲੋਕ ਦਲ (ਬ) ਦੇ ਕਰਪੂਰੀ ਠਾਕੁਰ ਮੀਟਿੰਗ ਵਿਚ ਦਿਖਾਈ ਨਹੀਂ ਦਿੱਤੇ। ਸ੍ਰੀ ਠਾਕੁਰ ਨੇ ਬਿਹਾਰ ਵਿਚ ਹਰਿਆਣਾ ਵਰਗੀ ਮੁਹਿਮ ਚਲਾਉਣ ਦੀ ਯੋਜਨਾ ਬਣਾਈ ਹੈ। ਮੀਟਿੰਗ ਵਿਚ ਇਸ ਪਾਰਟੀ ਦੀ ਅਗਵਾਈ ਸ੍ਰੀ ਰਘੂਬੰਸ ਪ੍ਰਸਾਦਿ ਅਤੇ ਜਗਤਾਨੰਦ ਸਿੰਘ ਨੇ ਕੀਤੀ। ਭਾਵੇਂ ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਕਾਂਗਰਸ (ਆਈ) ਦੇ ਕਾਰਕੁਨਾਂ ਨੇ ਇਸ ਨੂੰ ਪੂਰੀ ਤਰ੍ਹਾਂ ਠੁਕਰਾਇਆ ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਬਿਹਾਰ ਵਿਚ ਯੂ. ਪੀ. ਵਾਂਗ ਸੱਤਾਧਾਰੀ ਪਾਰਟੀ ਵਿਚ ਵਿਦਰੋਹ ਉਪਰ ਤਕ ਪਹੁੰਚ ਚੁਕਾ ਹੈ।

**

ਭਾਜਪਾ ਨੂੰ ਜਨਤਾ ਪਾਰਟੀ ਦਾ ਤਜਰਬਾ ਅਤੇ 1974-75 ਦੇ ਜੇ. ਪੀ. ਅੰਦੋਲਨ ਦਾ ਮਹੱਤਵਪੂਰਨ ਅੰਗ ਮੰਨਿਆ ਜਾਂਦਾ ਹੈ। ਹੁਣ ਕਮਿਊਨਿਸਟ ਵਿਰੋਧੀ ਪਾਰਟੀਆਂ ਅਤੇ ਵੀ. ਪੀ. ਸਿੰਘ ਮਿਸ਼ਰਣ ਵਿਚ ਉਸ ਨੂੰ ਕੋਈ ਖਾਸ ਮਹੱਤਵ ਨਹੀਂ ਦਿੱਤਾ ਜਾ ਰਿਹਾ ਪਰ ਭਾਜਪਾ ਇਸ ਤੋਂ ਰਤਾ ਵੀ ਚਿੰਤਤ ਨਹੀਂ ਹੈ। ਨਵੀਂ ਦਿੱਲੀ ਵਿਚ ਰਾਜੀਵ ਸਰਕਾਰ ਨੂੰ ਅਹੁਦਿਓਂ ਲਾਹੁਣ ਲਈ ਇਸ ਪਾਰਟੀ ਨੇ ਆਪਣੀ ਵੱਖਰੀ ਨੀਤੀ ਬਣਾਈ ਹੈ ਅਤੇ ਉਹ ਪਹਿਲੀ ਨਵੰਬਰ ਤੋਂ ਕੌਮੀ ਪੱਧਰ 'ਤੇ ਅੰਦੋਲਨ ਸ਼ੁਰੂ ਕਰ ਰਹੀ ਹੈ। ਭੀੜਾਂ ਇਕੱਠੀਆਂ ਕਰਨ ਦੀ ਸ਼ਕਤੀ ਰੱਖਣ ਵਾਲੇ ਸ੍ਰੀ ਅੱਟਲ ਬਿਹਾਰੀ ਵਾਜਪਾਈ ਕਾਫੀ ਸਮੇਂ ਤੋਂ ਚੁੱਪ ਸਨ। ਹੁਣ ਉਹ ਇਕ ਉਚ-ਪੱਧਰੀ ਸੰਘਰਸ਼ ਸਮਿਤੀ ਦੇ ਪ੍ਰਧਾਨ ਵਜੋਂ ਸਾਰੀ ਤਾਕਤ ਨਾਲ ਦ੍ਰਿਸ਼ 'ਤੇ ਛਾਏ ਰਹਿਣਗੇ। ਕਮੇਟੀ ਬਨਾਉਣ ਦਾ ਫੈਸਲਾ ਪਾਰਟੀ ਦੀ ਕੌਮੀ ਕਾਰਜਕਾਰਨੀ ਕਮੇਟੀ ਦੇ ਜੋਧਪੁਰ ਵਿਚ ਪਿਛਲੇ ਹਫਤੇ ਬੁਲਾਈ ਬੈਠਕ ਦੌਰਾਨ ਕੀਤਾ ਗਿਆ ਸੀ। ਆਮ ਆਦਮੀ ਨੂੰ ਪ੍ਰਭਾਵਿਤ ਕਰਨ ਵਾਲੇ ਅੱਠਾਂ ਮਸਲਿਆਂ 'ਤੇ ਅੰਦੋਲਨ ਆਪਣਾ ਧਿਆਨ ਕੇਂਦਰਤ ਕਰੇਗਾ। ਉਹ ਉਹੀ ਮਸਲੇ ਹਨ ਜਿਨ੍ਹਾਂ ਦੀ ਚਰਚਾ ਹਰਿਆਣਾ ਸਥਿਤ ਸੂਰਜਕੁੰਡ ਵਿਚ ਵਿਰੋਧੀ ਪਾਰਟੀਆਂ ਵਲੋਂ ਬੁਲਾਈ ਗਈ ਕਨਵੈਨਸ਼ਨ ਵਿਚ ਕੀਤੀ ਗਈ ਸੀ। ਪਰ ਭਾਜਪਾ ਨੇ ਆਪਣਾ ਵੱਖਰਾ ਰਸਤਾ ਬਨਾਉਣ ਦਾ ਫੈਸਲਾ ਕੀਤਾ ਹੈ। ਉਹ ਕੌਮੀ ਮਸਲਿਆਂ ਨੂੰ ਕਈ ਕਦਮਾਂ ਦੁਆਰਾ ਚੁਕੇਗੀ। ਪਹਿਲਾ ਕਦਮ ਪਿੰਡ ਪੱਧਰ 'ਤੇ ਭੁੱਖ ਹੜਤਾਲ ਕੀਤੀ ਜਾਵੇਗੀ ਅਤੇ ਫਿਰ ਸਾਰੇ ਦੇਸ਼ ਵਿਚ ਸਤਿਆਗ੍ਰਹਿ ਤੇ ਜੇਲ੍ਹ 'ਭਰੋ' ਅੰਦੋਲਨ ਚਲਾਇਆ ਜਾਵੇਗਾ।

**

ਹਾਲ ਹੀ ਵਿਚ ਸਰਬ ਭਾਰਤੀ ਕਾਂਗਰਸ ਕਮੇਟੀ ਨੇ ਪ੍ਰਾਂਤਾਂ ਵਿਚ ਪਾਰਟੀ ਨੂੰ ਪੁਨਰਗਠਨ ਕੀਤਾ ਹੈ। ਨਵੇਂ ਜਨਰਲ ਸਕੱਤਰਾਂ ਨੇ ਆਪਣੇ ਆਪਣੇ ਪ੍ਰਾਂਤਾਂ ਦਾ ਦੌਰਾ ਕੀਤਾ ਹੈ ਜਿਨ੍ਹਾਂ ਪ੍ਰਾਂਤਾਂ ਦੀ ਜ਼ਿਮੇਵਾਰੀ ਉਨ੍ਹਾਂ ਨੂੰ ਸੌਂਪੀ ਗਈ ਸੀ। ਜ਼ਿਲਾ ਅਤੇ ਤਹਿਸੀਲ ਪੱਧਰ 'ਤੇ ਜਥੇਬੰਦੀ ਨੂੰ ਦੁਬਾਰਾ ਕਾਇਮ ਕੀਤਾ ਜਾ ਰਿਹਾ ਹੈ। ਹਰਿਆਣਾ ਵਿਚ ਹਾਈ ਕਮਾਂਡ ਨੇ ਸਾਰੇ 13 ਜ਼ਿਲਿਆਂ ਵਿਚ ਕਾਂਗਰਸ (ਆਈ) ਕਮੇਟੀਆਂ ਨੂੰ ਰੱਦ ਕਰ ਦਿੱਤਾ ਹੈ ਹਰਿਆਣਾ ਦੇ ਦੇਖ ਭਾਲ ਕਰ ਰਹੇ ਜਨਰਲ ਸਕੱਤਰ ਸ੍ਰੀ ਐਨ. ਸੀ. ਚਤਰਵੇਦੀ ਨੇ ਐਲਾਨ ਕੀਤਾ ਹੈ ਕਿ ਨਵੀਆਂ ਕਮੇਟੀਆਂ ਦਾ ਐਲਾਨ ਇਕ ਮਹੀਨੇ ਦੇ ਅੰਦਰ ਅੰਦਰ ਕਰ ਦਿੱਤਾ ਜਾਵੇਗਾ। ਹਾਲ ਹੀ ਵਿਚ ਬਣੀ ਦੇਵੀ ਲਾਲ ਸਰਕਾਰ ਦੇ ਵਿਰੁਧ ਅਸੰਤੋਖ ਦੀਆਂ ਕੁਝ ਰਿਪੋਰਟਾਂ ਮਿਲੀਆਂ ਹਨ। ਇਸ ਨੂੰ ਮੱਦੇਨਜ਼ਰ ਰੱਖਦੇ ਹੋਏ ਕਾਂਗਰਸ (ਆਈ) ਲੋਕ ਦਲ ਦੀਆਂ ਪ੍ਰਬੰਧਕੀ ਕਮਜ਼ੋਰੀਆਂ 'ਤੇ ਰੌਸ਼ਨੀ ਪਾਵੇਗੀ ਅਤੇ ਪਾਰਟੀ ਨੂੰ ਅਗਲੀਆਂ ਚੋਣਾਂ ਲਈ ਤਿਆਰ ਕਰੇਗੀ।

ਕੇਂਦਰ ਵਲੋਂ ਅਪਣਾਈ ਗਈ ਕਰਜ਼ਿਆਂ ਦੀ ਪ੍ਰਣਾਲੀ ਵਿਚ ਕਰਨਾਟਕ ਕੁਝ ਤਬਦੀਲੀਆਂ ਚਾਹੁੰਦਾ ਹੈ। ਉਨ੍ਹਾਂ ਨੇ ਨਵੀਂ ਦਿੱਲੀ ਨਾਲ ਸੰਪਰਕ ਸਥਾਪਤ ਕੀਤਾ ਹੈ। ਉਹ ਚਾਹੁੰਦੇ ਹਨ ਕਿ ਬੱਚਤ ਦੇ ਖੇਤਰ ਵਿਚ ਉਨ੍ਹਾਂ ਦੇ ਯਤਨ ਕਾਰਗਰ ਸਾਬਤ ਹੋਣ। ਇਸ ਵੇਲੇ ਜੋ ਪ੍ਰਣਾਲੀ ਹੈ ਉਸ ਵਿਚ ਉਨ੍ਹਾਂ ਦੀ ਕੁਲ ਬਚਤ ਦਾ 75 ਪ੍ਰਤੀਸ਼ਤ ਹਿਸਾ ਵੰਡ ਹੁੰਦਾ ਹੈ। ਕਰਨਾਟਕ ਵਿਚ ਬਚਤ ਵੱਡੇ ਪੈਮਾਨੇ 'ਤੇ ਹੋ ਰਹੀ ਹੈ ਅਤੇ ਇਸ ਵੰਡ ਤੋਂ ਪ੍ਰਾਂਤ ਸੰਤੁਸ਼ਟ ਨਹੀਂ ਹੈ। ਪ੍ਰਾਂਤਕ ਸਰਕਾਰ ਮਹਿਸੂਸ ਕਰਦੀ ਹੈ ਕਿ ਇਹ ਪ੍ਰਣਾਲੀ ਤਰਕ ਸੰਗਤ ਨਹੀਂ। ਪਿਛਲੇ ਤਿੰਨ ਵਰ੍ਹਿਆਂ ਵਿਚ ਕੌਮੀ ਬਚਤ ਦੇ ਖੇਤਰ ਵਿਚ ਪ੍ਰਾਂਤ ਦਾ ਸਥਾਨ ਸਭ ਤੋਂ ਉਪਰ ਜਾ ਰਿਹਾ ਹੈ। ਮੌਜੂਦਾ ਪ੍ਰਣਾਲੀ ਅਧੀਨ ਕਰਨਾਟਕ ਦਾ ਹਿਸਾ 45 ਕਰੋੜ ਰੁਪਏ ਹੈ ਜਦੋਂ ਕਿ ਅਗਸਤ ਮਹੀਨੇ ਤਕ 145 ਕਰੋੜ ਰੁਪਏ ਇਕੱਠੇ ਹੋ ਚੁਕੇ ਸਨ। 75 ਪ੍ਰਤੀਸ਼ਤ ਦੇ ਹਿਸਾਬ ਨਾਲ ਪ੍ਰਾਂਤ ਨੂੰ 108 ਕਰੋੜ ਰੁਪਏ ਮਿਲਣੇ ਚਾਹੀਦੇ ਸਨ। ਲੰਮੇ ਸਮੇਂ ਦੀ ਜਮ੍ਹਾਂ ਰਾਸ਼ੀ ਵਿਚ ਕੀਤੀ ਜਾਣ ਵਾਲੀ ਕਟੌਤੀ ਪਿਛੋਂ ਛੇ ਕਰੋੜ ਰੁਪਏ ਬਚੇ ਰਹਿ ਗਏ।

ਹਾਲ ਹੀ ਵਿਚ ਦਿੱਲੀ ਵਿਚ ਲਘੂ ਬੱਚਤਾਂ ਦੇ ਰਾਜ ਮੰਤਰੀਆਂ ਦੀ ਮੀਟਿੰਗ ਹੋਈ ਸੀ। ਕਰਨਾਟਕ ਵਲੋਂ ਰੱਖੇ ਗਏ ਸੁਝਾਅ ਤੇ ਕੇਂਦਰੀ ਵਿੱਤ ਮੰਤਰੀ ਦਾ ਧਿਆਨ ਕੇਂਦਰਤ ਕੀਤਾ ਗਿਆ ਹੈ। ਕਰਜ਼ਿਆਂ ਦਾ ਫੈਸਲਾ ਇਕ ਸਾਲ ਵਿਚ ਜਮ੍ਹਾਂ ਹੋਏ ਕੁੱਲ ਧਨ ਦੀ ਥਾਂ 'ਤੇ ਮਾਹਵਾਰ ਪੱਧਰ 'ਤੇ ਕੀਤਾ ਜਾਂਦਾ ਹੈ। ਡਾਕਖਾਨਿਆਂ ਵਿਚ ਕਰਮਚਾਰੀਆਂ ਦੇ ਪ੍ਰਾਵੀਡੈਂਟ ਫੰਡ ਵਿਚੋਂ ਪੂੰਜੀ ਨਿਵੇਸ਼ ਵਿਚ ਹੋਈ ਤਬਦੀਲੀ ਤੋਂ ਕਰਨਾਟਕ ਪ੍ਰਭਾਵਿਤ ਹੋਇਆ ਹੈ। ਇਸ ਯੋਜਨਾ ਨਾਲ ਕਰਨਾਟਕ ਨੂੰ 1985-86 ਵਿਚ 63 ਕਰੋੜ ਰੁਪਏ ਮਿਲੇ ਸਨ। ਇਹ ਧਨ 1983-84 ਵਿਚ ਪ੍ਰਾਪਤ ਰਾਸ਼ੀ ਤੋਂ ਦੁੱਗਣਾ ਹੈ। 1986-87 ਵਿਚ ਇਸ ਵਿਚ ਭਾਰੀ ਕਮੀ ਆਈ। ਇਸੇ ਸਾਲ ਨੀਤੀ ਵਿਚ ਪ੍ਰੀਵਰਤਨ ਕੀਤਾ ਗਿਆ ਸੀ।

**

ਸੋਕੇ ਅਤੇ ਹੜ੍ਹਾਂ ਕਾਰਨ ਚਾਰੇ ਦੀ ਆਮ ਕਮੀ ਹੋ ਜਾਂਦੀ ਸੀ। ਨਵੀਂ ਦਿੱਲੀ ਨੇ ਅਨਾਜ ਦੇ ਭੰਡਾਰਾਂ ਵਾਂਗੂ ਚਾਰਾ ਬੈਂਕ ਬਨਾਉਣ ਦਾ ਫੈਸਲਾ ਕੀਤਾ ਹੈ। ਗੁਜਰਾਤ ਅਤੇ ਰਾਜਸਥਾਨ ਵਿਚ ਪਸ਼ੂਆਂ ਲਈ ਚਾਰੇ ਦੀ ਭਾਰੀ ਕਮੀ ਹੈ ਜਦੋਂ ਕਿ ਪੰਜਾਬ, ਹਰਿਆਣਾਂ, ਮਹਾਂਰਾਸ਼ਟਰ ਅਤੇ ਉਤਰ ਪ੍ਰਦੇਸ਼ ਵਿਚ ਕਾਫੀ ਮਾਤਰਾ ਵਿਚ ਚਾਰਾ ਪ੍ਰਾਪਤ ਹੁੰਦਾ ਹੈ। ਅਨਾਜ ਦੇ ਭੰਡਾਰ ਵਾਂਗ ਐਮਰਜੈਂਸੀ ਲੋੜ ਲਈ ਚਾਰੇ ਦਾ ਵੀ ਭੰਡਾਰ ਕੀਤਾ ਜਾਵੇਗਾ। ਇਸ ਪ੍ਰਭਾਵ ਨੂੰ ਭਾਰਤੀ ਖੇਤੀਬਾੜੀ ਖੋਜ ਪ੍ਰੀਸ਼ਦ ਅਮਲੀ ਰੂਪ ਦੇਵੇਗੀ। ਪ੍ਰੀਸ਼ਦ ਚੁਣੇ ਹੋਏ ਖੇਤਰਾਂ ਵਿਚ ਚਾਰਾ ਬੈਂਕ ਸਥਾਪਤ ਕਰਨ ਲਈ ਕਦਮ ਚੁਕੇਗੀ। ਇਹ ਕੰਮ ਮਹੀਨੇ ਦੇ ਅੰਤ ਤੋਂ ਪਹਿਲਾਂ ਸ਼ੁਰੂ ਕੀਤਾ ਜਾਵੇਗਾ। ਜਿਨ੍ਹਾਂ ਪ੍ਰਾਂਤਾਂ ਵਿਚ ਪਸ਼ੂਆਂ ਨੂੰ ਚਾਰੇ ਦੀ ਤੁਰੰਤ ਲੋੜ ਹੈ, ਉਥੇ ਚਾਰਾ ਸਪਲਾਈ ਕਰਨ ਲਈ ਇਕਦਮ ਕਦਮ ਚੁਕੇ ਜਾਣਗੇ।

**

ਮਣੀਪੁਰ ਵਿਚ ਮਹੱਤਵਪੂਰਨ ਵਿਕਾਸ ਯੋਜਨਾਵਾਂ ਸ਼ੁਰੂ ਕੀਤੀਆਂ ਜਾ ਰਹੀਆਂ ਹਨ। ਉਤਰ ਪੂਰਬੀ ਪ੍ਰੀਸ਼ਦ ਦੀ ਵਿੱਤੀ ਸਹਾਇਤਾ ਨਾਲ ਇਕ ਖੇਤਰੀ ਮੱਝ ਬਰੀਡਿੰਗ ਫਾਰਮ ਸਥਾਪਤ ਕੀਤਾ ਜਾ ਰਿਹਾ ਹੈ। ਇਸ ਬਰੀਡਿੰਗ ਫਾਰਮ ਵਿਚ ਸਥਾਨਕ ਮਣੀਪੁਰ ਝੋਟਿਆਂ ਨੂੰ ਵਧੀਆ ਨਸਲ ਦੇ ਬਣਾਇਆ ਜਾਵੇਗਾ। ਇਸ ਨਾਲ ਮਣੀਪੁਰ ਦੇ ਕਿਸਾਨਾਂ ਅਤੇ ਉਤਰ-ਪੂਰਬੀ ਖੇਤਰ ਨੂੰ ਮੱਦਦ ਮਿਲੇਗੀ। ਪਿਛਲੇ ਵਰ੍ਹੇ ਇਸ ਪਰੋਗਰਾਮ 'ਤੇ ਕੰਮ ਸ਼ੁਰੂ ਕਰ ਦਿੱਤਾ ਗਿਆ ਸੀ। ਉਮੀਦ ਹੈ ਇਹ ਪਰੋਗਰਾਮ ਇਸ ਵਰ੍ਹੇ ਪੂਰਾ ਹੋ ਜਾਵੇਗਾ। ਪ੍ਰੀਸ਼ਦ ਨੇ ਇਸ ਕੰਮ ਲਈ 61.36 ਲੱਖ ਰੁਪਏ ਮਨਜ਼ੂਰ ਕੀਤੇ ਹਨ। ਪ੍ਰਾਂਤ ਵਿਚ ਬਾਗਬਾਈ ਤੇਰਾ ਉਰਕ ਵਿਚ 300 ਏਕੜ ਜ਼ਮੀਨ ਪ੍ਰਾਪਤ ਕਰ ਲਈ ਹੈ। ਉਤਰ-ਪੂਰਬੀ ਖੇਤਰ ਵਿਚ ਸੱਤ ਲੱਖ ਤੋਂ ਜ਼ਿਆਦਾ ਮੱਝਾਂ ਹਨ। ਮਣੀਪੁਰ ਵਿਚ ਟੱਟੂਆਂ ਦੇ ਵਿਕਾਸ ਲਈ ਇਕ ਯੋਜਨਾ ਸ਼ੁਰੂ ਕੀਤੀ ਜਾਵੇਗੀ। ਇਸ ਯੋਜਨਾ ਦੇ ਦੋ ਨਿਸ਼ਾਨੇ ਹਨ। ਪਹਿਲਾ ਸਥਾਨਕ ਟੱਟੂਆਂ ਨੂੰ ਵਿਕਸਤ ਕਰਨਾ ਅਤੇ ਦੂਜਾ ਅਲੋਪ ਹੋ ਰਹੀ ਇਸ ਦੀ ਆਬਾਦੀ ਦੀ ਰੱਖਿਆ ਕਰਨੀ। ਇਸ ਕੰਮ ਲਈ ਮਣੀਪੁਰ ਦੇ ਸ਼ੁਧ ਟੱਟੂਅੱ ਦੇ ਸਪਰਮਾਂ ਦੀ ਸੰਭਾਲ ਜ਼ਰੂਰੀ ਹੈ। ਫੌਜ, ਅਰਧ-ਸੈਨਿਕ ਦਲਾਂ ਅਤੇ ਸਥਾਨਕ ਆਬਾਦੀ ਦੀਆਂ ਮੰਗਾਂ ਵੀ ਪੂਰੀਆਂ ਕੀਤੀਆਂ ਜਾਣਗੀਆਂ। ਚਾਲੂ ਵਿੱਤੀ ਵਰ੍ਹੇ ਵਿਚ ਉਚ ਪੱਧਰ ਦੇ ਟੱਟੂ ਵਿਕਸਤ ਕਰਨ ਲਈ ਪਰੋਗਰਾਮ ਆਰੰਭੇ ਜਾਣਗੇ।


## ਨਵਾਂ ਘਰ ਵਿਕਾਊ ਹੈ

ਸਰੀ ਦੇ ਵਧੀਆ ਇਲਾਕੇ ਵਿਚ ਨਵਾਂ ਘਰ ਵਿਕਾਊ ਹੈ ਜਿਸ ਵਿਚ ਉਤਲੇ ਹਿੱਸੇ ਵਿਚ ਤਿੰਨ ਬੈੱਡ ਰੂਮ ਹਨ — ਫੈਮਿਲੀ ਰੂਮ ਹੈ। ਬੇਸਮੇਂਟ ਮੁਕੰਮਲ ਹੈ। ਤਿੰਨ ਵਾਸ਼ ਰੂਮ ਹਨ। ਸਕੂਲ, ਬੱਸ ਸਟੈਂਡ ਤੇ ਸ਼ਾਪਿੰਗ ਸੈਂਟਰ ਨਾਲ ਲੱਗਦੇ ਹਨ।

**ਕੀਮਤ ਕੇਵਲ $1,17, 500**

ਹੋਰ ਜਾਣਕਾਰੀ ਲਈ ਫੋਨ ਕਰੋ :—

585-4349

ਜਾਂ 585-3613


## ਮੁਕਾਬਲੇ ਵਿਚ 1 ਦਹਿਸ਼ਤ-ਪਸੰਦ ਹਲਾਕ

ਰਾਜਪੁਰਾ — ਥਾਣਾ ਸਦਰ ਦੇ ਹਲਕੇ ਸਰਹੰਦ ਰੇਲਵੇ ਫਾਟਕ ਨੇੜੇ ਮਾਰੂਤੀ ਕਾਰ ਵਿਚ ਸਵਾਰ ਦਹਿਸ਼ਤਪਸੰਦਾਂ ਅਤੇ ਸੁਰੱਖਿਆ ਦਸਤਿਆਂ ਨਾਲ ਹੋਏ ਮੁਕਾਬਲੇ ਵਿਚ ਇਕ ਦਹਿਸ਼ਤਪਸੰਦ ਮਾਰਿਆ ਗਿਆ ਜਦ ਕਿ ਉਸ ਦੇ ਬਾਕੀ ਸਾਥੀ ਕਾਰ ਸਮੇਤ ਫਰਾਰ ਹੋਣ ਵਿਚ ਸਫਲ ਹੋ ਗਏ। ਪੁਲਸ ਹਲਕਿਆਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਲਗਪਗ ਦਸ ਵਜੇ ਰਾਤ ਨੂੰ ਲਾਲ ਰੰਗ ਦੀ ਮਾਰੂਤੀ ਕਾਰ ਵਿਚ ਸਵਾਰ ਕੁਝ ਦਹਿਸ਼ਤਪਸੰਦਾਂ ਨੂੰ ਸੁਰੱਖਿਆ ਦਸਤਿਆਂ ਦੀ ਨਾਕਾਬੰਦੀ ਪਾਰਟੀ ਨੇ ਜਦੋਂ ਸਰਹੰਦ ਫਾਟਕ ਨੇੜੇ ਰੁਕਣ ਦਾ ਇਸ਼ਾਰਾ ਕੀਤਾ ਤਾਂ ਉਹਨਾਂ ਨੇ ਪੁਲਸ ਤੇ ਗੋਲੀ ਚਲਾ ਦਿੱਤੀ ਜਿਸ ਤੇ ਨਾਕਾ ਪਾਰਟੀ ਵਲੋਂ ਉਹਨਾਂ ਦਾ ਪਿਛਾ ਕਰਨ ਅਤੇ ਜੁਆਬ ਵਿਚ ਗੋਲੀ ਚਲਾਏ ਜਾਣ ਤੇ ਇਕ ਦਹਿਸ਼ਤਪਸੰਦ ਕਾਰ ਵਿਚ ਗੋਲੀ ਲਗਣ ਕਾਰਨ ਮਾਰਿਆ ਗਿਆ ਜਿਸ ਨੂੰ ਉਹ ਕਾਰ ਵਿਚੋਂ ਬਾਹਰ ਸੁਟ ਕੇ ਫਰਾਰ ਹੋ ਗਏ ਅਜੇ ਤੱਕ ਮ੍ਰਿਤਕ ਦਹਿਸ਼ਤਪਸੰਦ ਦੀ ਸ਼ਨਾਖਤ ਨਹੀਂ ਹੋ ਸਕੀ।

ਬਾਅਦ ਵਿਚ ਸੂਚਨਾ ਮਿਲਦੇ ਹੀ ਪਟਿਆਲਾ ਦੇ ਐਸ ਐਸ ਪੀ ਤੇ ਹੋਰ ਸੀਨੀਅਰ ਅਧਿਕਾਰੀ ਮੌਕੇ ਤੇ ਪੁਜ ਗਏ। ਪੁਲਸ ਬਾਕੀ ਦਹਿਸ਼ਤਪਸੰਦਾਂ ਦਾ ਪਤਾ ਲਾਉਣ ਦੇ ਯਤਨ ਕਰ ਰਹੀ ਹੈ।

## ਬਾਰ੍ਹਵੀਂ ਸਰਬ ਬਰਤਾਨੀਆ ਪੰਜਾਬੀ ਲਿਖਾਰੀ ਕਾਨਫਰੰਸ

### 7 ਨਵੰਬਰ 1987 ਨੂੰ

**ਮੈਨਰ ਪਾਰਕ ਲਾਇਬਰੇਰੀ ਹਾਲ ਰਾਮਫੋਰਡ ਰੋਡ ਈ. 12**

Manor Park Library Hall Romford Road (Opposite 4th Ave.) London

**ਪਪ੍ਰੋਗਰਾਮ :**

ਹੇਠ ਲਿਖੇ ਪਰਚੇ ਪੜ੍ਹੇ ਜਾਣਗੇ :

2—6 ਬਜੇ ਸ਼ਾਮ — ਪੰਜਾਬ ਦਾ ਮਸਲਾ .... ਹਰਦੇਵ ਸਿੰਘ ਦੇਸੀ

ਬ੍ਰਤਾਨੀਆਂ ਦਾ ਪੰਜਾਬੀ ਨਾਵਲ ..... ਜੁਗਿੰਦਰ ਸ਼ਮਸ਼ੇਰ

7—10 ਬਜੇ — ਕਵੀ ਦਰਬਾਰ।

ਪ੍ਰਾਰਥਕ

ਪ੍ਰਕਾਸ਼ ਆਜ਼ਾਦ — ਸਹਾਇਕ ਸਕੱਤਰ 021.553.4431

ਨਿਰੰਜਨ ਸਿੰਘ ਨੂਰ — 01.518.0469

ਹਰਦੇਵ ਸਿੰਘ ਢੇਸੀ — 01.518.0469


## • ਇਨਸ਼ੋਰੈਂਸ •

- ਘਰਾਂ ਦੀ ਇਨਸ਼ੋਰੈਂਸ - ਬਹੁਤ ਹੀ ਘੱਟ ਰੇਟ
- ਲਾਈਫ ਤੇ ਸਿਕਨੈੱਸ ਇਨਸ਼ੋਰੈਂਸ
- ਵਿਜ਼ਟਰ ਇਨਸ਼ੋਰੈਂਸ
- ਬਿਜਨੈਸ ਇਨਸ਼ੋਰੈਂਸ ਤੇ ਆਟੋ

6415 MAIN ST. (at 48 Ave.)
VANCOUVER, B.C.

Off: & Res: 325-4744

## ਪੀ. ਨਰਵਾਲ ਐਂਡ ਕੰ:

### ਇਮੀਗਰੇਸ਼ਨ ਸਲਾਹਕਾਰ

ਤੇ ਹੋਰ ਸੇਵਾਵਾਂ

- ਬੱਚੇ ਦਾ ਅਡਾਪਟ (ਗੋਦ ਲੈਣਾ)
- ਇੰਡੀਆ ਦੇ ਕਾਨੂੰਨਾਂ ਬਾਰੇ ਜਾਣਕਾਰੀ ਤੇ ਸਲਾਹ
- ਰਿਸ਼ਤੇਦਾਰ ਦੀ ਚਿੱਠੀ ਕਰਨੀ
- ਇਮੀਗਰੇਸ਼ਨ ਅਪੀਲ ਬੋਰਡ ਵਿਚ ਅਪੀਲ ਕਰਨੀ ਜਾਂ ਪੈਰਵਾਈ

## ਪ੍ਰਿਤਪਾਲ ਸਿੰਘ ਨਰਵਾਲ

### ਨੋਟਰੀ ਪਬਲਿਕ

ਬੀ. ਏ. (ਪੰਜਾਬ) ਐਲ. ਐਲ. ਬੀ. (ਹਰਿਆਣਾ

ਸਾਬਕਾ ਐਡਵੋਕੇਟ ਤੇ ਓਥ ਕਮਿਸ਼ਨਰ

ਹੇਠ ਲਿਖੇ ਤਸੱਲੀਬਖਸ਼ ਕੰਮ ਕੀਤੇ ਜਾਂਦੇ ਹਨ:

- ਘਰ ਵੇਚਣ ਤੇ ਖਰੀਦਣ ਦੇ ਕਾਗਜ਼ ਤਿਆਰ ਕਰਨੇ
- ਮੌਰਗੇਜ ਸੰਬੰਧੀ ਹਰ ਤਰ੍ਹਾਂ ਦੇ ਕਾਗਜ਼ ਤਿਆਰ ਕਰਨੇ
- ਲੀਜ਼ ਦੇ ਕਾਗਜ਼ ਬਣਾਉਣੇ
- ਹਲਫੀਆ ਬਿਆਨ ਲੈਣੇ
- ਪਾਸਪੋਰਟ ਜਾਂ ਫੋਟੋ ਅਟੈਸਟ ਕਰਨੀਆਂ
- ਕਮਰਸ਼ੀਅਲ ਕਨਟਰੈਕਟ ਬਣਾਉਣੇ
- ਮੁਖਤਿਆਰਨਾਮੇ ਤਿਆਰ ਕਰਨੇ
- ਵਸੀਅਤ ਆਦਿ

6415 MAIN ST. (at 48th Ave.) Or 197 E. 48th Ave.(corner of main & 48th Ave.)

Open : Monday to Friday (9 a.m. to 5.00 p.m. VANCOUVER, B.C.



ਪ੍ਰਿਤਪਾਲ ਸਿੰਘ ਨਰਵਾਲ

325-4744

# ਵਿਅਕਤੀਆਂ, ਕਾਰਪੋਰੇਸ਼ਨਾਂ, ਛੋਟੇ ਵਪਾਰਾਂ, ਠੇਕੇਦਾਰਾਂ, ਪੂੰਜੀ ਲਾਉਣ ਵਾਲਿਆਂ ਅਤੇ ਵਰਤਮਾਨ ਸੂਬਾਈ ਕਰਮਚਾਰੀਆਂ ਨੂੰ ਸਰਕਾਰ ਦੇ ਕੰਮਾਂ ਵਿਚ ਹਿਸਾ ਲੈਣ ਦਾ ਸੱਦਾ

ਤੁਹਾਨੂੰ ਇਸ ਗੱਲ ਲਈ ਸੱਦਾ ਦਿੱਤਾ ਜਾਂਦਾ ਹੈ ਕਿ ਤੁਸੀਂ ਸਾਂਝੇ ਯਤਨਾਂ ਨਾਲ ਆਪਣੀ ਦਿਲਚਸਪੀ ਦਾ ਪ੍ਰਗਟਾਵਾ ਕਰੋ ਜਾਂ ਵੱਡੀ ਪੱਧਰ ਉਤੇ ਬਿਜ਼ਨਿਸਾਂ ਨੂੰ ਲੈਣ ਦੀ ਕੋਸ਼ਿਸ਼ ਕਰੋ ਜਿਹੜੇ ਹੁਣ ਬ੍ਰਿਟਿਸ਼ ਕੋਲੰਬੀਆ ਦੀ ਸਰਕਾਰ ਵਲੋਂ ਕੀਤੇ ਜਾਂਦੇ ਹਨ।

ਇਕ ਵੱਡੀ, ਪੜਾਅ ਵਾਰ ਪਲਾਨ ਦੇ ਹਿਸੇ ਵਜੋਂ ਸਰਕਾਰ ਨੂੰ ਦੁਬਾਰਾ ਢਾਂਚੇਬੱਧ ਕੀਤਾ ਜਾ ਰਿਹਾ ਹੈ ਅਤੇ ਹਿਸਿਆਂ ਦੀ ਆਰਥਿਕ ਉਸਾਰੀ ਨੂੰ ਮਜ਼ਬੂਤ ਕਰਨ ਲਈ, ਬ੍ਰਿਟਿਸ਼ ਕੋਲੰਬੀਆ ਦੀ ਸਰਕਾਰ ਨੇ ਨਿੱਜੀ ਮਾਲਕੀ ਦੇ ਪ੍ਰੋਗਰਾਮ ਨੂੰ ਚਾਲੂ ਕੀਤਾ ਹੈ ਜਿਸ ਨੂੰ **ਬੀ. ਸੀ. ਲਈ ਮੌਕੇ** ਦਾ ਨਾਂ ਦਿੱਤਾ ਗਿਆ ਹੈ।

ਪਹਿਲੇ ਹਿੱਸੇ ਦੀ ਪੇਸ਼ਕਸ਼ ਵਜੋਂ, ਜੋ ਆਉਂਦੇ ਕੁਝ ਹਫਤਿਆਂ ਵਿਚ ਪ੍ਰਕਾਸ਼ਤ ਕੀਤਾ ਜਾਵੇਗਾ, ਤੁਹਾਨੂੰ ਸੱਦਾ ਦਿੱਤਾ ਜਾਵੇਗਾ ਕਿ :

- ਬੀ. ਸੀ. ਹਾਈਡਰੋ ਦੇ ਕੁਦਰਤੀ ਗੈਸ, ਰੇਲ ਅਤੇ ਖੋਜ ਅਦਾਰਿਆਂ ਦੀ ਕਮਾਈ ਵਿਚ ਪ੍ਰਫੁਲਤਾ ਅਤੇ ਉਸਾਰੀ ਪ੍ਰੋਗਰਾਮ ਜਿਸ ਨਾਲ ਵੱਧ ਤੋਂ ਵੱਧ ਹਿਸਾ ਲੈਣ ਵਾਲਿਆਂ ਨੂੰ ਮੌਕੇ ਦਿੱਤੇ ਜਾਣ ;
- 200 ਮਿਲੀਅਨ ਡਾਲਰ ਦੇ ਸੂਬਾਈ ਸੜਕਾਂ ਅਤੇ ਪੁੱਲਾਂ ਦੇ ਮੁਰੰਮਤ ਦੇ ਨਿੱਜੀ ਤੌਰ ਉਤੇ ਠੇਕੇ, ਇਸ ਪਹਿਲੇ ਹਿੱਸੇ ਵਿਚ ਟਰਾਂਸਪੋਰਟ ਅਤੇ ਹਾਈਵੇ ਵਜ਼ਾਰਤ ਦੇ ਕਾਰੋਬਾਰ ਜੋ ਵੈਨਕੂਵਰ ਆਈਲੈਂਡ ਉਤੇ ਹਨ ;
- ਵਧ ਰਹੇ ਸੂਬਾਈ ਕੰਮਪੁਟਿੰਗ ਤੇ ਟੈਲੀਕੁਮੈਨੀ-ਕੇਸ਼ਨ ਸਿਸਟਮ ਵਿਚ ਸ਼ਮੂਲੀਅਤ ਜਿਸ ਅਨੁਸਾਰ ਅਜੋਕੇ ਆਵਾਜ਼ ਅਤੇ ਅੰਕੜੇ ਇਕੱਠੇ ਕਰਨ ਵਾਲੇ ਨੈੱਟਵਰਕ ਜਾਣਕਾਰੀ ਪੁਨਰ-ਸਥਾਪਨਾ ਸਿਸਟਮ ਅਤੇ ਸੈਟੇਲਾਈਟ ਦਾ ਵਾਧਾ ਜੋ ਬੀ. ਸੀ. ਸਿਸਟਮਜ਼ ਕਾਰਪੋਰੇਸ਼ਨ ਵਿਚ ਹੋਵੇਗਾ। ਸਥਿਰਤਾ ਦਾ ਪ੍ਰਬੰਧ ਕਰਦਿਆਂ ਸਰਕਾਰ ਅਜਿਹੇ ਮੌਕਿਆਂ ਦੀ ਤਲਾਸ਼ ਕਰੇਗੀ ਕਿ ਵੱਧ ਤੋਂ ਵੱਧ ਨਿੱਜੀ ਮਾਲਕੀ ਦੀ ਸ਼ਮੂਲੀਅਤ ਹੋਵੇ, ਜਿਸ ਵਿਚ ਕਾਰਪੋਰੇਸ਼ਨ ਦੇ ਸਾਰੇ ਜਾਂ ਹਿਸਿਆਂ ਦੀ ਨਿੱਜੀ ਮਾਲਕੀ ਹੋਵੇ ;
- ਸੂਬੇ ਦੀਆਂ ਨੌ ਜੰਗਲਾਤ ਨਰਸਰੀਆਂ ਨੂੰ ਚਲਾਉਣ ਲਈ ਦਿਲਚਸਪੀ ਦਾ ਪ੍ਰਗਟਾਵਾ ਜਿਹੜੀਆਂ ਕਿ ਦੁਬਾਰਾ ਜੰਗਲਾਤ ਲਾਉਣ ਲਈ ਪੌਦੇ ਮੁਹੱਈਆ ਕਰਦੀਆਂ ਹਨ ;
- ਤਿੰਨ ਰਿਜਨਲ ਟੈਸਟਿੰਗ ਪ੍ਰਯੋਗਸ਼ਾਲਾਵਾਂ — ਸੂਬਾਈ ਵਾਤਾਵਰਣ ਦੀ ਪ੍ਰਯੋਗਸ਼ਾਲਾ, ਦੁੱਧ ਅਤੇ ਖੁਰਾਕ ਦੀ ਪ੍ਰਯੋਗਸ਼ਾਲਾ ਅਤੇ ਮਿੱਟੀ, ਖਾਦ ਅਤੇ ਤੰਤੂਆਂ ਦੀ ਪ੍ਰਯੋਗਸ਼ਾਲਾ ਨੂੰ ਚਲਾਉਣ ਵਿਚ ਦਿਲਚਸਪੀ
- ਖਰੀਦ ਕੇ ਜਾਂ ਸਾਂਝੇ ਯਤਨਾਂ ਨਾਲ ਚਾਲੂ ਕਰਮਚਾਰੀ ਗਰੁੱਪਾਂ ਨਾਲ ਮਿਲਕੇ ਸੂਬਾਈ ਹਾਈਵੇ ਉਤੇ ਨਿਸ਼ਾਨ ਲਾਉਣ ਵਾਲੀ ਸ਼ੌਪ, ਕੁਈਨ'ਜ਼ ਪ੍ਰਿੰਟਰ ਪਬਲੀਕੇਸ਼ਨ ਅਤੇ ਸਪਲਾਈ ਸੈਂਟਰਾਂ, ਸਪਲਾਈ ਨੈਟ ਪਰਚੇਜ਼ਿੰਗ ਸਿਸਟਮ ਐਂਬੂਲੈਂਸ ਸੇਵਾਵਾਂ ਵਿਚ ਵਾਹਨ ਤਬਦੀਲੀ ਪ੍ਰੋਗਰਾਮ ਵਿਚ ਹਿਸਾ ਲੈਣਾ।

ਬ੍ਰਿਟਿਸ਼ ਕੋਲੰਬੀਆ ਵਿਚ ਅੱਜ, ਸਰਕਾਰ ਸਾਰੇ ਹਿਸਿਆਂ ਵਿਚ ਮੌਕੇ ਪੈਦਾ ਕਰਨ ਲਈ ਕੰਮ ਕਰ ਰਹੀ ਹੈ।

... ਸਾਰੀ ਬੀ. ਸੀ. ਦੀ ਆਰਥਿਕਤਾ ਵਿਚ ਵੱਡੇ ਪੈਮਾਨੇ ਉਤੇ ਨਿੱਜੀ ਮਾਲਕੀ ਨੂੰ ਉਤਸ਼ਾਹਿਤ ਕਰ ਰਹੀ ਹੈ।

ਨਿੱਜੀ ਮਾਲਕੀ ਤੇ ਵਿਕੇਂਦਰੀਕਰਨ, ਕਮਿਊਨਿਟੀ ਦੀਆਂ ਲੋੜਾਂ ਦੇ ਨਿਸ਼ਾਨੇ ਨੂੰ ਮੁੱਖ ਰੱਖ ਕੇ, ਇਨ੍ਹਾਂ ਕਮਿਊਨਿਟੀਆਂ ਵਿਚ ਆਰਥਿਕ ਤਰੱਕੀ ਅਤੇ ਨਵੀਂ ਪੂੰਜੀ ਨੂੰ ਲਾਉਣ ਦੇ ਮੌਕੇ ਪ੍ਰਦਾਨ ਕਰਨਗੇ। ਅਤੇ ਇਹ ਦੋਵੇਂ ਤਰੀਕੇ ਅਜਿਹੀਆਂ ਸੇਵਾਵਾਂ ਦੇਣਗੇ ਜੋ ਲੋਕਾਂ ਦੀ ਲੋੜ ਹਨ ਅਤੇ ਲੋਕ ਚਾਹੁੰਦੇ ਹਨ, ਜਦ ਕਿ ਮਾਲਕੀ ਦੀ ਭਾਵਨਾ ਵੀ ਉਤਪੰਨ ਹੋਵੇਗੀ ਅਤੇ ਕੀਤੇ ਕੰਮ ਲਈ ਮਾਣ ਵੀ ਹੋਵੇਗਾ।

ਤੁਹਾਨੂੰ ਸੱਦਾ ਦਿੱਤਾ ਜਾਂਦਾ ਹੈ ਕਿ ਤੁਸੀਂ ਹੇਠ ਲਿਖਿਆ ਫਾਰਮ ਭਰ ਕੇ ਭੇਜੋ ਅਤੇ ਆਪਣੀ ਦਿਲਚਸਪੀ ਦਾ ਪ੍ਰਗਟਾਵਾ ਕਰੋ :

Project Management Group
Opportunities BC
548 Michigan Street
Victoria, B.C.
V8V 1X4

Please print or type

NAME ______________________

ADDRESS ______________________

______________________

BUSINESS (IF APPLICABLE) ______________________

I am most interested in: (✓)
- ☐ Share purchase opportunities
- ☐ Contracting services
- ☐ Employee participation
- ☐ Acquisition opportunities
- ☐ Joint venture proposals
- ☐ Management or planning service contracts

**OPPORTUNITIES BC!**

***BRITISH COLUMBIANS SHAPING THE FUTURE***

Hon. William Vander Zalm, Premier

# ਬਰਤਾਨੀਆ ਵਿਚ ਸਿੱਖ ਅਤਿਵਾਦੀ ਨੂੰ ਬਾਰਾਂ ਸਾਲ ਦੀ ਕੈਦ

ਲੰਡਨ — ਕੌਮਾਂਤਰੀ ਸਿੱਖ ਯੂਥ ਫੈਡਰੇਸ਼ਨ, ਖਾਲਿਸਤਾਨ ਪੱਖੀ ਇਕ ਅਤਿਵਾਦੀ ਜਥੇਬੰਦੀ, ਦੇ ਪ੍ਰਧਾਨ ਨੂੰ ਅਦਾਲਤ ਨੇ ਬਾਰਾਂ ਸਾਲ ਦੀ ਕੈਦ ਦੀ ਸਜਾ ਸੁਣਾਈ ਹੈ। ਅਦਾਲਤ ਨੇ ਇਹ ਫੈਸਲਾ ਵੀਰਵਾਰ ਦੇ ਦਿਨ ਕੀਤਾ। 33 ਸਾਲਾ ਮਨਜੀਤ ਸਿੰਘ ਗਿੱਲ ਨੂੰ ਇਹ ਪਤਾ ਲਗਣ ਤੇ ਗ੍ਰਿਫਤਾਰ ਕੀਤਾ ਗਿਆ ਸੀ ਕਿ ਉਹ ਇੰਡੀਅਨ ਉਵਰਸੀਜ਼ ਕਾਂਗਰਸ ਦੇ ਇਕ ਸੀਨੀਅਰ ਆਗੂ ਨੂੰ ਕਤਲ ਕਰਨਾ ਚਾਹੁੰਦਾ ਸੀ ਜੋ ਖਾਲਿਸਤਾਨ ਦੀ ਵਿਰੋਧੀ ਜਥੇਬੰਦੀ ਹੈ।

ਸਰਕਾਰੀ ਵਕੀਲ ਨੇ ਅਦਾਲਤ ਨੂੰ ਦੱਸਿਆ ਕਿ ਗਿੱਲ ਦੀ ਗਰਸ਼ਾਮ ਸੰਧੂ ਨੂੰ ਕਤਲ ਕਰਨ ਦੀ ਸਕੀਮ ਸੀ ਤੇ ਇਹ ਗੱਲ ਉਸ ਨੇ ਸ੍ਰੀਮਤੀ ਵੈਂਡੀ ਬੁਰਗਸ ਪੁਲਸ ਮੁਖਬਰ ਨਾਲ ਸਾਂਝੀ ਕੀਤੀ ਸੀ। ਉਸ ਨੇ ਇਸ ਔਰਤ ਤੋਂ ਇਸ ਕੰਮ ਲਈ ਇਕ ਬੰਦੂਕ ਦੀ ਮੰਗ ਵੀ ਕੀਤੀ ਸੀ। ਇਹ ਗੱਲਬਾਤ ਸ੍ਰੀਮਤੀ ਬੁਰਗਸ ਨੇ ਟੇਪ ਰਿਕਾਰਡ ਕਰ ਲਈ ਸੀ ਜੋ ਅਦਾਲਤ ਵਿਚ ਪੇਸ਼ ਕੀਤੀ ਗਈ। ਗਿੱਲ ਨੇ ਅਦਾਲਤ ਨੂੰ ਦੱਸਿਆ ਕਿ ਉਹ ਸ਼ਰਾਬੀ ਸੀ ਤੇ ਇਹ ਗੱਲਾਂ ਉਹ ਸਿਰਫ ਸ਼ਰਾਬ ਦੇ ਨਸ਼ੇ ਵਿਚ ਹੀ ਆਖ ਗਿਆ ਸੀ। ਜੱਜ ਨੇ ਇਹ ਕਹਿੰਦੇ ਸਜਾ ਦਿਤੀ ਕਿ ਉਹ ਇਸ ਕਤਲ ਲਈ ਤਿਆਰ ਸੀ ਤੇ ਉਸ ਦੇਸ਼ ਵਿਚ ਅਜਿਹਾ ਕਰਨ ਦੀ ਆਗਿਆ ਨਹੀਂ ਦਿਤੀ ਜਾ ਸਕਦੀ।

# 3 ਹਰਿਆਣਾ ਉਪ ਚੋਣਾਂ ਲਈ ਇੱਕਾ ਉਮੀਦਵਾਰ

ਨਵੀਂ ਦਿੱਲੀ — ਕਾਂਗਰਸ (ੲ) ਨੇ ਹਰਿਆਣਾ ਵਿਧਾਨ ਸਭਾ ਦੀਆਂ ਤਿੰਨ ਅਸੰਬਲੀ ਸੀਟਾਂ ਲਈ ਆਪਣੇ ਉਮੀਦਵਾਰਾਂ ਨਾਵਾਂ ਦੀ ਸੂਚੀ ਜਾਰੀ ਕਰ ਦਿੱਤੀ ਹੈ। ਇਹਨਾਂ ਹਲਕਿਆਂ ਵਿਚ ਇਸ ਸਾਲ ਜੂਨ ਵਿਚ ਆਜ਼ਾਦ ਉਮੀਦਵਾਰਾਂ ਦੇ ਦਿਹਾਂਤ ਹੋ ਜਾਣ ਕਾਰਨ ਚੋਣ ਨਹੀਂ ਹੋ ਸਕੀ ਸੀ। ਕਾਂਗਰਸ (ਇੰ) ਦੇ ਜਨਰਲ ਸਕੱਤਰ ਰਮੇਸ਼ ਚੰਦਰ ਚਤੁਰਵੇਦੀ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਪਾਰਲੀਮੈਂਟਰੀ ਬੋਰਡ ਪੂਰਨ ਸਿੰਘ (ਜੌਂਡਲਾ) ਲੀਲਾ ਕ੍ਰਿਸ਼ਨਾ (ਫਤਿਹਾਬਾਦ) ਤੇ ਜੈ ਪ੍ਰਕਾਸ਼ (ਕਰਨਾਲ) ਦੇ ਨਾਂ ਮਨਜ਼ੂਰ ਕੀਤੇ ਹਨ।


## ਘਰ ਵਿਕਾਊ ਹੈ

ਐਲਡਰਗਰੋਵ ਵਿਚ 1250 ਸੁਕੇਅਰ ਫੁੱਟ ਛੋਟਾ ਘਰ ਵਿਕਾਊ ਹੈ। ਤਿੰਨ ਬੈਡ ਰੂਮ, ਸਿਰਫ ਚਾਰ ਸਾਲ ਪੁਰਾਣਾ ਤੇ ਇਕ ਕਾਰ ਲਈ ਕਾਰਪੋਰਟ ਹੈ। ਲਾਂਡਰੀ ਵੀ ਹੈ। 5 ਅਪਲਾਇੰਸ ਸਣੇ ਕੀਮਤ ਸਿਰਫ

**$49,500.00**

856-5993

ਵੈਨਕੂਵਰ ਦੇ ਇਲਾਕੇ ਵਿਚ ਨਵੇਂ ਘਰਾਂ ਜਾਂ ਪੁਰਾਣੇ ਘਰਾਂ ਦੀ ਬੇਸਮਿੰਟਾਂ ਜਾਂ ਨਵੇਂ ਘਰ ਕਸਟਮ ਢੰਗ ਨਾਲ ਤਿਆਰ ਕਰਦੇ ਹਾਂ। ਐਸਟੀਮੇਟ ਲੈਣ ਲਈ ਫੋਨ ਕਰੋ

588-7246-ਵੈਨਕੂਵਰ ਲਈ,

856-5993 ਮਿਸ਼ਨ ਐਬਸਫੋਰਡ ਲਈ,


# ਦਹਿਸ਼ਤਪਸੰਦ ਹੀ ਦਹਿਸ਼ਤਪਸੰਦਾਂ ਦੇ ਵੈਰੀ ਹਨ

ਚੰਡੀਗੜ੍ਹ — ਪੰਜਾਬ ਦੇ ਅੰਮ੍ਰਿਤਸਰ, ਗੁਰਦਾਸਪੁਰ ਤੇ ਫਰੀਦਕੋਟ ਜ਼ਿਲਿਆਂ ਵਿਚ ਦਹਿਸ਼ਤਪਸੰਦਾਂ ਵਿਰੁਧ ਘੋਲ ਵਿਚ ਪੁਲੀਸ ਨੂੰ ਮਿਲ ਰਹੀਆਂ ਸਫਲਤਾਵਾਂ ਇਸ ਗੱਲ ਦੇ ਸੰਕੇਤ ਹਨ ਕਿ ਗੁਪਤਚਰ ਢਾਂਚੇ ਦੀ ਕਾਰਗੁਜ਼ਾਰੀ ਵਿਚ ਸੁਧਾਰ ਅਤੇ ਸੁਰੱਖਿਆ ਦਲਾਂ ਵਿਚ ਬਿਹਤਰ ਤਾਲਮੇਲ ਸਦਕਾ ਸਰਕਾਰੀ ਏਜੰਸੀਆਂ ਦਹਿਸ਼ਤਪਸੰਦ ਟੋਲਿਆਂ 'ਤੇ ਭਾਰੂ ਹੁੰਦੀਆਂ ਜਾ ਰਹੀਆਂ ਹਨ।

ਹਾਲਾਂ ਕਿ ਰਾਜ ਦੇ ਪੁਲੀਸ ਅਧਿਕਾਰੀ ਦਹਿਸ਼ਤਪਸੰਦਾਂ ਨੂੰ ਅੱਗੇ ਲਾ ਲੈਣ ਦੇ ਦਾਅਵੇ ਕਰਨ ਤੋਂ ਗੁਰੇਜ਼ ਕਰਦੇ ਹਨ, (ਕਿਉਂਕਿ ਉਨ੍ਹਾਂ ਦਾ ਕਹਿਣਾ ਹੈ ਕਿ ਅਜਿਹੇ ਦਾਅਵੇ ਗੈਰ-ਉਪਜਾਊ ਸਾਬਤ ਹੁੰਦੇ ਹਨ ਅਤੇ ਲੋਕਾਂ ਵਿਚ ਦਹਿਸ਼ਤਗਰਦਾਂ ਪ੍ਰਤੀ ਹਮਦਰਦੀ ਪੈਦਾ ਕਰਦੇ ਹਨ) ਫਿਰ ਵੀ ਚੰਡੀਗੜ੍ਹ ਵਿਚਲੇ ਸੂਬਾਈ ਪੁਲੀਸ ਹੈਡਕੁਆਰਟਰ ਵਿਚ ਇਸ ਗੱਲ 'ਤੇ ਤਸੱਲੀ ਪਾਈ ਜਾ ਰਹੀ ਹੈ ਕਿ ਪੁਲੀਸ ਨੂੰ ਦਹਿਸ਼ਤਪਸੰਦਾਂ ਦੇ ਹੁਲੀਏ, ਕਾਰਵਾਈ ਦੇ ਖੇਤਰ, ਛੁਪਣ ਦੇ ਠਿਕਾਣਿਆਂ, ਵੱਖ ਵੱਖ ਗਰੋਹਾਂ ਦੇ ਮੈਂਬਰਾਂ ਦੀ ਗਿਣਤੀ ਅਤੇ ਦਹਿਸ਼ਤਪਸੰਦਾਂ ਵਿਚਲੀ ਸਫਬੰਦੀ ਬਾਰੇ ਠੋਸ ਤੇ ਅਹਿਮ ਜਾਣਕਾਰੀ ਮਿਲਣੀ ਸ਼ੁਰੂ ਹੋ ਗਈ ਹੈ।

ਕਲਕੱਤਾ ਦੀ ਅੰਗਰੇਜ਼ੀ ਰੋਜ਼ਾਨਾ "ਟੈਲੀਗ੍ਰਾਫ" ਵਿਚ ਪ੍ਰਕਾਸ਼ਿਤ ਇਕ ਰਿਪੋਰਟ ਅਤੇ ਪੰਜਾਬ ਪੁਲੀਸ ਦੇ ਗੁਪਤਚਰ ਵਿੰਗ ਦੇ ਦੋ ਸੀਨੀਅਰ ਅਧਿਕਾਰੀਆਂ ਨਾਲ ਗੈਰਰਸਮੀ ਗੱਲਬਾਤ ਤੋਂ ਮਿਲੀ ਜਾਣਕਾਰੀ ਇਹ ਦਰਸਾਉਂਦੀ ਹੈ ਕਿ ਅੰਮ੍ਰਿਤਸਰ ਤੇ ਫਰੀਦਕੋਟ ਜ਼ਿਲਿਆਂ ਵਿਚ ਦਹਿਸ਼ਤਪਸੰਦਾਂ 'ਤੇ ਪੁਲੀਸ ਦਾ ਸ਼ਿਕੰਜਾ ਕੱਸਦਾ ਚਲਿਆ ਜਾ ਰਿਹਾ ਹੈ। ਇਕੱਲੇ ਅੰਮ੍ਰਿਤਸਰ ਜ਼ਿਲੇ ਵਿਚ ਪਿਛਲੇ ਕੁਝ ਮਹੀਨਿਆਂ ਦੌਰਾਨ ਚੋਟੀ ਦੇ ਵੀਹ ਦਹਿਸ਼ਤਪਸੰਦ ਸੁਰੱਖਿਆ ਦਲਾਂ ਹੱਥੋਂ ਮਾਰੇ ਗਏ ਅਤੇ 200 ਹੋਰ ਸ਼ੱਕੀ ਅਨਸਰ ਗ੍ਰਿਫਤਾਰ ਕਰ ਲਏ ਗਏ। ਫਰੀਦਕੋਟ ਜ਼ਿਲੇ ਵਿਚ ਦਸ ਖੌਫਨਾਕ ਦਹਿਸ਼ਤਪਸੰਦ ਪੁਲਸ ਨੇ "ਖਤਮ" ਕਰ ਦਿੱਤੇ ਅਤੇ 120 ਹੋਰਨਾਂ ਨੂੰ ਕਾਬੂ ਕਰ ਲਿਆ

**ਨਵਾਂ ਢੰਗ :** ਭਾਵੇਂ ਪੁਲੀਸ ਅਧਿਕਾਰੀ ਇਹ ਦੱਸਣ ਨੂੰ ਤਿਆਰ ਨਹੀਂ ਕਿ ਦਹਿਸ਼ਤਪਸੰਦਾਂ ਨੂੰ ਕਾਬੂ ਕਰਨ ਜਾਂ ਉਨ੍ਹਾਂ ਤੋਂ ਜਾਣਕਾਰੀ ਹਾਸਲ ਕਰਨ ਲਈ ਉਹ ਕਿੰਨ੍ਹਾਂ ਢੰਗ-ਤਰੀਕਿਆਂ ਦੀ ਵਰਤੋਂ ਕਰਦੇ ਆ ਰਹੇ ਹਨ, ਫਿਰ ਵੀ ਇਹ ਪਤਾ ਲਗਿਆ ਹੈ ਕਿ ਇਨਾਮ ਤੇ ਕੁੱਟਮਾਰ ਦੀ ਰਵਾਇਤੀ ਢੰਗਾਂ ਦੇ ਨਾਲ-ਨਾਲ ਇਕ ਨਵੀਂ ਤਕਨੀਕ ਨੂੰ ਬੜੀ ਸਫਲਤਾਪੂਰਬਕ ਵਰਤਿਆ ਜਾ ਰਿਹਾ ਹੈ। ਇਸ ਤਕਨੀਕ ਅਨੁਸਾਰ ਦਹਿਸ਼ਤਪਸੰਦਾਂ ਤੇ ਉਨ੍ਹਾਂ ਦੀਆਂ ਪਨਾਹਗਾਹਾਂ ਦਾ ਪਤਾ ਲਗਾਉਣ ਲਈ ਫੜੇ ਗਏ ਦਹਿਸ਼ਤਪਸੰਦਾਂ ਦੀ ਹੀ ਮਦਦ ਲਈ ਜਾਂਦੀ ਹੈ। ਕਾਲੇ ਸ਼ੀਸ਼ਿਆਂ ਵਾਲੀ ਇਕ ਸਿਵਲੀਅਨ ਕਾਰ ਨੂੰ ਉਸ ਖੇਤਰ ਵਿਚ ਘੁਮਾਇਆ ਜਾਂਦਾ ਹੈ ਜਿਥੇ ਮਸ਼ਕੂਕ ਦਹਿਸ਼ਤਪਸੰਦ ਲੁਕੇ ਹੁੰਦੇ ਹਨ। ਕਾਰ ਦੇ ਅੰਦਰ ਸਾਦਾ ਵਰਦੀ ਵਿਚ ਪੁਲੀਸ ਮੁਲਾਜ਼ਮਾਂ ਤੋਂ ਇਲਾਵਾ ਫੜਿਆ ਗਿਆ ਦਹਿਸ਼ਤਪਸੰਦ ਵੀ ਹੁੰਦਾ ਹੈ। ਉਸ ਦੇ ਸਾਥੀਆਂ ਦੀ ਸ਼ਨਾਖਤ ਕਰਨ ਜਾਂ ਪਨਾਹਗਾਹ ਦੀ ਨਿਸ਼ਾਨਦੇਹੀ ਕਰਨ ਲਈ ਇਸ ਦਹਿਸ਼ਤਪਸੰਦ ਜਾਂ ਪੁਲੀਸ ਦੀ ਭਾਸ਼ਾ ਵਿਚ "ਮੁਖਬਰ" ਦੀ ਹੀ ਮਦਦ ਲਈ ਜਾਂਦੀ ਹੈ। ਦਹਿਸ਼ਤਪਸੰਦਾਂ ਲਈ ਇਹ ਪਤਾ ਲਾਉਣਾ ਬਹੁਤ ਔਖਾ ਹੁੰਦਾ ਹੈ ਕਿ ਪੁਲੀਸ ਦੀ "ਸਪੌਟਰ ਪਾਰਟੀ" ਇਸ ਕਾਰ ਵਿਚ ਹੈ, ਕਿਉਂਕਿ ਕਾਲੇ ਸ਼ੀਸ਼ਿਆਂ ਵਾਲੀਆਂ ਕਾਰਾਂ ਹੁਣ ਆਮ ਹੀ ਹਨ।

ਚੰਡੀਗੜ੍ਹ ਵਿਚਲੇ ਖੁਫੀਆ ਸੂਤਰਾਂ ਨੇ ਦੱਸਿਆ ਕਿ ਉਪਰੋਕਤ ਤਕਨੀਕ ਆਸਾਂ ਨਾਲੋਂ ਵੱਧ ਕਾਮਯਾਬ ਰਹੀ ਹੈ। ਜਿਵੇਂ ਕਿ ਪਹਿਲਾਂ ਹੀ ਰਿਪੋਰਟਾਂ ਪ੍ਰਕਾਸ਼ਿਤ ਹੋ ਚੁਕੀਆਂ ਹਨ, ਦਿੱਲੀ ਪੁਲੀਸ ਨੇ ਵੀ ਖਤਰਨਾਕ ਦਹਿਸ਼ਤਗਰਦ ਹਰਜਿੰਦਰ ਸਿੰਘ ਜਿੰਦਾ ਨੂੰ ਕਾਬੂ ਕਰਨ ਲਈ ਇਸੇ ਤਕਨੀਕ ਦੀ ਵਰਤੋਂ ਕੀਤੀ ਅਤੇ ਜਿੰਦੇ ਦੇ ਸਾਥੀ ਸਤਨਾਮ ਸਿੰਘ ਬਾਵਾ ਨੂੰ ਜਿੰਦੇ ਵਿਰੁਧ ਹੀ ਮੁਖਬਰੀ ਲਈ ਮਜਬੂਰ ਕੀਤਾ। ਸੂਤਰਾਂ ਅਨੁਸਾਰ ਬਾਵਾ ਨੂੰ ਪੁਲੀਸ ਦੇ ਚੁੰਗਲ ਵਿਚ ਫਸਾਉਣ ਅਤੇ ਮੁਖਬਰੀ ਲਈ ਮਜ਼ਬੂਰ ਕਰਨ ਵਾਸਤੇ ਉਸ ਦੀ ਪਤਨੀ ਤੇ ਇਕ ਸਾਬਕਾ ਸਹਿਯੋਗੀ ਦੀ ਮੱਦਦ ਲਈ ਗਈ।

**ਨਵੇਂ ਰੰਗਰੂਟ ਪੁਲੀਸ ਲਈ ਲਾਹੇਵੰਦ :** ਗੁਪਤਚਰ ਵਿੰਗ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਨਵੀਂ ਤਕਨੀਕ ਦੀ ਸਫਲਤਾ ਦਾ ਮੁਖ ਵਜ੍ਹਾ 'ਕੱਟੜ' ਤੇ "ਖੌਫਨਾਕ" ਦਹਿਸ਼ਤਪਸੰਦਾਂ ਦੀ ਗਿਣਤੀ ਦਾ ਘਟਣਾ ਅਤੇ ਦਹਿਸ਼ਤਪਸੰਦ ਟੋਲਿਆਂ ਦੀ ਗੁੱਟਬੰਦੀ ਵਿਚ ਵਾਧੇ ਕਾਰਨ ਨਵੇਂ ਨਵੇਂ ਰੰਗਰੂਟਾਂ — ਪੁਲੀਸ ਦੀ ਸ਼ਬਦਾਵਲੀ ਵਿਚ "ਸਾਫਟਬੈਲੀ" — ਦੀ ਗਿਣਤੀ ਵਧਣਾ ਹੈ। ਇਸ ਅਧਿਕਾਰੀ ਅਨੁਸਾਰ ਨਵੇਂ ਨਵੇਂ ਰੰਗਰੂਟ ਮਾਨਸਿਕ ਤੇ ਬੌਧਿਕ ਕਚਿਆਈ ਕਾਰਨ ਆਪਣੇ "ਕਾਰਨਾਮਿਆਂ" ਨੂੰ ਬਹੁਤੀ ਦੇਰ ਤਕ ਢਿੱਡ ਵਿਚ ਪਚਾ ਕੇ ਨਹੀਂ ਰੱਖ ਸਕਦੇ ਅਤੇ ਫੜ੍ਹਾਂ ਮਾਰਨ ਦੀ ਪਰਵਿਰਤੀ ਕਾਰਨ ਅਕਸਰ ਹੀ ਅਹਿਮ ਰਾਜ਼ ਉਗਲ ਜਾਂਦੇ ਹਨ। ਇਸ ਤਰ੍ਹਾਂ ਉਹ ਘਟਨਾਵਾਂ ਤੋਂ ਬਹੁਤ ਜਲਦੀ ਬਾਅਦ ਹੀ ਪੁਲੀਸ ਦੇ ਕਾਬੂ ਆ ਜਾਂਦੇ ਹਨ। ਇਕ ਵਾਰ ਪੁਲੀਸ ਦੀ ਗ੍ਰਿਫਤ ਵਿਚ ਆਉਣ 'ਤੇ ਇਨ੍ਹਾਂ ਤੋਂ ਭੇਦ ਖੁਲ੍ਹਵਾਉਣਾ ਕੋਈ ਔਖਾ ਕੰਮ ਨਹੀਂ ਹੁੰਦਾ। ਅਧਿਕਾਰੀ ਅਨੁਸਾਰ ਤਰਨਤਾਰਨ ਖੇਤਰ ਵਿਚ ਚਾਰ ਸਕੂਲ ਅਧਿਆਪਕਾਂ ਦੀਆਂ ਹਤਿਆਵਾਂ ਮਗਰੋਂ ਰਾਜਪਾਲ ਸਿਧਾਰਥ ਸ਼ੰਕਰ ਰੇਅ ਦਾ ਇਹ ਦਾਅਵਾ ਕਿ ਹਤਿਆਵਾਂ ਨੂੰ ਹਫਤੇ ਦਸਾਂ ਦਿਨਾਂ ਵਿਚ ਕਾਬੂ ਕਰ ਲਿਆ ਜਾਵੇਗਾ, ਕੋਈ ਫੋਕਾ ਦਮਗਜਾ ਨਹੀਂ ਸੀ ਪੁਲੀਸ ਦਾ ਪਿਛਲੇ ਕੁਝ ਮਹੀਨਿਆਂ ਦਾ ਰਿਕਾਰਡ ਹੀ ਅਜਿਹਾ ਰਿਹਾ ਹੈ ਕਿ ਉਹ ਅਜਿਹੇ ਦਾਅਵਿਆਂ ਪ੍ਰਤੀ ਭਰੋਸਾ ਜਗਾਉਂਦਾ ਹੈ। ਮੁਸਤਫਾਪੁਰ, ਜਗਦੇਵ ਕਲਾਂ, ਲਾਲੜੂ ਤੇ ਦਰਿਆਪੁਰ ਬੱਸ ਹਤਿਆ ਕਾਂਡਾਂ ਵਰਗੀਆਂ ਘਟਨਾਵਾਂ ਲਈ ਜ਼ਿਮੇਵਾਰ ਅਨਸਰਾਂ ਦੀ ਪੁਲੀਸ ਨੇ ਦਸ-ਪੰਦਰਾਂ ਦਿਨਾਂ ਵਿਚ ਹੀ ਸ਼ਨਾਖਤ ਕਰ ਲਈ ਅਤੇ ਇਨ੍ਹਾਂ ਕੇਸਾਂ ਦੇ ਕੁਝ ਦੋਸ਼ੀ ਜਾਂ ਤਾਂ ਕਾਬੂ ਕਰ ਲਏ ਅਤੇ ਜਾਂ ਫਿਰ "ਖਤਮ" ਕਰ ਦਿੱਤੇ।

ਖੁਫੀਆ ਸੂਤਰਾਂ ਅਨੁਸਾਰ ਇਹ ਧਾਰਨਾ ਗਲਤ ਹੈ ਕਿ ਦਹਿਸ਼ਤਪਸੰਦ ਪੁੱਛਗਿਛ ਦੌਰਾਨ ਪੁਲੀਸ ਨੂੰ ਕੋਈ ਅਹਿਮ ਜਾਣਕਾਰੀ ਨਹੀਂ ਦਿੰਦੇ ਅਤੇ ਜੋ ਕੁਝ ਦੱਸਦੇ ਵੀ ਹਨ ਤਾਂ ਉਹ ਪੁਲੀਸ ਨੂੰ ਗੁਮਰਾਹ ਕਰਨ ਲਈ ਹੁੰਦਾ ਹੈ। ਸੂਤਰਾਂ ਦਾ ਕਹਿਣਾ ਹੈ ਕਿ ਖੌਫਨਾਕ ਤੋਂ ਖੌਫਨਾਕ ਦਹਿਸ਼ਤਪਸੰਦ ਵੀ "ਪੁੱਛਗਿਛ" ਦੌਰਾਨ ਪੁਲੀਸ ਵਲੋਂ ਦਿਤਾ ਜਾਣ ਵਾਲਾ "ਸੇਕ" ਬਰਦਾਸ਼ਤ ਨਹੀਂ ਕਰ ਸਕਦੇ ਅਤੇ ਛੇਤੀ ਹੀ "ਬੋਲਣ" ਲਗ ਜਾਂਦੇ ਹਨ।

**ਮੁਖਬਰ ਢਾਂਚਾ :** ਸੂਤਰਾਂ ਨੇ ਦੱਸਿਆ ਕਿ ਪਿਛਲੇ ਦਸ ਮਹੀਨਿਆਂ ਦੌਰਾਨ ਪੁਲੀਸ ਦਾ ਮੁਖਬਰੀ ਢਾਂਚਾ ਅੱਛਾ-ਖਾਸਾ ਮਜ਼ਬੂਤ ਹੋਇਆ ਹੈ। ਪਿਛਲੇ ਸਾਲ ਮੁਖਬਰਾਂ ਦੀਆਂ ਉਤੋੜਿੱਤੀ ਹਤਿਆਵਾਂ ਨੇ ਸੰਭਾਵੀ ਮੁਖਬਰਾਂ ਨੂੰ ਦਹਿਲਾ ਦਿਤਾ ਸੀ ਪਰ ਹੁਣ ਮੋਟੇ ਇਨਾਮਾਂ ਦੇ ਲਾਲਚ ਅਤੇ ਪੁਲੀਸ ਅਧਿਕਾਰੀਆਂ ਵਲੋਂ ਉਨ੍ਹਾਂ ਦੇ ਨਾਂ-ਪਤੇ ਮੁਕੰਮਲ ਤੌਰ 'ਤੇ ਗੁਪਤ ਰੱਖਣ ਦੇ ਰੁਝਾਨ ਨੇ ਮੁਖਬਰਾਂ ਦੀ ਗਿਣਤੀ ਅਤੇ ਮੁਖਬਰੀ ਰਾਹੀਂ ਹਾਸਲ ਹੋਣ ਵਾਲੀ ਅਹਿਮ ਜਾਣਕਾਰੀ ਵਿਚ ਭਰਵਾਂ ਵਾਧਾ ਕੀਤਾ ਹੈ।

**ਵਧੀਆ ਵਸੀਲਾ :** ਸੂਤਰਾਂ ਅਨੁਸਾਰ ਦਹਿਸ਼ਤਪਸੰਦਾਂ ਵਿਚਲੀ ਖਾਨਾਜੰਗੀ ਮੁਖਬਰੀ ਦਾ ਸਭ ਤੋਂ ਵਧੀਆ ਵਸੀਲਾ ਸਾਬਤ ਹੋ ਰਹੀ ਹੈ। ਹਾਲਾਂ ਕਿ ਬਹੁਤੇ ਖਾੜਕੂ ਨੇਤਾ ਵੱਖ ਵੱਖ ਟੋਲਿਆਂ ਵਿਚਾਲੇ ਏਕਾ ਹੋਣ ਦੇ ਦਾਅਵੇ ਕਰਦੇ ਹਨ, ਪਰ ਉਨ੍ਹਾਂ ਵਿਚਲੇ ਬੁਨਿਆਦੀ ਮਤਭੇਦ ਤੇ ਲੀਡਰਾਂ ਵਿਚਲੀ ਹਉਮੈ ਪਹਿਲਾਂ ਵਾਂਗ ਹੀ ਬਰਕਰਾਰ ਹੈ ਅਤੇ ਉਹ ਇਕ-ਦੂਜੇ ਨੂੰ ਥੱਲੇ ਲਾਉਣ ਲਈ ਅਜੇ ਵੀ ਸਰਗਰਮ ਹਨ।

ਖੁਫੀਆ ਅਧਿਕਾਰੀ ਮੰਨਦੇ ਹਨ ਕਿ ਦਹਿਸ਼ਤਪਸੰਦ ਇਕ-ਅੱਧ ਵੱਡੇ ਕਾਰੇ ਰਾਹੀਂ ਹੀ ਵਰਤਮਾਨ ਸਥਿਤੀ ਨੂੰ ਖੜਬਾਜ਼ੀ ਦਿਵਾ ਕੇ ਆਪਣਾ ਹੱਥ ਉਚਾ ਕਰ ਸਕਦੇ ਹਨ। ਨਾ ਹੀ ਉਨ੍ਹਾਂ ਨੂੰ ਕੋਈ ਅਜਿਹਾ ਭਰਮ ਹੈ ਕਿ ਦਹਿਸ਼ਤਪਸੰਦੀ ਨੂੰ ਛੇ ਮਹੀਨਿਆਂ ਜਾਂ ਦੋ ਸਾਲਾਂ ਵਿਚ ਖਤਮ ਕਰ ਦਿੱਤਾ ਜਾਵੇਗਾ। ਪਰ ਉਨ੍ਹਾਂ ਨੂੰ ਇਸ ਗੱਲ ਦੀ ਤਸੱਲੀ ਜ਼ਰੂਰ ਹੈ ਕਿ ਸੁਰੱਖਿਆ ਢਾਂਚਾ ਵਰਤਮਾਨ ਹਾਲਤ ਵਿਚ ਕੁਝ ਕਾਰਗਰ ਜ਼ਰੂਰ ਸਾਬਤ ਹੋ ਰਿਹਾ ਹੈ ਜਿਵੇਂ ਕਿ ਇਕ ਅਧਿਕਾਰੀ ਦਾ ਕਥਨ ਸੀ, "ਕੀ ਏਨੀ ਗੱਲ ਹੀ ਕਾਫੀ ਨਹੀਂ ਕਿ ਹੁਣ ਹਰ ਵਾਰ ਸਾਨੂੰ ਹੀ ਮਾਰ ਨਹੀਂ ਪੈਂਦੀ।"

# ਪਨਾਹ ਦੇਣ ਦੇ ਦੋਸ਼ 'ਚ 3 ਕਾਬੂ

ਮੋਗਾ — ਪੁਲਸ ਨੇ ਦਹਿਸ਼ਤਪਸੰਦਾਂ ਨੂੰ ਸ਼ਰਨ ਦੇਣ ਦੇ ਦੋਸ਼ ਹੇਠ ਬਲਦੇਵ ਸਿੰਘ, ਅਵਤਾਰ ਸਿੰਘ ਤੇ ਕੁਲਦੇਵ ਸਿੰਘ ਨੂੰ ਗ੍ਰਿਫਤਾਰ ਕੀਤਾ ਪੁਲਸ ਅਨੁਸਾਰ ਫੜੇ ਗਏ ਤਿੰਨ ਕਥਿਤ ਦੋਸ਼ੀ ਪਿੰਘ ਸੰਘਵਾਲਾ ਦੇ ਰਹਿਣ ਵਾਲੇ ਹਨ।


# FIVE RIVERS FISH 'N CHIPS

## ਫਾਈਵ ਰਿਵਰਜ਼ ਫਿਸ਼ ਐਂਡ ਚਿਪਸ

6591 Fraser St. (at 50th & Fraser) Vancouver, B.C. V5X 3T4 **Ph. 327-7455**

**ਇੰਡੀਅਨ ਸਟਾਇਲ ਮਸਾਲੇਦਾਰ ਮੱਛੀ ਅਤੇ ਮੁਰਗੇ ਦਾ ਅਨੰਦ ਮਾਨਣ ਲਈ ਫਾਈਵ ਰਿਵਰਜ਼ ਫਿਸ਼ ਐਂਡ ਚਿਪਸ 'ਤੇ ਆਓ**

ਮੁਰਗਾ ਮਸਾਲੇ ਵਾਲਾ
Spicy (Masala) Chicken
$4.45 lb.

ਸੀਨਾ ਮਸਾਲੇ ਵਾਲਾ ਮੁਰਗੇ ਦਾ
Only Breasts (Spicy)
$6.95 lb.

ਮਸਾਲੇ ਵਾਲੀ ਮੱਛੀ ਦੇ ਪਕੌੜੇ
Spicy (Masala) Fish
$5.95 lb.

ਇਸ ਤੋਂ ਇਲਾਵਾ ਅੰਗਰੇਜ਼ੀ ਸਟਾਇਲ ਦੀ ਮੱਛੀ, ਫਰਾਈਡ ਚਿਕਨ ਅਤੇ ਸੀ ਫੂਡ ਵੀ ਮਿਲਦਾ ਹੈ
ਤੁਸੀਂ ਫੋਨ 'ਤੇ ਵੀ ਆਰਡਰ ਕਰ ਸਕਦੇ ਹੋ
ਪਾਰਟੀਆਂ ਵਾਸਤੇ ਸਪੈਸ਼ਲ ਡਿਸਕਾਊਂਟ ਵੀ ਦਿੱਤਾ ਜਾਂਦਾ ਹੈ

ਅਸੀਂ ਛੋਲੇ ਭਟੂਰੇ, ਸਪੈਸ਼ਲ ਮੱਛੀ ਵਾਲੇ ਸਮੋਸੇ ਬਣਾਉਂਦੇ ਹਾਂ, ਜੋ ਵੈਨਕੂਵਰ ਵਿਚ ਖਾਸ ਹਨ

ਠੰਡੀ ਬੀਅਰ ਅਤੇ ਹਰ ਕਿਸਮ ਦਾ ਮੀਟ ਦਾ ਆਚਾਰ ਇਥੋਂ ਮਿਲਦਾ ਹੈ

# ਲਖਨਊ 'ਚ ਅੱਠ ਪਾਰਟੀ ਕ੍ਰਾਂਤੀ ਮੋਰਚੇ ਵੱਲੋਂ ਵਿਸ਼ਾਲ ਰੈਲੀ

ਲਖਨਊ, 16 ਅਕਤੂਬਰ (ਲ. ਸ.)—ਕੌਮੀ ਪਾਰਟੀਆਂ ਦੇ ਬਹੁਤ ਸਾਰੇ ਉੱਘੇ ਲੀਡਰਾਂ ਨੇ ਏਥੇ ਹੋਈ ਇਕ ਵਿਸ਼ਾਲ ਰੈਲੀ ਨੂੰ ਸੰਬੋਧਨ ਕਰਦਿਆਂ ਇਹ ਮੰਗ ਜ਼ੋਰਦਾਰ ਢੰਗ ਨਾਲ ਉਚੀ ਕੀਤੀ ਕਿ ਲੋਕ ਸਭਾ ਅਤੇ ਉਤਰ ਪ੍ਰਦੇਸ਼ ਸਰਕਾਰ ਤੁਰੰਤ ਭੰਗ ਕਰਕੇ ਨਵੇਂ ਸਿਰੇ ਤੋਂ ਚੋਣਾਂ ਕਰਵਾਈਆਂ ਜਾਣ।

ਇਹ ਰੈਲੀ ਏਥੇ ਦੀ ਇਤਿਹਾਸਕ ਬੇਗਮ ਹਜ਼ਰ ਮਹੱਲ ਪਾਰਕ ਵਿਖੇ ਅਠ ਪਾਰਟੀ ਕਰਾਂਤੀਕਾਰੀ ਮੋਰਚੇ ਵਲੋਂ ਜਥੇਬੰਦ ਕੀਤੀ ਗਈ।

ਇਸ ਵਿਸ਼ਾਲ ਰੈਲੀ ਨੂੰ ਸੰਬੋਧਨ ਕਰਦਿਆਂ ਹਿੰਦ ਕਮਿਊਨਿਸਟ ਪਾਰਟੀ (ਮ) ਦੇ ਜਨਰਲ ਸੇਕਟਰੀ ਸਾਥੀ ਈ. ਐਮ. ਐਸ. ਨੰਬੂਦਰੀਪਾਦ ਨੇ ਕਿਹਾ ਕਿ ਇਸ ਰੈਲੀ ਨੇ ਇਹ ਗਲ ਸਾਬਤ ਕਰ ਦਿਤੀ ਹੈ ਕਿ ਯੂ. ਪੀ. ਕਾਂਗਰਸ ਆਈ ਜਾਂ ਬੀ. ਜੇ.ਪੀ. ਦੀ ਅਜਾਰੇਦਾਰੀ ਨਹੀਂ।

ਸੀ. ਪੀ. ਆਈ. (ਐਮ) ਆਗੂ ਨੇ ਇਹ ਵਿਸ਼ਵਾਸ਼ ਪ੍ਰਗਟਾਇਆ ਕਿ ਕਰਾਂਤੀਕਾਰੀ ਮੋਰਚਾ ਹਾਕਮ ਪਾਰਟੀ ਦੇ ਕਫਨ ਵਿਚ ਆਖਰੀ ਕਿਲ ਸਾਬਤ ਹੋਵੇਗਾ।

ਸੀ. ਪੀ. ਆਈ. ਦੇ ਜਨਰਲ ਸੈਕਟਰੀ ਸਾਥੀ ਸੀ. ਰਾਜੇਸ਼ਵਰ ਰਾਓ ਨੇ ਰੈਲੀ ਨੂੰ ਸੰਬੋਧਨ ਕਰਦਿਆਂ ਫਿਰਕੂ, ਪਿਛੇ-ਖਿਚੂ ਅਤੇ ਜਾਤ ਪ੍ਰਸਤੀ ਦੀਆਂ ਸ਼ਕਤੀਆਂ ਦੇ ਮੁੜ-ਉਥਾਨ ਬਾਰੇ ਲੋਕਾਂ ਨੂੰ ਚੇਕਸ ਕੀਤਾ। ਉਹਨਾਂ ਨੇ ਅਪੋਜ਼ੀਸ਼ਨ ਪਾਰਟੀਆਂ ਨੂੰ ਸੱਦਾ ਦਿਤਾ ਕਿ ਉਹ ਰਲਕੇ ਇਹਨਾਂ ਫਿਰਕੂ,ਪਿਛੇ-ਖਿਚੂ ਅਤੇ ਕਾਲੀਆਂ ਸ਼ਕਤੀਆਂ ਨੂੰ ਭਾਂਜ ਦੇਣ।

ਰੈਲੀ ਵਿਚ ਭਾਸ਼ਣ ਦਿੰਦਿਆਂ ਲੋਕ ਦਲ ਦੇ ਪਰਧਾਨ ਐਚ. ਐਨ. ਬਹੁਗੁਣਾਂ ਨੇ ਕਿਹਾ ਇਹ ਰੈਲੀ ਕੇਂਦਰ ਵਿਚ ਮੌਜੂਦਾ ਢਾਂਚੇ ਨੂੰ ਬਦਲਣ ਲਈ ਸੰਘਰਸ਼ ਦਾ ਆਰੰਭ ਹੈ। ਉਹਨਾਂ ਕਿਹਾ ਕਿ ਮੌਜੂਦਾ ਸਰਕਾਰ ਜਿਥੇ ਹਰ ਮੋਰਚੇ ਤੇ ਫੇਲ੍ਹ ਹੋਈ ਹੈ ਓਥੇ ਇਹ ਕਿਸਾਨਾਂ ਨੂੰ ਲਾਹੇਵੰਦ ਭਾਅ ਵੀ ਨਹੀਂ ਦੇ ਸਕੀ। ਉਹਨਾਂ ਨੇ ਕਾਂਗਰਸ ਦਾ ਯੋਗ ਬਦਲ ਪੇਸ਼ ਕਰਨ ਲਈ ਅਪੋਜ਼ੀਸ਼ਨ ਪਾਰਟੀਆਂ ਤੇ ਜ਼ੋਰ ਦਿਤਾ।

ਕਰਨਾਟਕ ਦੇ ਮੁੱਖ ਮੰਤਰੀ ਰਾਮ ਕ੍ਰਿਸ਼ਨ ਹੇਗੜੇ ਨੇਕਿਹਾ ਕਿ ਕਾਂਗਰਸ ਲੋਕਾਂ ਵਿਚ ਹਰਮਨ ਪਿਆਰੀ ਨਾ ਹੋਣ ਕਾਰਨ ਤਾਕਤ ਵਿਚ ਨਹੀਂ। ਉਹਨਾਂ ਨੇ ਕਾਂਗਰਸ ਆਈ ਦੀਆਂ ਲੋਕ-ਦੁਸ਼ਮਣ ਨੀਤੀਆਂ ਦੀ ਸਖਤ ਨਿਖੇਧੀ ਕੀਤੀ।

ਜਨਤਾ ਪਾਰਟੀ ਦੇ ਪਰਧਾਨ ਸ੍ਰੀ ਚੰਦਰ ਸ਼ੇਖਰ ਨੇ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਹਾਕਮ ਪਾਰਟੀ ਦੀਆਂ ਗਲਤ ਆਰਥਕ ਨੀਤੀਆਂ ਕਾਰਨ ਸ਼ਹਿਰੀ ਅਤੇ ਪੇਂਡੂ ਖੇਤਰਾ ਵਿਚ ਪਾੜਾ ਵਧ ਰਿਹਾ ਹੈ। ਉਹਨਾਂ ਕਿਹਾ ਕਿ ਕਾਂਗਰਸ ਆਈ ਦੇਸ ਦੀਆਂ ਬੁਨਿਆਦੀ ਸਮਸਿਆਵਾਂ ਹੱਲ ਨਹੀਂ ਕਰ ਸਕੀ।

ਇਸ ਰੈਲੀ ਵਲੋਂ ਪਾਸ ਕੀਤੇ ਗਏ ਇਕ ਮਤੇ ਵਿਚ ਮੰਗ ਕੀਤੀ ਗਈ ਕਿ ਰਾਜੀਵ ਗਾਂਧੀ ਦੀ ਸਰਕਾਰ ਲੋਕਾਂ ਦਾ ਭਰੋਸਾ ਖੋਹ ਚੁਕੀ ਹੈ ਇਸ ਲਈ ਮੌਜੂਦਾ ਸਭਾ ਭੰਗ ਕਰਕੇ ਨਵੀਆਂ ਚੋਣਾਂ ਕਰਾਈਆਂ ਜਾਣ।


## ਅਸੀਂ ਸਾਰਾ ਦੋਸ਼ ਮੌਸਮ ਦੇ ਸਿਰ ਨਹੀਂ ਦੇ ਸਕਦੇ



## ਦਸ ਕਾਰ ਹਾਦਸਿਆਂ ਵਿਚੋਂ ਅੱਠ ਤੋਂ ਵੱਧ ਹਾਦਸੇ ਡਰਾਈਵਰਾਂ ਕਾਰਨ ਹੁੰਦੇ ਹਨ

ਮੌਸਮ, ਜੰਮ੍ਹਾਂ ਸੜਕਾਂ ਤੇ ਵਾਹਨ ਦੀ ਦਸ਼ਾ ਬੀ. ਸੀ. ਵਿਚ 20% ਹਾਦਸਿਆਂ ਦਾ ਕਾਰਨ ਬਣਦੇ ਹਨ।

ਪਰ ਦੂਜੇ 80% ਹਾਦਸੇ? ਇਨ੍ਹਾਂ ਦਾ ਕਾਰਨ **ਲੋਕ** ਹਨ: ਮਨੁੱਖੀ ਹਰਕਤਾਂ ਅਤੇ ਮਨੁੱਖੀ ਦਸ਼ਾ।

1986 ਵਿਚ ਹਾਦਸਿਆਂ ਕਾਰਨ ਰੀਕਾਰਡ-ਤੋੜ 539,000 ਆਟੋਪਲਾਨ ਕਲੇਮ ਹੋਏ। ਹਰ 60 ਸੈਕਿੰਡ ਪਿਛੋਂ ਇਕ ਕਲੇਮ।

1987 ਵਿਚ ਅਸੀਂ **ਉਹ** ਰੀਕਾਰਡ ਵੀ ਤੋੜ ਰਹੇ ਹਾਂ

### 1986 ਦੇ ਹਾਦਸਿਆਂ ਦੇ ਕਾਰਨ :




### ਆਈ. ਸੀ. ਬੀ. ਸੀ. ਇਸ ਬਾਰੇ ਕੀ ਕਰ ਰਹੀ ਹੈ ?

ਅਸੀਂ ਟਰੈਫਿਕ ਬਚਾਅ ਵਿੱਦਿਆ ਰਾਹੀਂ ਹਾਦਸਿਆਂ ਨੂੰ ਘਟਾਉਣ ਲਈ ਕੰਮ ਕਰ ਰਹੇ ਹਾਂ। ਬਚਾਅ ਵਾਲੀਆਂ ਬੈਲਟਾਂ ਦੀ ਵਰਤੋਂ ਨੂੰ ਉਤਸ਼ਾਹਤ ਕੀਤਾ ਜਾ ਰਿਹਾ ਹੈ।

ਅਟੌਰਨੀ-ਜਨਰਲ ਦੀ ਵਜ਼ਾਰਤ ਨਾਲ ਰਲਕੇ ਸ਼ਰਾਬ ਪੀਣ ਵਾਲੇ ਡਰਾਈਵਰ ਵਿਰੁੱਧ ਕਾਰਵਾਈ ਦੀ ਸੂਪ੍ਰਸਤੀ ਕਰਕੇ ਸ਼ਰਾਬ ਨਾਲ ਸਬੰਧਤ ਹਾਦਸਿਆਂ ਅਤੇ ਮੌਤਾਂ ਨੂੰ ਬੀ. ਸੀ. ਵਿਚ ਘਟਾਉਣ ਲਈ ਅਸੀਂ ਕੋਸ਼ਿਸ਼ ਕਰ ਰਹੇ ਹਾਂ

ਆਈ. ਸੀ. ਬੀ. ਸੀ. ਅਧਿਆਪਕਾਂ, ਸਕੂਲ ਬੱਚਿਆਂ, ਪੁਲੀਸ, ਸੇਫਟੀ ਕੌਂਸਲਾਂ ਅਤੇ ਮਿਊਂਸਪਲ ਸਰਕਾਰਾਂ ਨਾਲ ਮਿਲ ਕੇ 'ਬੁਨਿਆਦੀ' ਟਰੈਫਿਕ ਸੇਫਟੀ ਪ੍ਰੋਗਰਾਮ ਵੀ ਚਲਾਉਂਦੀ ਹੈ।

ਆਈ. ਸੀ. ਬੀ. ਸੀ. ਵਿਚ ਅਸੀਂ ਜੋ ਕਰ ਸਕਦੇ ਹਾਂ, ਕਰ ਰਹੇ ਹਾਂ। ਪਰ ਅਸਲ ਹੱਲ ਵਿਅਕਤੀਗਤ ਮੋਟਰਾਂ ਚਲਾਉਣ ਵਾਲੇ ਹੀ ਕਰ ਸਕਦੇ ਹਨ।

### ਤੁਸੀਂ ਕੀ ਕਰ ਸਕਦੇ ਹੋ ?

ਨਿਯਮਾਂ ਨੂੰ ਮੰਨੋ। ਅਸੀਂ ਸਾਰੇ ਇਨ੍ਹਾਂ ਨੂੰ ਜਾਣਦੇ ਹਾਂ। ਰਫਤਾਰ ਦੀ ਸੀਮਾ ਨਾਲ ਬੱਝ ਕੇ ਰਹੋ। ਮੋੜਾਂ ਉਤੇ ਸਿਗਨਲਾਂ ਦੀ ਵਰਤੋਂ ਕਰੋ। ਪੀਲੀ ਬੱਤੀ (ਖਾਸ ਕਰ **ਲਾਲ**) ਹੋਣ ਸਮੇਂ ਨਾ ਲੰਘੋ। ਰੁਕਣ ਵਾਲੇ ਨਿਸ਼ਾਨਾਂ ਉਤੇ ਮੁਕੰਮਲ ਤੌਰ ਉਤੇ ਰੁਕੋ। ਸ਼ਰਾਬ ਪੀ ਕੇ ਗੱਡੀ ਨਾ ਚਲਾਓ। ਇਹ 'ਮਨੁੱਖੀ ਕਰਮ' ਹਨ ਜੋ ਹਾਦਸਿਆਂ ਨੂੰ **ਰੋਕਦੇ** ਹਨ। ਕਿਸੇ ਵੀ ਮੌਸਮ ਵਿਚ।

**ਹਾਦਸੇ ਹਰਇਕ ਨੂੰ ਦੁੱਖ ਪਹੁੰਚਾਉਂਦੇ ਹਨ** ICBC

# ਮਿ. ਤਰਸੇਮ ਸਿੰਘ ਤੂਰ ਅਤੇ ਸੰਗਤਾਰ ਸਿੰਘ ਸੰਧੂ ਕੇਸ
# ਕਈ ਹੋਰ ਲੋਕਾਂ ਦੇ ਨਾਮ ਸਾਹਮਣੇ ਆਏ

ਲੰਡਨ — ਸ੍ਰੀ ਤਰਸੇਮ ਸਿੰਘ ਤੂਰ ਅਤੇ ਸੰਗਤਾਰ ਸਿੰਘ ਸੰਧੂ ਦੇ ਓਲਡਬੇਲੀ (ਲੰਡਨ) ਦੀ ਅਦਾਲਤ ਨੰਬਰ ਇਕ ਵਿਚ ਚਲ ਰਹੇ ਕੇਸ ਦੇ ਸਬੰਧ ਵਿਚ ਕਾਰਵਾਈ ਜਾਰੀ ਰਖਦਿਆਂ ਦਸਿਆ ਗਿਆ ਹੈ ਕਿ 11 ਅਕਤੂਬਰ 1986 ਨੂੰ ਸੁਹ ਮਿਲਣ ਤੇ ਪੁਲੀਸ ਲਮਿੰਗਟਨ ਸਪਾ ਦੇ ਇਕ ਸਟਰਨ ਹੋਪਕਿਨ ਦੇ ਫਲੈਟ ਨੰਬਰ ਚਾਰ ਵਿਚ ਗਈ। ਤਲਾਸ਼ੀ ਲੈਣ ਤੇ ਪੁਲੀਸ ਨੂੰ ਉਥੋਂ ਦੋ ਡਬਲ ਬੈਰਲ ਸ਼ਾਟਗੰਨਾਂ ਮਿਲੀਆਂ। ਉਸੇ ਫਲੈਟ ਵਿਚ ਇਕ ਦੂਜਾ ਬੰਦਾ ਪੈਟਰਿਕ ਟਿਲਮਿਨ ਆਪਣੀ ਗਰਲ ਫਰੈਂਡ ਨੂੰ ਅਚਾਨਕ ਲੈ ਕੇ ਆ ਗਿਆ। ਪੁਲੀਸ ਉਸ ਨੂੰ ਆਪਣੀ ਹਿਰਾਸਤ ਵਿਚ ਲੈ ਕੇ ਡਰਬੀ ਦੇ ਪੁਲੀਸ ਸਟੇਸ਼ਨ ਵਿਚ ਲੈ ਗਈ ਅਤੇ ਅਗਲੇ ਦਿਨ 12 ਅਕਤੂਬਰ 86 ਨੂੰ ਉਸ ਨੂੰ ਸਾਰਜੰਟ ਲੈਂਗਲੀ ਸਾਹਮਣੇ ਪੇਸ਼ ਕੀਤਾ ਗਿਆ ਸਾਰਜੰਟ ਲੈਂਗਲੀ ਅਗੇ ਪੈਟਰਿਕ ਟਿਮਲਿਨ ਨੇ ਮੰਨਿਆ ਕਿ ਉਸ ਨੂੰ ਇਕ ਬੰਦੇ ਜਗਦੀਸ਼ ਸਿੰਘ ਸੋਹਲ ਨੇ ਕਿਹਾ ਸੀ ਕਿ ਜੇ ਪੈਸੇ ਕਮਾਉਣੇ ਹਨ ਤਾਂ ਕੀ ਉਹ ਜਿਨ੍ਹਾਂ ਬੰਦਿਆਂ ਨੂੰ ਅਸੀਂ ਕਹੀਏ — ਮਾਰ ਸਕਦਾ ਹੈ; ਮੈਂ ਕਿਹਾ ਕਿ "ਮਾਰ ਸਕਦਾ ਹਾਂ।" ਪੈਟਰਿਕ ਟਿਮਲਿਨ 25 ਸਾਲਾਂ ਦੀ ਉਮਰ ਦਾ ਵਾਰਿਕਸ਼ਾਇਰ ਦੇ ਲਮਿੰਗਟਨ ਸਪਾ ਲਾਗੇ ਲਿਲਿੰਗਟਨ ਦਾ ਰਹਿਣ ਵਾਲਾ ਹੈ।

ਇਸ ਤੋਂ ਬਾਅਦ ਉਸਨੂੰ ਸੋਹਲ ਅਤੇ ਇਕ ਹੋਰ ਸਿੱਖ ਸਾਊਥਾਲ ਲੈ ਗਏ ਅਤੇ ਹੈਵਲਾਕ ਰੋਡ ਦੇ ਗੁਰਦਵਾਰੇ ਦੇ ਨਜ਼ਦੀਕ ਉਨ੍ਹਾਂ ਨੂੰ ਲੰਡਨ ਦਾ ਇਕ ਮੋਨਾ ਆਦਮੀ ਮਿਲਿਆ। ਉਸਨੂੰ ਮੈਨੂੰ ਸ਼ਾਟਗਨ ਦਿਤੀ ਅਤੇ ਕਾਰ ਵਿਚ ਬੈਠਾ ਕੇ ਕਰੇਨਫੋਰਡ ਲੈ ਗਿਆ। ਉਥੇ ਉਸਨੇ ਇਕ ਸਿੱਖ ਉਤੇ ਗੋਲੀ ਚਲਾਈ ਜਿਹੜਾ ਕਾਰ ਵਿਚ ਆਇਆ ਸੀ ਅਤੇ ਉਸਨੇ ਆਪਣੇ ਘਰ ਦੇ ਲਾਗੇ ਕਾਰ ਖੜੀ ਕੀਤੀ ਸੀ। ਇਸ ਸਿੱਖ ਨੂੰ ਗੋਲੀ ਮਾਰਨ ਲਈ ਅਸੀਂ ਇਕ ਕੋਰਟੀਨਾ ਕਾਰ ਵਿਚ ਗਏ ਸੀ। ਇਸ ਪਿਛੋਂ ਅਸੀਂ ਹੀਥਰੋ ਏਅਰਪੋਰਟ ਨੂੰ ਚਲੇ ਗਏ ਜਿਥੇ ਲੰਡਨ ਵਾਲੇ ਭਾਰਤੀ ਨੇ ਮੇਰੇ ਕੋਲੋਂ ਗੰਨ ਲੈ ਲਈ। ਕੋਰਟੀਨਾ ਕਾਰ ਅਸੀਂ ਉਥੇ ਹੀ ਤਿਆਗ ਦਿੱਤੀ।

13 ਅਕਤੂਬਰ, 86 ਨੂੰ ਚੀਫ ਸੁਪਰਡੈਂਟ ਗਾਏ ਮਿਲਜ਼ ਨੇ ਪੈਟਰਿਕ ਟਿਮਲਿਨ ਪਾਸੋਂ ਪੜਤਾਲ ਕੀਤੀ। ਉਸ ਵੇਲੇ ਇੰਸਪੈਕਟਰ ਸਟੀਵਨ ਵੀ ਉਥੇ ਮੌਜੂਦ ਸੀ। ਪੈਟਰਿਕ ਨੇ ਦਸਿਆ ਕਿ ਇਕ ਆਦਮੀ ਵੂਲਵਰਹੈਂਪਟਨ ਤੋਂ ਵੀ ਉਨ੍ਹਾਂ ਦੇ ਨਾਲ ਸੀ ਅਤੇ ਜਗਦੀਸ਼ ਸਿੰਘ ਸੋਹਲ ਦਾ ਭਰਾ ਵੀ ਕਾਰ ਵਿਚ ਸੀ। ਸੁਪਰਡੈਂਟ ਗਾਏ ਮਿਲਜ਼ ਨੂੰ ਵੀ ਪੈਟਰਿਕ ਨੇ ਦੱਸਿਆ ਕਿ ਕਰੇਨਫੋਰਡ ਵਿਖੇ ਇਕ ਸਿੱਖ ਉਤੇ ਗੋਲੀ ਮਾਰਨ ਤੋਂ ਬਾਅਦ ਲੰਡਨ ਵਾਲੇ ਭਾਰਤੀ ਨੇ ਉਸ ਤੋਂ ਗੰਨ ਵਾਪਸ ਲੈ ਲਈ ਸੀ।

ਆਪਣੇ ਬਿਆਨ ਵਿਚ ਉਸਨੇ ਅਗੇ ਚਲ ਕੇ ਕਿਹਾ ਕਿ ਇਕ ਹਰੇ ਰੰਗ ਦੀ ਕੈਪਰੀ ਕਾਰ ਵਿਚ ਉਸਨੂੰ ਸਾਊਥਾਲ ਦੇ ਗੁਰਦੁਆਰੇ ਇਕ ਆਦਮੀ ਮਿਲਿਆ, ਜੋ ਪਹਿਲਾਂ ਵੀ ਕਰੇਨਫੋਰਡ ਵਿਚ ਗੋਲੀ ਮਾਰਨ ਵੇਲੇ ਮਿਲਿਆ ਸੀ। ਜੋ ਸਾਰੇ ਕੰਮ ਦਾ ਇੰਚਾਰਜ ਲਗਦਾ ਸੀ। ਉਸ ਨੂੰ ਹੇਜ਼ ਦੇ ਇਕ ਹੋਟਲ ਵਿਚ ਲੈ ਗਿਆ। ਦੂਸਰੇ ਦਿਨ ਉਸਨੇ ਸਾਊਥਾਲ ਬਰਾਡਵੇਅ ਵਾਲੇ ਜਿਸ ਆਦਮੀ ਨੂੰ ਮਾਰਨਾ ਸੀ, ਉਸ ਬਾਰੇ ਦੱਸਿਆ। ਸ਼ਾਮਲ ਲਗ ਪਗ 9 ਵਜੇ, ਬਰਾਡਵੇਅ ਅਤੇ ਟਾਊਨਜ਼ੈਂਡ ਦੀ ਨੁੱਕਰ ਤੇ ਅਸੀਂ ਗੱਡੀ ਖੜੀ ਕਰ ਦਿੱਤੀ ਅਤੇ ਮੌਕਾ ਪਾ ਕੇ ਤਕਰੀਬਨ ਦਸ ਵਜੇ ਰਾਤ ਨੂੰ ਮੈਨੂੰ ਲੰਡਨ ਵਾਲੇ ਆਦਮੀ ਨੇ ਕਿਹਾ ਕਿ ਹੁਣ ਜਲਦੀ ਜਾ ਕੇ ਦਸੇ ਹੋਏ ਆਦਮੀ ਉਤੇ ਗੋਲੀ ਚੁਲਾਵੇਂ। ਉਹ ਪਲਾਸਟਿਕ ਦੇ ਬੈਗ ਵਿਚ ਗੰਨ ਪਾ ਕੇ ਦੁਕਾਨ ਤੇ ਗਿਆ ਅਤੇ ਸਕਿੰਟਾਂ ਵਿਚ ਗੋਲੀ ਮਾਰਕੇ ਪਾਰਕ ਕੀਤੀ ਕਾਰ ਵਲ ਭੱਜ ਗਿਆ ਅਤੇ ਉਥੋਂ ਉਹ ਕਾਰ ਵਿਚ ਬਹਿਕੇ ਅਗੇ ਦੌੜ ਗਏ।

ਅਦਾਲਤ ਵਿਚ ਇਹ ਵੀ ਦੱਸਿਆ ਕਿ 2 ਦਸੰਬਰ 86 ਨੂੰ ਪੀਲੀ ਡੈਟਸਨ ਕਾਰ ਗੁਰਮੇਲ ਸਿੰਘ ਬਸਰਾ ਚਲਾ ਰਿਹਾ ਸੀ। ਉਸ ਦੀ ਘਰ ਵਾਲੀ ਵੀ ਉਸਦੇ ਨਾਲ ਹੀ ਸੀ। ਪੁਲੀਸ ਨੇ ਅਚਾਨਕ ਬਸਰੇ ਨੂੰ "ਪਰੀਵੈਨਸ਼ਨ ਆਫ ਟੈਰਿਸਟ ਐਕਟ" Prevension of Terrorist Act ਦੇ ਅਧੀਨ ਪਕੜਿਆ ਹੈ। ਉਸਨੂੰ ਪੈਡਿੰਗਟਨ ਪੁਲੀਸ ਸਟੇਸ਼ਨ ਵਿਚ ਲੈ ਜਾਇਆ ਗਿਆ ਅਤੇ ਉਸ ਤੋਂ ਇਸਪੈਕਟਰ ਸੀਕੋਂਬ ਨੇ ਪੁਛ ਗਿਛ ਕੀਤੀ। ਬਸਰੇ ਦੀ ਸ਼ਰਾਬ ਦੀ ਦੁਕਾਨ ਟੋਟਨਹੈਮ ਵਿਚ, ਛੇ ਹਾਈ ਸਟਰੀਟ ਦੇ ਸਰਨਾਮੇ ਤੇ ਹੈ। ਬਸਰਾ ਇੰਗਲੈਂਡ ਵਿਚ 1967 ਵਿਚ ਆਇਆ ਸੀ। ਉਹ ਸਾਊਥਾਲ ਅਤੇ ਸ਼ੈਪਰਡਜ਼ਬੁਸ਼ ਦੇ ਗੁਰਦੁਆਰਿਆਂ ਵਿਚ ਜਾਇਆ ਕਰਦਾ ਸੀ। ਪਕੜਨ ਵੇਲੇ ਪੁਲੀਸ ਨੂੰ ਉਸ ਪਾਸੋਂ ਚਾਬੀਆਂ ਦਾ ਇਕ ਗੁਛਾ ਮਿਲਿਆ। ਜਿਸ ਵਿਚ ਉਸ ਦੀ ਦੁਕਾਨ ਅਤੇ ਸੇਫ ਦੀ ਚਾਬੀ ਵੀ ਸੀ। ਉਸਦੀ ਸੇਫ ਵਿਚੋਂ ਇਕ ਗੰਨ ਮਿਲੀ ਅਤੇ ਕੁਝ ਕਾਗਜ਼ਾਤ ਮਿਲੇ। ਪੁਛ ਗਿਛ ਵੇਲੇ ਉਸਨੇ ਕਿਹਾ ਕਿ ਉਸਦੀ ਪਤਨੀ ਤੇ ਬੱਚਿਆਂ ਨੂੰ ਬਹੁਤ ਖਤਰਾ ਰਹਿੰਦਾ ਹੈ ਅਤੇ ਉਹ ਆਦਮੀ ਬੜੇ ਖਤਰਨਾਕ ਹਨ। ਉਸਦੀ ਫੈਮਿਲੀ ਨੂੰ ਸੁਰੱਖਿਆ ਦਿਤੀ ਜਾਵੇ। ਉਸਨੇ ਕਿਹਾ ਕਿ ਉਹ ਸਭ ਕੁਝ ਦਸਣ ਨੂੰ ਤਿਆਰ ਹੈ। ਉਸਨੇ ਪੁਲੀਸ ਅਫਸਰ ਸੀਕੋਂਬ ਨੂੰ ਦੱਸਿਆ ਕਿ ਜੋ ਕੁਝ ਉਸਨੇ ਕੀਤਾ ਹੈ, ਉਸ ਦਾ ਉਹ ਜ਼ਿਮੇਂਵਾਰ ਹੈ।

ਉਸਨੇ ਇਹ ਵੀ ਦੱਸਿਆ ਕਿ ਦੋ ਸਾਲ ਪਹਿਲਾਂ ਬਰਮਿੰਘਮ ਵਿਚ ਉਹ ਗੁਰਮੇਲ ਸਿੰਘ ਰਾਗੀ ਅਤੇ ਇਕ ਹੋਰ ਆਦਮੀ ਕਿਹਰ ਸਿੰਘ ਮਾਨਚੈਸਟਰ ਵਾਲੇ ਨੂੰ ਮਿਲਿਆ ਸੀ। ਉਨ੍ਹਾਂ ਨੇ ਉਸ ਦੀ ਡਿਊਟੀ ਲਗਾਈ ਸੀ ਕਿ ਜਿਹੜਾ ਫੰਡ ਗੁਰਦੁਆਰਿਆਂ ਵਿਚ ਇਕੱਠਾ ਹੁੰਦਾ ਸੀ, ਉਸਨੂੰ ਭਾਰਤ ਵਿਚ ਪਹੁੰਚਾਵਾਂ। ਉਸਨੇ ਤਕਰੀਬਨ 140.000 ਪੌਂਡ ਪਹੁੰਚਾਇਆ ਹੈ। ਬਸਰੇ ਦੇ ਕਬਜ਼ੇ ਵਿਚੋਂ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਦੇ ਤਿੱਖੇ ਮੈਂਬਰਾਂ ਦੀ ਲਿਸਟ ਵੀ ਮਿਲੀ ਹੈ। ਉਨ੍ਹਾਂ ਦੇ ਐਡਰੈਸ ਅਤੇ ਟੈਲੀਫੋਨ ਨੰਬਰ ਵੀ ਉਸ ਲਿਸਟ ਉਤੇ ਦਰਜ ਹਨ। ਪਰਮਿੰਦਰ ਸਿੰਘ ਬੱਲ, ਸੁਰਜੀਤ ਸਿੰਘ 198 ਵੈਸਟਰਨ ਰੋਡ, ਸਾਊਥਾਲ, ਕਰਮਜੀਤ ਸਿੰਘ ਸਲੋਅ, ਕਰਮਜੀਤ ਸਿੰਘ ਚਾਹਲ, ਲਖਬੀਰ ਸਿੰਘ, ਹਰਬਿੰਦਰ ਸਿੰਘ, ਡਾ. ਜਸਦੇਵ ਰਾਏ, ਜਰਨੈਲ ਸਿੰਘ ਹੋਰ ਕਈਆਂ ਦੇ ਨਾਮ ਉਸ ਲਿਸਟ ਵਿਚ ਦਰਜ ਹਨ। ਬਸਰੇ ਨੇ ਦੱਸਿਆ ਕਿ ਉਹ ਸੰਤ ਭਿੰਡਰਾਂਵਾਲੇ ਦੇ ਭਤੀਜੇ ਜਸਬੀਰ ਸਿੰਘ ਨੂੰ ਵੀ ਮਿਲਿਆ ਸੀ।

ਉਸ ਦੀ ਬੈਂਕ ਬੁਕ ਉਤੇ 10,000 ਪੌਂਡ ਇਕ ਵਾਰ ਜਮ੍ਹਾ ਹੋਇਆ ਸੀ ਅਤੇ ਇਹ ਰਕਮ ਫੇਰ ਕਢਾਈ ਵੀ ਕਢਾਈ ਸੀ। ਉਸਨੇ ਇਸ ਰਕਮ ਬਾਰੇ ਕੋਈ ਉਤਰ ਨਹੀਂ ਦਿੱਤਾ। ਉਸਨੇ ਇਹ ਵੀ ਕਿਹਾ ਕਿ ਸੰਗਤਾਰ ਸਿੰਘ ਉਤੇ ਗੋਲੀ ਚਲਾਣ ਵਾਸਤੇ ਜਿਹੜੀ ਕਾਰ ਵਰਤੀ ਗਈ ਸੀ, ਉਹ ਕਾਰ ਸੁਰਜੀਤ ਸਿੰਘ ਏਅਰਪੋਰਟ ਉਤੇ ਲੈ ਗਿਆ ਸੀ।

### ਸੋਮਵਾਰ 12 ਅਕਤੂਬਰ

ਸਭ ਤੋਂ ਪਹਿਲਾਂ ਦੋ ਪੁਲਿਸ ਵਾਲਿਆਂ ਦੇ ਬਿਆਨ ਹੋਏ ਕਿ ਅਸੀਂ ਮਿਸਟਰ ਬਸਰਾ ਦੇ ਬਿਆਨ ਰਿਕਾਰਡ ਕੀਤੇ ਹਨ ਜਿਹੜੇ ਕਿ ਇਸ ਅਦਾਲਤ ਵਿਚ ਮੌਜੂਦ ਹਨ ਤੇ ਉਹ ਵੀ ਚੀਜ਼ਾਂ ਮੌਜੂਦ ਹਨ ਜਿਹੜੀਆਂ ਇਹਦੇ ਕੋਲੋਂ ਫੜੀਆਂ ਗਈਆਂ ਸਨ।

ਇਹ ਦੋਵੇਂ ਪੁਲਸੀਆਂ ਦੇ ਨਾਮ ਮਿਸਟਰ ਡੇਵਿਡ ਕੈਮਪ, ਤੇ ਮਿਸਟਰ ਕੈਮਪਟਨ ਹਨ। ਇਸ ਤੋਂ ਬਾਅਦ ਗੁਰਮੇਲ ਸਿੰਘ ਬਸਰਾ ਦਾ ਬਿਆਨ ਸ਼ੁਰੂ ਹੋਇਆ। ਗੁਰਮੇਲ ਸਿੰਘ ਬਸਰੇ ਨੂੰ ਸਫਾਈ ਦੇ ਬੈਰਿਸਟਰ ਨੇ ਅਦਾਲਤ ਵਿਚ ਫੋਟੋਆਂ ਦੇ ਕਈ ਸੈਟ ਦਿਖਾਏ। ਉਨ੍ਹਾਂ ਵਿਚ ਇਕ ਪ੍ਰੈਸ ਕਾਰਡ ਵੀ ਬਣਿਆ ਹੋਇਆ ਦਿਖਾਇਆ। ਆਵਾਜ਼ੇ ਕੌਮ ਨੇ ਇਸ ਨੂੰ ਆਪਣਾ ਰਿਪੋਰਟਰ ਬਣਾ ਕੇ ਇੰਡੀਆ ਭੇਜਣ ਦੀ ਯੋਜਨਾ ਬਣਾਈ ਹੋਈ ਸੀ। ਇਸਦੇ ਨਾਲ ਹੋਰ ਕਈਆਂ ਲੋਕਾਂ ਦੇ ਪ੍ਰੈਸ ਕਾਰਡ, ਤਸਵੀਰਾਂ ਲਾ ਕੇ ਬਣਾਏ ਹੋਏ ਸਨ।

ਗੁਰਮੇਲ ਸਿੰਘ ਬਸਰੇ ਨੇ ਕਿਹਾ ਕਿ ਮੈਨੂੰ ਅਖਬਾਰ ਦੇ ਮਾਲਿਕਾਂ ਨੇ ਇੰਡੀਆ ਜਾ ਕੇ ਰਿਪੋਰਟਾਂ ਭੇਜਣ ਵਾਸਤੇ ਇਹ ਮੇਰੀ ਫੋਟੋ ਵਾਲਾ ਕਾਰਡ ਮੈਨੂੰ ਦਿਤਾ ਸੀ। ਪਰ ਮੈਂ ਇਹ ਨੌਕਰੀ ਕਬੂਲ ਨਹੀਂ ਕੀਤੀ ਸੀ ਪਰ ਡਾਕਟਰ ਰਾਏ — ਜਿਹੜੇ ਕਿ ਇੰਡੀਆ ਵਿਚ ਆਵਾਜ਼ੇ ਕੌਮ ਦੇ ਕਰਤਾ

ਬਾਕੀ ਪੰਨਾ 15 ਤੇ


**A Lifetime of Memories**

ਵਿਆਹ ਅਤੇ ਪਾਰਟੀਆਂ ਅਤੇ ਹੋਰ ਯਾਦਗਾਰੀ ਮੌਕਿਆਂ ਲਈ
ਪੋਰਟਰੇਟ ਖਾਸ ਰਿਆਇਤ ਤੇ
ਹੋਰ ਹਰ ਤਰ੍ਹਾਂ ਦੀ ਫੋਟੋਗਰਾਫੀ ਲਈ ਸਸਤੇ ਰੇਟ

Portraits by
**Andrew W. Simpson**
Master of Photographic Arts

**Clearbrook Photographic Arts Inc.**
2623 Cedar Park Place Clearbrook, B.C. V2J 3S4

**Ph. 859-4222**


## ਸ: ਚੰਦੂਮਾਜਰਾ ਦਾ 9 ਤੱਕ ਜੁਡੀਸ਼ਅਲ ਰਿਮਾਂਡ

ਪੰਜਾਬ ਦੇ ਸਾਬਕਾ ਸਹਿਕਾਰਤਾ ਮੰਤਰੀ ਸ: ਪ੍ਰੇਮ ਸਿੰਘ ਚੰਦੂਮਾਜਰਾ ਦਾ ਜੁਡੀਸ਼ੀਅਲ ਰਿਮਾਂਡ 9 ਨਵੰਬਰ ਤੱਕ ਹੋਰ ਵਧਾ ਦਿੱਤਾ ਗਿਆ ਹੈ। ਸ: ਚੰਦੂ ਮਾਜਰਾ ਨੂੰ ਰਾਸ਼ਟਰਪਤੀ ਰਾਜ ਲਾਗੂ ਹੋਣ ਤੋਂ ਬਾਅਦ ਦਹਿਸ਼ਤਵਾਦ ਤੇ ਵਿਘਨਕਾਰੀ ਸਰਗਰਮੀਆਂ ਰੋਕਣ ਦੇ ਐਕਟ ਅਧੀਨ ਮਈ ਦੇ ਮਹੀਨੇ ਵਿਚ ਗ੍ਰਿਫਤਾਰ ਕਰ ਲਿਆ ਗਿਆ ਸੀ।

## ਯਾਤਰੀਆਂ ਦੀ ਜਾਨ ਬਚ ਗਈ!

ਕਠੂਆ — ਇਕ ਬਸ ਡਰਾਈਵਰ ਵਲੋਂ ਆਪਣੀ ਹੁਸ਼ਿਆਰੀ ਦੀ ਮਿਸਾਲ ਦਿਤੇ ਜਾਣ ਦੇ ਸਿਟੇ ਵਜੋਂ ਬਸ ਵਿਚ ਸਵਾਰ ਵਧੇਰੇ ਯਾਤਰੀਆਂ ਦੀਆਂ ਜਾਨਾਂ ਬਚ ਗਈਆਂ। ਪ੍ਰਾਪਤ ਜਾਣਕਾਰੀ ਅਨੁਸਾਰ ਉਕਤ ਖੁਸ਼ਕਿਸਮਤ ਬੱਸ ਊਧਮ ਪੁਰ ਤੋਂ ਕਠੂਆ ਆ ਰਹੀ ਸੀ, ਕਿ ਕਿਸ਼ਨ ਪੁਰ ਨੇੜੇ ਉਸਦੀਆਂ ਬਰੇਕਾਂ ਫੇਲ੍ਹ ਹੋ ਗਈਆਂ


To protect your family, your mortgage, or to ensure your childrens' education, for an RRSP or an annuity, contact:




**AVTAR S. RANDHAWA**
B.A., B.T.

Metropolitan Insurance Companies

AVTAR S. RANDHAWA
687-5871 (office) or 325-3562 (Residence)
700-1176 W. GEORGIA ST. VANCOUVER.



GM **WESTMINSTER**

12th. STREET AT QUEENS AVE., NEW WESTMINSTER, B.C.

ਆਪ ਨਵੀਂ ਜਾਂ ਪੁਰਾਣੀ ਕਾਰ ਵੇਚਣੀ ਜਾਂ ਖ੍ਰੀਦਣੀ ਚਾਹੁੰਦੇ ਹੋ ਤਾਂ ਵਧੀਆ ਡੀਲ ਲਈ ਪ੍ਰੋਫੈਸ਼ਨਲ ਸੇਲਜ਼ਮੈਨ

**ਗੁਰਜੀਤ ਬਾਵਾ ਢੀਂਡਸਾ**

ਨੂੰ ਜ਼ਰੂਰ ਮਿਲੋ ਜਾਂ ਫੋਨ ਕਰੋ। ਉਹ ਤੁਹਾਨੂੰ ਵਧੀਆ ਕਾਰ ਵਾਜਬ ਕੀਮਤ ਤੇ ਦਿਵਾਉਣ ਦਾ ਵਾਅਦਾ ਕਰਦੇ ਹਨ।

- ਥੋੜ੍ਹੀ ਜਿਹੀ ਡਾਊਨ ਪੇਮੈਂਟ ਦੇ ਕੇ ਆਸਾਨ ਕਿਸ਼ਤਾਂ ਤੇ ਕਾਰ ਦਿਵਾ ਸਕਦੇ ਹਨ।

**BUS. 521-7731**
Pager 687-1985 #5531



WESTMINSTER GM ਵਾਲਿਆਂ ਦੇ ਨਵੇਂ ਸ਼ੋਅਰੂਮ ਵਿਚ 1987 ਦੇ ਮਾਡਲ ਹੁਣ ਪਹੁੰਚ ਗਏ ਹਨ ਤੇ 1986 ਦੇ ਮਾਡਲਾਂ ਤੇ ਸੇਲ ਅਜੇ ਵੀ ਚੱਲ ਰਹੀ ਹੈ। ਨਵੇਂ ਸ਼ੋਅਰੂਮ ਵਿਚ ਆਓ ਤੇ ਸੇਲ ਦਾ ਫਾਇਦਾ ਉਠਾਓ!



ਗੁਰਜੀਤ ਢੀਂਡਸਾ ਬਾਵਾ

# MINT AUTO BODY LTD.

- Complete Professional Auto Body Repairs and Refinishing on all makes and models
- I.C.B.C. claims handled promptly
- Complete framework ■ UNI - BODY repairs
- All work conditionally guaranteed
- Free estimates ■ Courtesy cars

ਕਾਰਾਂ, ਵੈਨਾਂ ਅਤੇ ਪਿੱਕ-ਅੱਪ ਟਰੱਕਾਂ ਦੀ ਅੱਛੀ ਤੇ ਪ੍ਰੋਫ਼ੈਸ਼ਨਲ ਮੁਰੰਮਤ ਲਈ ਅਤੇ ਤਸੱਲੀਬਖਸ਼ ਪੇਂਟਿੰਗ ਲਈ ਸਾਨੂੰ ਸੇਵਾ ਦਾ ਮੌਕਾ ਦਿਉ



Bhupinder(Bob) Sihota



For further information call:

**Bhupinder(Bob) Sihota**

**Ph. 433-1207**

**Mint Auto Body Ltd.**

5590 Lane Street, BURNABY, B.C. V5H 2H5






KLM KLM KLM KLM KLM KLM KLM KLM KLM KLM KLM KLM KLM KLM KLM KLM KLM KLM KLM KLM KLM

● ਖੁਸ਼ਖਬਰੀ ● ● ਖੁਸ਼ਖਬਰੀ ● ● ਖੁਸ਼ਖਬਰੀ ●

# GABA TRAVELS (1982) LTD.

6612 MAIN ST., VANCOUVER, B.C. V5X 3H2

**Tel. (604) 324-3336**

IATA




ATAC

**AUTHORIZED AGENTS FOR AIR INDIA**
*AND NOW WE ARE APPOINTED BY*

# K.L.M.

(ROYAL DUTCH AIRLINE)

Toll Free No. for B.C. & Alberta From Nov. 5, 1987

**1—800—663—6693**

**SPECIAL FARE TO: Delhi, Karachi, Colombo, Singapore, London, Amsterdam**

ਦਿੱਲੀ, ਕਰਾਚੀ, ਕੋਲੰਬੋ, ਸਿੰਘਾਪੁਰ, ਲੰਡਨ ਤੇ Amsterdam ਲਈ ਖਾਸ ਕਿਰਾਏ

**ASSOCIATED OFFICES IN INDIA:**

GABA TRAVELS
(OPPOSIT FRIENDS THEATRE)
JALLANDHAR CITY
TEL. 74597

GABA TRAVELS
V.P.O. NURMAHAL
JALLANDHAR
TEL. 40

GABA TRAVELS
NEW DELHI

KLM KLM KLM KLM KLM KLM KLM KLM KLM KLM KLM KLM KLM KLM KLM KLM KLM KLM KLM KLM

# ਕਲਕੱਤਾ ਦੀ ਡਾਇਰੀ

ਕਲਕੱਤਾ — ਕਲਕੱਤੇ ਦੇ ਪੰਜਾਬੀਆਂ ਵਲੋਂ ਇਕ ਲੱਖ ਰੁਪਏ ਦਾ ਚੈਕ ਪੰਜਾਬੀ ਬਰਾਦਰੀ ਦੇ ਪ੍ਰਧਾਨ ਸ. ਬਖਸ਼ੀਸ਼ ਸਿੰਘ ਧਜੰਲ ਨੇ ਪੱਛਮੀ ਬੰਗਾਲ ਹੜ੍ਹ ਪੀੜਤ ਫੰਡ ਲਈ ਮੁੱਖ ਮੰਤਰੀ ਸ੍ਰੀ ਜੋਤੀ ਬਾਸੂ ਨੂੰ ਰਾਈਟਰਸ ਵਿਚ ਭੇਟ ਕੀਤਾ। ਪੰਜਾਬੀਆਂ ਦੇ ਜਿਸ ਪ੍ਰਤੀਨਿਧ ਮੰਡਲ ਦੀ ਸ. ਧੰਜਲ ਨੇ ਅਗਵਾਈ ਕੀਤੀ ਉਸ ਵਿਚ ਪ੍ਰਸਿੱਧ ਉਦਯੋਗਪਤੀ ਤੇ ਰੋਜ਼ਾਨਾ ਦੇਸ਼ ਦਰਪਣ ਕਲਕੱਤਾ ਦੇ ਮੈਨੇਜਿੰਗ ਐਡੀਟਰ ਸ੍ਰੀ ਭੁਪਿੰਦਰ ਸਿੰਘ ਸਰਨਾ, ਸ੍ਰੀ ਗੁਰੂ ਸਿੰਘ ਸਭਾ ਦੇ ਪ੍ਰਧਾਨ ਸ੍ਰੀ ਰਾਜਿੰਦਰ ਸਿੰਘ ਦਾਖਾ, ਗੁ. ਬੜਾ ਸਿੱਖ ਸੰਗਤ ਦੇ ਮੀਤ ਪ੍ਰਧਾਨ ਸ੍ਰੀ ਗੁਰਨਾਮ ਸਿੰਘ ਲਾਪਰਾਂ ਅਤੇ ਜਨਰਲ ਸਕੱਤਰ ਸ੍ਰੀ ਮਾਨ ਸਿੰਘ ਗਰੇਵਾਲ, ਗੁ. ਡਨਲਪ ਬਰਿਜ ਦੇ ਪ੍ਰਧਾਨ ਸ. ਮਹਿੰਦਰ ਸਿੰਘ ਗਿੱਲ, ਖਾਲਸਾ ਇੰਗਲਿਸ਼ ਸਕੂਲ ਦੇ ਜਨਰਲ ਸਕੱਤਰ ਸ੍ਰੀ ਪ੍ਰੇਮ ਸਿੰਘ ਬੈਂਸ, ਕਾਮਰੇਡ ਪੂਰਨ ਸਿੰਘ, ਕਾਮਰੇਡ ਹਰਭਜਨ ਸਿੰਘ ਅਤੇ ਨਛੱਤਰ ਸਿੰਘ ਭੰਗੂ ਆਦਿ ਪਤਵੰਤੇ ਸੱਜਣ ਸ਼ਾਮਲ ਸਨ।

ਮੁੱਖ ਮੰਤਰੀ ਸ੍ਰੀ ਜੋਤੀ ਬਾਸੂ ਨੇ ਸਮੂਹ ਸਿੱਖ ਜਥੇਬੰਦੀ ਦੀ ਇਸ ਸਹਾਇਤਾ ਲਈ ਧੰਨਵਾਦ ਕੀਤਾ ਤੇ ਕਿਹਾ ਕਿ ਪੱਛਮੀ ਬੰਗਾਲ ਵਿਚ ਉਹ ਨਿਧੜਕ ਹੋ ਕੇ ਕੰਮ ਕਰਨ। ਉਨ੍ਹਾਂ ਕਿਹਾ ਕਿ ਰਾਜ ਵਿਚ ਸੰਪਰਦਾਇਕ ਤਾਕਤਾਂ ਨੂੰ ਮਨਮਾਨੀਆਂ ਕਰਨ ਦੀ ਆਗਿਆ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਰਾਜ ਦੇ ਵਿਕਾਸ ਵਿਚ ਸਿਖਾਂ ਦੇ ਯੋਗਦਾਨ ਦੀ ਸ਼ਲਾਘਾ ਕੀਤੀ।

***

'ਕਾਮਾਗਾਟਾਮਾਰੂ' ਸਾਕੇ ਦੇ ਸ਼ਹੀਦਾਂ ਦਾ ਸ਼ਹੀਦੀ ਦਿਹਾੜਾ ਗੁ. ਕਾਮਾਗਾਟਾਮਾਰੂ ਬਜਬਜ ਵਿਚ ਪ੍ਰਬੰਧਕ ਕਮੇਟੀ ਅਤੇ ਸੁਤੰਤਰ ਸੰਗਰਾਮੀਆਂ ਵਲੋਂ ਬੜੀ ਸ਼ਰਧਾ ਨਾਲ ਮਨਾਇਆ ਗਿਆ। ਪੱਛਮੀ ਬੰਗਾਲ ਦੇ ਮੰਤਰੀ ਸ੍ਰੀ ਬਿਨੋਕ੍ਰਿਸ਼ਨ ਚੌਧਰੀ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਸਿਖਾਂ ਨੇ ਦੇਸ਼ ਦੀ ਆਜ਼ਾਦੀ ਲਈ ਬਹੁਤ ਕੁਰਬਾਨੀਆਂ ਕੀਤੀਆਂ ਹਨ ਅਤੇ ਆਜ਼ਾਦੀ ਦੀ ਕਾਇਮੀ ਲਈ ਸਾਨੂੰ ਸਾਰਿਆਂ ਨੂੰ ਰਾਸ਼ਟਰੀ ਏਕਤਾ ਤੇ ਅਖੰਡਤਾ ਲਈ ਫਿਰ ਇਕਜੁਟ ਹੋਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸਿੱਖ ਕਦੇ ਵੀ ਵੱਖਵਾਦੀ ਨਹੀਂ ਹੋ ਸਕਦੇ।

ਲੋਕ ਸਭਾ ਮੈਂਬਰ ਸ੍ਰੀ ਅਮਲ ਦੱਤਾ ਨੇ ਵੀ ਸਿੱਖਾਂ ਵਲੋਂ ਹਰ ਖੇਤਰ ਵਿਚ ਕੀਤੀ ਤਰੱਕੀ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਪੰਜਾਬ ਵਿਚ ਜੋ ਅੱਜ ਕੱਲ੍ਹ ਹੋ ਰਿਹਾ ਹੈ ਉਸ ਉਤੇ ਹਰ ਭਾਰਤੀ ਚਿੰਤਤ ਹੈ। ਉਨ੍ਹਾਂ ਕਿਹਾ ਧਰਮ ਦੇ ਨਾਮ ਉਤੇ ਕਿਸੇ ਨੂੰ ਅਰਾਜਕਤਾ ਫੈਲਾਣ ਦੀ ਆਗਿਆ ਨਹੀਂ ਹੋਣੀ ਚਾਹੀਦੀ।

ਅਕਾਲੀ ਦਲ ਬੰਗਾਲ ਦੇ ਪ੍ਰਧਾਨ ਸ. ਮਿਹਰ ਸਿੰਘ ਗਰੀਬ ਨੇ ਕਿਹਾ ਕਿ ਸਿੱਖਾਂ ਨੇ ਕਦੇ ਵੀ ਦੇਸ਼ ਤੋਂ ਵੱਖ ਹੋਣ ਦੀ ਮੰਗ ਨਹੀਂ ਕੀਤੀ ਅਤੇ ਇਹ ਸ਼ਾਂਤੀ ਦੇ ਮੁਦਈ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੀ ਅਰਾਜਕਤਾ ਪਿਛੇ ਸਿਆਸਤਦਾਨਾਂ ਦੇ ਸੌੜੇ ਹਿਤ ਕੰਮ ਕਰ ਰਹੇ ਹਨ।

ਸ਼ਹੀਦਾਂ ਦੀ ਯਾਦ ਵਿਚ ਇਕ ਸ਼ਾਨਦਾਰ ਗੁਰਦੁਆਰਾ ਕਲਕੱਤੇ ਦੀਆਂ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਇਥੇ ਤਿਆਰ ਹੋ ਗਿਆ ਹੈ।

***

ਗੁਰਦੁਆਰਾ ਗਰਚਾ ਸਿੱਖ ਸੰਗਤ ਵਿਖੇ ਸੰਤ ਈਸ਼ਰ ਸਿੰਘ ਰਾੜਾ ਸਾਹਿਬ ਤੇ ਸੰਤ ਈਸ਼ਰ ਸਿੰਘ ਕਲੇਰਾਂ ਵਾਲਿਆਂ ਦੀ ਬਰਸੀ ਦੋਵਾਂ ਸੰਤਾਂ ਦੇ ਸ਼ਰਧਾਲੂਆਂ ਵਲੋਂ ਵੱਖ ਵੱਖ ਦਿਨ ਮਨਾਈ ਗਈ। ਕੀਰਤਨ ਹੋਏ ਤੇ ਸੰਤਾਂ ਦੀਆਂ ਜੀਵਨੀਆਂ ਤੇ ਉਪਦੇਸ਼ਾਂ ਤੋਂ ਸੰਗਤਾਂ ਨੂੰ ਜਾਣਕਾਰੀ ਦਿੱਤੀ ਗਈ।

ਕਲਕੱਤੇ ਵਿਚ ਵਿਵੇਕਾਨੰਦ ਰੋਡ ਉਤੇ ਪੁਲੀਸ ਦੋ ਟਰੱਕਾਂ ਨੂੰ ਰੋਕ ਕੇ ਤਲਾਸ਼ੀ ਲਈ ਤਾਂ ਉਸ ਵਿਚ ਲੱਦੇ 62 ਡਰੰਮਾਂ ਵਿਚੋਂ ਤੋਪਾਂ ਦੇ ਚੱਲੇ ਹੋਏ ਗੋਲੇ ਅਤੇ 27 ਅਣਚੱਲੇ ਕਾਰਤੂਸ ਬਰਾਮਦ ਹੋਏ। ਡਿਪਟੀ ਕਮਿਸ਼ਨਰ (ਸੈਂਟਰਲ ਕਲਕੱਤਾ) ਸ੍ਰੀ ਰਛਪਾਲ ਸਿੰਘ ਨੇ ਦੱਸਿਆ ਕਿ ਇਹ ਮਾਲ ਦਿੱਲੀ ਦੇ ਇਕ ਵਪਾਰੀ ਨੇ ਮਲੇਸ਼ੀਆ ਤੋਂ ਦਰਾਮਦ ਕੀਤਾ ਹੈ ਇਹ ਮਾਲ ਪੰਜਾਬ ਦੇ ਅਤਿਵਾਦੀਆਂ ਨੂੰ ਭੇਜੇ ਜਾਣ ਬਾਰੇ ਪਤਾ ਕਰਨ ਲਈ ਦਿੱਲੀ ਪੁਲੀਸ ਨੂੰ ਸੂਚਿਤ ਕੀਤਾ ਗਿਆ ਹੈ। ਉਨ੍ਹਾਂ ਵਪਾਰੀ ਦਾ ਨਾਮ ਦੱਸਣ ਤੋਂ ਇਨਕਾਰ ਕਰ ਦਿੱਤਾ। ਦੋਵੇਂ ਲਾਰੀਆਂ ਦੇ ਡਰਾਈਵਰ ਪੁਲੀਸ ਹਿਰਾਸਤ ਵਿਚ ਹਨ

***

ਕਲਕੱਤੇ ਦੇ ਮੋਮਨਪੁਰ ਖੇਤਰ ਵਿਖੇ ਦੁਪਹਿਰ ਬਾਅਦ ਤਿੰਨ ਵਜੇ ਦੇ ਲਗਪਗ ਅੱਗ ਦਾ ਇਕ ਗੋਲਾ ਲੋਕਾਂ ਨੇ ਹੁਸੈਨਸ਼ਾਹ ਰੋਡ 'ਤੇ ਉਤਰਦਾ ਦੇਖਿਆ। ਉਸ ਵਿਚੋਂ ਮਸ਼ੀਨਗੰਨ ਦੇ ਫਾਇਰ ਵਰਗੀ ਆਵਾਜ਼ ਆ ਰਹੀ ਸੀ। ਲੋਕ ਡਰਦੇ ਮਾਰੇ ਇਧਰ ਉਧਰ ਨੱਸਣ ਲੱਗੇ। ਉਨ੍ਹਾਂ ਸਮਝਿਆ ਸ਼ਾਇਦ ਬੰਬਾਰੀ ਹੋ ਰਹੀ ਹੈ। ਉਸ ਵੇਲੇ ਬਾਰਿਸ਼ ਹੋਣ ਕਾਰਨ ਸੜਕ 'ਤੇ ਭੀੜ ਬੜੀ ਘੱਟ ਸੀ। ਉਹ ਗੋਲਾ ਸੜਕ 'ਤੇ ਆ ਕੇ ਲੱਗਾ ਤੇ ਫਿਰ ਉਪਰ ਨੂੰ ਉਠਿਆ ਤੇ ਗਾਇਬ ਹੋ ਗਿਆ। ਇਸ ਬਾਰੇ ਪੁਲਿਸ ਕੁਝ ਕਹਿਣ ਤੋਂ ਅਸਮਰਥ ਹੈ।

***

ਕਲਕੱਤਾ ਵਿਚ ਵਿਸ਼ਵ ਕੱਪ ਕ੍ਰਿਕਟ ਦੇ ਰਿਲਾਇੰਸ ਕੱਪ ਮੈਚ 24 ਅਕਤੂਬਰ ਨੂੰ ਸ਼ੁਰੂ ਹੋਣੇ ਹਨ। ਇਸ ਸਮੇਂ ਵਿਦੇਸ਼ੀਆਂ ਦੇ ਇਥੇ ਬਹੁਗਿਣਤੀ ਵਿਚ ਆਮਦ ਕਾਰਨ ਕਲਕੱਤੇ ਸ਼ਹਿਰ ਨੂੰ ਰਾਜ ਸਰਕਾਰ ਤੇ ਕਲਕੱਤਾ ਮਿਉਂਸਪਲ ਕਾਰਪੋਰੇਸ਼ਨ ਵਲੋਂ ਨਵਾਂ ਰੂਪ ਦੇਣ ਦੇ ਯਤਨ ਜਾਰੀ ਹਨ। ਵਿਕਟੋਰੀਆ ਮੈਮੋਰੀਅਲ ਵਿਚ ਰਾਤ ਸਮੇਂ ਅਦੁੱਤੀ ਸਜਾਵਟੀ ਬੱਤੀਆਂ ਲਗਾਈਆਂ ਗਈਆਂ ਹਨ। ਬਾਹਰਲੇ ਪਾਸੇ ਤੋਂ ਮੈਦਾਨੀ ਜੰਗਲੇ ਨੂੰ ਨਵਾਂ ਰੰਗ ਕੀਤਾ ਗਿਆ ਹੈ। ਸ਼ਹਿਰ ਦੀਆਂ ਮੁੱਖ ਸੜਕਾਂ ਤੇ ਫੁੱਟਪਾਥਾਂ ਦੀ ਮੁਰੰਮਤ ਅਤੇ ਸਫਾਈ ਦਾ ਕੰਮ ਜੰਗੀ ਪੱਧਰ 'ਤੇ ਚਲ ਰਿਹਾ ਹੈ। ਈਡਨ ਗਾਰਡਨ ਸਥਿਤ ਰੰਜੀ ਸਟੇਡੀਅਮ ਨੂੰ ਵੀ ਜਿਥੇ ਮੈਚ ਹੋਣੇ ਹਨ, ਨਵਾਂ ਰੂਪ ਦਿੱਤਾ ਜਾ ਰਿਹਾ ਹੈ।



ਹੜ੍ਹ ਪੀੜਤ ਫੰਡ ਲਈ ਇਕ ਲੱਖ ਰੁਪਏ ਦਾ ਚੈਕ ਭੇਟ ਕਰਨ ਸਮੇਂ ਕਲਕੱਤਾ ਦੇ ਸਿੱਖ ਨੇਤਾ ਪੱਛਮੀ ਬੰਗਾਲ ਦੇ ਮੁੱਖ ਮੰਤਰੀ ਜੋਤੀ [illegible]। (ਫੋਟੋ: ਗਰੇਵਾਲ)

ਪੰਨਾ 13 ਦੀ ਬਾਕੀ

ਧਰਤਾ ਹਨ, ਮੇਰਾ, ਜਗਤਾਰ ਸਿੰਘ, ਸਰਦੂਲ ਸਿੰਘ ਤੇ ਇਕ ਦੋ ਹੋਰ ਆਦਮੀਆਂ ਦੇ ਤਸਵੀਰਾਂ ਵਾਲੇ ਕਾਰਡ ਦਿਤੇ, ਤਾਂ ਕਿ ਮੈਂ ਇੰਡੀਆ ਵਿਚ ਜਾ ਕੇ ਇਨ੍ਹਾਂ ਲੋਕਾਂ ਨੂੰ ਕਾਰਡ ਪਹੁੰਚਾ ਦੇਵਾਂ। ਮੈਂ ਸਿੱਖ ਯੂਥ ਫੈਡਰੇਸ਼ਨ ਦਾ ਮੈਂਬਰ ਨਹੀਂ ਹਾਂ ਪਰ ਸਾਰੇ ਮੇਰੇ ਯਾਰ ਦੋਸਤ ਇਸ ਫੈਡਰੇਸ਼ਨ ਦੇ ਮੈਂਬਰ ਹਨ। ਬਸਰੇ ਨੇ ਕਈਆਂ ਫੋਟੋਆਂ ਦੀ ਅਦਾਲਤ ਵਿਚ ਨਿਸ਼ਾਨ ਦੇਹੀ ਕੀਤੀ। ਜਿਨ੍ਹਾਂ ਵਿਚ ਡਰਬੀ ਦੇ ਗੁਰਦੁਆਰੇ ਦੀਆਂ ਫੋਟੋਆਂ ਲਈਆਂ ਵੀ ਸ਼ਾਮਲ ਸਨ।

ਇਕ ਫੋਟੋਗਰਾਫ ਵਿਚ ਅਮਰੀਕਾ ਤੋਂ ਆਏ ਹੋਏ ਸਿੱਖ ਯੂਥ ਫੈਡਰੇਸ਼ਨ ਦੇ ਹੈਡ ਤਕਰੀਰ ਕਰ ਰਹੇ ਸਨ। ਦੂਸਰੀ ਫੋਟੋ ਵਿਚ ਗਿਆਨੀ ਪ੍ਰੀਤਮ ਸਿੰਘ ਸਾਊਥਾਲ ਵਾਲਾ, ਗੁਰਨਾਮ ਸਿੰਘ ਡਰਬੀ, ਇੰਟਰਨੈਸ਼ਨਲ ਯੂਥ ਫੈਡਰੇਸ਼ਨ ਦਾ ਕਰਤਾ ਧਰਤਾ ਤੇ ਪਰਮਜੀਤ ਸਿੰਘ ਵੁਲਵਰਹੈਂਪਟਨ ਵਾਲਾ, ਡਾਕਟਰ ਪ੍ਰਗਟ ਸਿੰਘ, ਫੈਡਰੇਸ਼ਨ ਦਾ ਸਾਬਕਾ ਪ੍ਰਧਾਨ, —ਚੌਥੀ ਫੋਟੋ ਵਿਚ ਹਰਦੀਸ਼ ਸਿੰਘ ਵੁਲਵ੍ਹਹੈਂਪਟਨ ਫੈਡਰੇਸ਼ਨ ਵਾਲਾ। ਜਦੋਂ ਸਫਾਈ ਦੇ ਬੈਰਿਸਟਰ ਨੇ ਬਸਰੇ ਨੂੰ ਇਹ ਗੱਲ ਪੁਛੀ ਕਿ ਪਰਮਜੀਤ ਸਿੰਘ ਉਹੀ ਵੁਲਵਰਹੈਂਪਟਨ ਵਾਲਾ ਹੈ ਜਿਹਦੀਆਂ ਉਂਗਲੀਆਂ ਦੇ ਨਿਸ਼ਾਨ ਕਾਰ ਤੇਰੀ ਤੋਂ ਫੜੇ ਗਏ ਹਨ। ਬਸਰੇ ਨੇ ਜਵਾਬ ਵਿਚ ਕਿਹਾ ਕਿ ਪਰਮਜੀਤ ਸਿੰਘ ਮੇਰਾ ਦੋਸਤ ਹੈ ਤੇ ਉਹ ਕਈ ਵਾਰ ਮੇਰੀ ਕਾਰ ਵਿਚ ਬੈਠਾ ਹੈ ਤੇ ਉਹ ਕਈ ਵਾਰ ਮੇਰੀ ਕਾਰ ਵਿਚ ਬੈਠਾ ਹੈ ਤੇ ਮੈਂ ਦਸ ਸਾਲਾਂ ਤੋਂ ਉਸਨੂੰ ਜਾਣਦਾ ਹਾਂ — ਤੇ ਉਹ ਵੀ ਕਿਸੇ ਵੇਲੇ ਮੇਰੀ ਤਰ੍ਹਾਂ ਮੋਨਾ ਹੁੰਦਾ ਸੀ।

ਕੋਰਟ ਵਿਚ ਇਕ ਫੋਟੋਗਰਾਫ ਬਸਰੇ ਨੂੰ ਦਿਖਾਈ ਗਈ ਜਿਹਦੇ ਵਿਚ ਉਹ ਮਸ਼ੀਨਗੰਨ ਲੈ ਕੇ ਨਿਸ਼ਾਨਾ ਬਣਾ ਕੇ ਖੜਾ ਸੀ। ਇਸ ਫੋਟੋ ਦੇ ਬਾਰੇ ਬਸਰੇ ਨੇ ਕਿਹਾ ਕਿ ਜਦੋਂ ਮੈਂ ਆਪਣੇ ਪਿੰਡ, ਪੰਜਾਬ ਵਿਚ ਸੀ ਤਾਂ ਸਾਡੇ ਪਿੰਡ ਵਿਚ ਇਕ ਸ਼ਰਾਬ ਦਾ ਠੇਕਾ ਹੈ, ਤੇ ਉਥੇ ਪੁਲੀਸ ਵਾਲੇ ਵੀ ਆ ਕੇ ਬੈਠਦੇ ਹਨ। ਮੈਂ ਇਕ ਪੁਲੀਸ ਵਾਲੇ ਨੂੰ ਕਿਹਾ ਕਿ ਮੈਂ ਤੇਰੀ ਮਸ਼ੀਨ ਗੰਨ ਲੈ ਕੇ ਫੋਟੋ ਖਿਚਵਾ ਸਕਦਾ ਹਾਂ — ਉਹਨੇ ਕਿਹਾ ਕਿਉਂ ਨਹੀਂ। ਉਸਨੇ ਮੈਨੂੰ ਮਸ਼ੀਨ ਗੰਨ ਦਿੱਤੀ ਤੇ ਮੈਂ ਉਸਨੂੰ ਕਿਹਾ ਕਿ ਮੇਰੀ ਫੋਟੋ ਲੈ ਲੈ। ਉਸ ਪੁਲੀਸ ਵਾਲੇ ਦਾ ਨਾਂ ਸੋਹਣ ਸਿੰਘ ਸੀ।

ਗੁਰਮੇਲ ਸਿੰਘ ਬਸਰੇ ਨੇ ਹੋਰ ਕਈ ਤਸਵੀਰਾਂ ਨੂੰ ਪਛਾਣਿਆ ਜਿਹੜੀਆਂ ਕਿ ਉਹਦੇ ਕਬਜ਼ੇ ਵਿਚੋਂ ਨਿਕਲੀਆਂ ਸਨ। ਇਕ ਹੋਰ ਵਿਸ਼ੇਸ਼ ਤਸਵੀਰ ਦੱਸੀ ਜਿਹਦੇ ਵਿਚ ਭਿੰਡਰਾਂਵਾਲੇ ਦੇ ਭਤੀਜੇ ਜਸਬੀਰ ਸਿੰਘ ਨਾਲ ਸੀ। ਇਕ ਗਰੁਪ ਫੋਟੋ ਇੰਟਰਨੈਸ਼ਨਲ ਯੂਥ ਫੈਡਰੇਸ਼ਨ ਦੇ ਕੈਂਪ ਦੀ ਸੀ ਜਿਹੜਾ ਕਿ ਸਕਾਟਲੈਂਡ ਵਿਚ ਲਗਾਇਆ ਗਿਆ ਸੀ।

ਬਸਰੇ ਨੇ ਇਹ ਵੀ ਦੱਸਿਆ ਕਿ ਭਾਈ ਅਮਰੀਕ ਸਿੰਘ ਰਾਗੀ ਨੇ ਮੈਨੂੰ ਤਿੰਨ ਹਜ਼ਾਰ ਪੌਂਡ ਦਿਤੇ ਤਾਂ ਕਿ ਮੈਂ ਉਹਦੇ ਘਰ ਇੰਡੀਆ ਦੇ ਦਿਆਂ। ਮੈਂ ਜਦ 1984 ਵਿਚ ਇੰਡੀਆ ਗਿਆ ਤਾਂ ਉਹਦੇ ਘਰ ਮੈਂ ਕੋਈ 60000 ਰੁਪਏ ਦੇ ਕਰੀਬ ਦਿਤਾ ਸੀ। ਇਹ ਪੈਸੇ ਸਮੇਦਿਕ ਵਿਚ ਉਸਨੇ ਆਪਣੀ ਭੈਣ ਦੇ ਘਰ ਨਕਦ ਦਿਤੇ ਸਨ। ਅਦਾਲਤ ਵਿਚ ਉਹ ਪਸਤੌਲ ਵੀ ਪੇਸ਼ ਕੀਤੀ ਗਈ ਜਿਹੜੀ ਕਿ ਬਸਰੇ ਦੀ ਦੁਕਾਨ ਦੇ ਸਟੋਰ ਵਿਚੋਂ ਮਿਲੀ ਸੀ। ਬਸਰੇ ਨੇ ਇਹ ਵੀ ਕਿਹਾ ਕਿ ਮੈਂ ਬਲਿਊ ਸਟਾਰ ਆਪਰੇਸ਼ਨ ਤੋਂ ਬਾਅਦ ਹਾਈਡ ਪਾਰਕ ਵਿਚ ਹੋਏ ਮੁਜ਼ਾਹਰੇ ਦੀਆਂ ਕਈ ਸੌ ਫੋਟੋਆਂ ਲਈਆਂ ਜਿਨ੍ਹਾਂ ਵਿਚੋਂ ਕੁਝ ਫੋਟੋਆਂ ਅਦਾਲਤ ਵਿਚ ਸ਼ਾਮਲ ਹਨ।

IATA
Dunhill Travel LTD.
ਡਨਹਿਲ ਟਰੈਵਲ ਲਿਮ:
10 East Broadway, Vancouver, B.C., V5T 1V6
Ph. 875-9129
ATAC
Toll Free B.C., Alberta — 1-800-663-5116

ਆਥੋਰਾਈਜ਼ਡ ਟਿਕਟ ਏਜੰਟ
Singapore Airlines
ਸਿੰਗਾਪੁਰ ਏਅਰਲਾਈਨਜ਼ 'ਤੇ ਸਫ਼ਰ ਕਰੋ
ਦਿੱਲੀ, ਬੰਬਈ, ਮਦਰਾਸ, ਕਲਕੱਤਾ, ਢਾਕਾ, ਕਰਾਚੀ

Authorized Agents — PAN AM
Special London
Special London Sale
from $279 U.S. One way

IATA
GABA TRAVELS
6612 Main St., Vancouver, B.C.
Ph. 324-3336
PAN AM ਦੀਆਂ ਨਵੀਆਂ ਉਡਾਣਾਂ ਬਾਰੇ ਹੋਰ ਜਾਣਕਾਰੀ ਗਾਬਾ ਟਰੈਵਲਜ਼ ਤੋਂ ਲਵੋ:
ਦਿੱਲੀ, ਬੰਬਈ, ਕਰਾਚੀ ਜਾਣ ਲਈ ਪੈਨ ਐਮ 'ਤੇ ਸਫ਼ਰ ਕਰੋ
ਦਿੱਲੀ ਜਾਣ ਲਈ ਬਹੁਤ ਘੱਟ ਕਿਰਾਏ

# ਅਮਰੀਕਾ ਦੀ ਨਿਊ ਜਰਸੀ ਰਿਆਸਤ 'ਚ ਭਾਰਤੀਆਂ ਤੇ ਹਮਲੇ —

ਖਬਰਾਂ ਹਨ ਕਿ ਨਿਊਯਾਰਕ ਨੇੜੇ ਦੇ ਅਮਰੀਕਾ ਦੇ ਇਕ ਰਾਜ ਨਿਊਜਰਸੀ ਵਿਚ ਰਹਿੰਦੇ ਭਾਰਤੀ ਮੂਲ ਦੇ ਲੋਕਾਂ ਤੇ ਪਿਛਲੇ ਕੁਛ ਸਮੇਂ ਤੋਂ ਹਮਲੇ ਕੀਤੇ ਜਾ ਰਹੇ ਹਨ। ਦੱਸਿਆ ਗਿਆ ਹੈ ਕਿ ਪਿਛਲੇ ਚਾਰ ਮਹੀਨਿਆਂ ਤੋਂ 'ਡਾਟਬਸਟਰਜ਼' ਨਾਂਅ ਦੀ ਜਥੇਬੰਦੀ ਦੇ ਮੈਂਬਰਾਂ ਵਲੋਂ ਭਾਰਤੀਆਂ ਤੇ ਗਲੀਆਂ ਬਾਜ਼ਾਰਾਂ ਤੋਂ ਇਲਾਵਾ ਉਨ੍ਹਾਂ ਦੇ ਘਰਾਂ ਵਿਚ ਜਾ ਕੇ ਵੀ ਹਮਲੇ ਕਰਨ ਦੀਆਂ ਘਟਨਾਵਾਂ ਹੋ ਰਹੀਆਂ ਹਨ। ਸ਼ਹਿਰ ਦੇ ਇਕ ਪ੍ਰਮੁਖ ਭਾਰਤੀ ਹਰਦਿਆਲ ਸਿੰਘ ਅਨੁਸਾਰ ਨਿਊਜਰਸੀ ਦੇ ਅਧਿਕਾਰੀ ਹਮਲਿਆਂ ਦੀਆਂ ਇਨ੍ਹਾਂ ਘਟਨਾਵਾਂ ਤੋਂ ਚਿੰਤਤ ਹਨ। ਉਨ੍ਹਾਂ ਕਿਹਾ ਕਿ ਸੰਭਵ ਹੈ ਕਿ ਉਥੇ ਭਾਰਤੀਆਂ ਦੀ ਵਧ ਰਹੀ ਖੁਸ਼ਹਾਲੀ ਤੋਂ ਚਿੜ੍ਹ ਕੇ ਸਥਾਨਕ ਲੋਕਾਂ ਵਲੋਂ ਉਨ੍ਹਾਂ ਤੇ ਹਮਲੇ ਕੀਤੇ ਜਾ ਰਹੇ ਹਨ। ਇਸੇ ਦੌਰਾਨ ਨਿਊਯਾਰਕ ਵਿਚ ਭਾਰਤੀ ਕੌਂਸਲੇਟ ਦੇ ਇਕ ਅਧਿਕਾਰੀ ਨੇ ਕਿਹਾ ਕਿ ਹਮਲੇ ਦੀਆਂ ਘਟਨਾਵਾਂ ਬਾਰੇ ਉਨ੍ਹਾਂ ਨੂੰ ਕੋਈ ਸੂਚਨਾ ਨਹੀਂ। ਸ਼ਹਿਰ ਦੇ ਮੇਅਰ ਅੰਥਨੀ ਨੇ ਇਕ ਮੁਲਾਕਾਤ ਦੌਰਾਨ ਕਿਹਾ ਹੈ ਕਿ ਸ਼ਹਿਰ ਦੇ ਵਿਕਾਸ ਵਿਚ ਭਾਰਤੀਆਂ ਦਾ ਬਹੁਤ ਹੱਥ ਹੈ ਅਤੇ ਉਨ੍ਹਾਂ ਦੀ ਰਾਖੀ ਕਰਨਾ ਸਰਕਾਰ ਦਾ ਫਰਜ਼ ਹੈ। ਉਨ੍ਹਾਂ ਕਿਹਾ ਕਿ ਭਾਰਤੀਆਂ ਨੂੰ ਹਮਲਿਆਂ ਦੀ ਸੂਚਨਾ ਅਧਿਕਾਰੀਆਂ ਨੂੰ ਦੇਣੀ ਚਾਹੀਦੀ ਹੈ। ਪਰ ਸ: ਹਰਦਿਆਲ ਸਿੰਘ ਨੇ ਕਿਹਾ ਕਿ ਕਈ ਮਾਮਲਿਆਂ ਬਾਰੇ ਪੁਲਸ ਨੂੰ ਸੂਚਿਤ ਕੀਤਾ ਗਿਆ ਹੈ ਪਰ ਉਸ ਵਲੋਂ ਕੋਈ ਕਾਰਵਾਈ ਨਹੀਂ ਕੀਤੀ ਗਈ। ਰਿਆਸਤ ਦੇ ਗਵਰਨਰ ਨੂੰ ਸ਼ਿਕਾਇਤ ਕੀਤੀ ਗਈ ਹੈ ਜੋ ਅਗਲੇ ਹਫਤੇ ਇਕ 15 ਮੈਂਬਰੀ ਵਫਦ ਸ਼ਹਿਰ ਵਿਚ ਭੇਜ ਰਹੇ ਹਨ। ਇਸੇ ਦੌਰਾਨ ਹਾਲਾਤ ਹੋਰ ਖਰਾਬ ਹੋ ਗਏ ਜਦ ਸੋਮਵਾਰ ਰਾਤ ਨੂੰ ਕੁਛ ਬੰਦਿਆਂ ਨੇ ਹਿੰਦੂ ਹਿੰਦੂ ਦਾ ਸ਼ੋਰ ਪਾਉਂਦੇ ਹੋਏ ਇਕ ਭਾਰਤੀ ਨਵਰੋਜ਼ ਭਾਰਤੀ ਤੇ ਹਮਲਾ ਕਰਕੇ ਉਸਨੂੰ ਮਾਰ ਦਿਤਾ। ਨਵਰੋਜ਼ ਉਸ ਸਮੇਂ ਆਪਣੇ ਇਕ ਅਮਰੀਕੀ ਦੋਸਤ ਨਾਲ ਕਾਰ ਤੇ ਆਪਣੇ ਘਰ ਜਾ ਰਿਹਾ ਸੀ। ਹਰਦਿਆਲ ਸਿੰਘ ਨੇ ਕਿਹਾ ਕਿ ਇਸ ਸਬੰਧ ਵਿਚ ਪੁਲਸ ਨੇ ਚਾਰ ਬੰਦੇ ਫੜੇ ਹਨ ਪਰ ਇਹ ਪਤਾ ਨਹੀਂ ਲੱਗ ਸਕਿਆ ਕਿ ਉਨ੍ਹਾਂ ਵਿਰੁਧ ਮਾਮਲਾ ਦਰਜ ਕੀਤਾ ਗਿਆ ਹੈ ਕਿ ਨਹੀਂ।

# ਉਤਰ ਪ੍ਰਦੇਸ਼ ਵਿਚ ਬ੍ਰਾਹਮਣਾਂ ਅਤੇ ਠਾਕਰਾਂ ਦੀ ਸਿਆਸੀ ਜੰਗ

ਨਵੀਂ ਦਿੱਲੀ — ਉਤਰ ਪ੍ਰਦੇਸ਼ ਵਿਚ ਸੰਜੇ ਸਿੰਘ ਨੂੰ ਪਾਰਟੀ ਵਿਚੋਂ ਕਢ ਦਿਤੇ ਜਾਣ ਬਾਅਦ ਉਥੇ ਇੰਕਾ ਵਿਚਲੀ ਲੜਾਈ ਨੇ 'ਬ੍ਰਾਹਮਣ ਬਨਾਮ ਠਾਕਰ' ਦਾ ਰੂਪ ਧਾਰਨ ਕਰ ਲਿਆ ਹੈ। ਦੱਸਿਆ ਜਾਂਦਾ ਹੈ ਕਿ ਉਤਰ ਪ੍ਰਦੇਸ਼ ਵਿਚ ਇੰਕਾ ਵਿਚਾਲੇ ਟਕਰਾਓ ਵਿਚ ਅਸੰਤੁਸ਼ਟਾਂ ਵਿਚ ਠਾਕਰਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ, ਜਿਸ ਕਾਰਨ ਪ੍ਰਧਾਨ ਮੰਤਰੀ ਅਤੇ ਪਾਰਟੀ ਸ੍ਰੀ ਰਾਜੀਵ ਗਾਂਧੀ ਨੇ ਸ੍ਰੀ ਵੀਰ ਬਹਾਦਰ ਸਿੰਘ ਨੂੰ ਠਾਕਰਾਂ ਨਾਲ ਟੱਕਰ ਲੈਣ ਲਈ ਅਗੇ ਕੀਤਾ ਹੋਇਆ ਹੈ। ਦੂਜੇ ਪਾਸੇ ਸ੍ਰੀ ਕਮਲਾਪਤੀ ਤ੍ਰਿਪਾਠੀ ਜਿਹਨਾਂ ਦੀ ਵਫਾਦਾਰੀ ਕਹਾਣੀ ਆਪਣੀ ਹੀ ਹੈ, ਉਹਨਾਂ ਨੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੂੰ ਖੁਸ਼ ਕਰਨ ਲਈ ਸ੍ਰੀ ਵਿਸ਼ਵਾਨਾਥ ਪ੍ਰਤਾਪ ਸਿੰਘ ਤੇ ਜ਼ੋਰਦਾਰ ਹੱਲਾ ਬੋਲ ਦਿਤਾ ਅਤੇ ਬਿਆਨ ਦਾਗਿਆ ਕਿ ਆਜ਼ਾਦੀ ਦੀ ਜਦੋ ਜਹਿਦ ਵਿਚ ਰਾਜਿਆਂ (ਠਾਕਰਾਂ) ਨੇ ਦੇਸ਼ਵਾਸੀਆਂ ਨਾਲ ਜਿਸ ਤਰ੍ਹਾਂ ਵਿਸ਼ਵਾਸਘਾਤ ਕੀਤਾ ਸੀ ਉਸੇ ਪਰੰਪਰਾ ਦਾ ਪਾਲਣ ਕਰਦਿਆਂ ਉਹਨਾਂ ਦੇ ਵਾਰਸਾਂ ਨੇ ਹੁਣ ਫਿਰ ਕਾਂਗਰਸ ਆਈ ਦੇ ਪ੍ਰਧਾਨ, ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਦੀ ਪਿੱਠ ਵਿਚ ਛੁਰਾ ਘੋਪਣ ਅਤੇ ਦੇਸ਼ ਵਿਚ ਅਸਥਿਰਤਾ ਪੈਦਾ ਕਰਨ ਲਈ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਉਹਨਾਂ ਦਾ ਨਿਸ਼ਾਨਾ ਸ੍ਰੀ ਵਿਸ਼ਵਾਨਾਥ ਪ੍ਰਤਾਪ ਸਿੰਘ ਸਨ ਕਿਉਂਕਿ ਉਤਰ ਪ੍ਰਦੇਸ਼ ਵਿਚ ਇਹ ਗੱਲ ਸਵਮ ਸਵੀਕਾਰ ਕੀਤੀ ਜਾਂਦੀ ਹੈ ਕਿ ਵਿਸ਼ਵਾਨਾਥ ਪ੍ਰਤਾਪ ਸਿੰਘ ਦਾ ਉਤਰ ਪ੍ਰਦੇਸ਼ ਵਿਚ ਜੋ ਪ੍ਰਭਾਵ ਵਧ ਰਿਹਾ ਹੈ ਉਸਦੇ ਪਿਛੇ ਰਾਜ ਵਿਚਲੇ ਠਾਕੁਰਾਂ ਦਾ ਸਮਰਥਨ ਬਹੁਤ ਵੱਡੀ ਭੂਮਿਕਾ ਅਦਾ ਕਰ ਰਿਹਾ ਹੈ। ਪ੍ਰੰਤੂ ਸ੍ਰੀ ਕਮਲਾਪਤੀ ਤ੍ਰਿਪਾਠੀ ਦੇ ਇਸ ਬਿਆਨ ਨੇ ਠਾਕੁਰਾਂ ਨੂੰ ਭੜਕਾ ਦਿਤਾ ਅਤੇ ਪਾਰਲੀਮੈਂਟ ਦੇ ਇਕ ਸਾਬਕਾ ਮੈਂਬਰ ਅਤੇ ਰਾਜ ਦੇ ਪ੍ਰਮੁਖ ਠਾਕੁਰ ਨੇਤਾ ਸ੍ਰੀ ਭਾਨੂੰ ਪ੍ਰਤਾਪ ਸਿੰਘ ਨੇ ਬ੍ਰਾਹਮਣਾਂ ਤੇ ਜਵਾਬੀ ਵਾਰ ਕਰ ਦਿੱਤਾ। ਉਹਨਾਂ ਆਖਿਆ ਕਿ ਇਤਿਹਾਸ ਗਵਾਹ ਹੈ ਕਿ ਸ੍ਰੀ ਕਮਲਾਪਤੀ ਤ੍ਰਿਪਾਠੀ ਦੀ ਬਿਰਾਦਰੀ ਧੋਖੇਬਾਜ਼ੀ ਅਤੇ ਵਿਸ਼ਵਾਸਘਾਤ ਕਰਨ ਵਿਚ ਸਭ ਤੋਂ ਅਗੇ ਰਹੀ ਹੈ। ਉਹਨਾਂ ਇਥੋਂ ਤਕ ਦੋਸ਼ ਲਾਇਆ ਕਿ ਜਦੋਂ ਮੁਹੰਮਦ ਗਜ਼ਨਵੀ ਨੇ ਪ੍ਰਸਿੱਧ ਮੰਦਰ ਸੋਮਨਾਥ ਤੇ ਹਮਲਾ ਕੀਤਾ ਸੀ ਤਾਂ ਉਸ ਮੰਦਰ ਦੇ ਅੰਦਰ ਜਾਣ ਦਾ ਗੁਪਤ ਰਸਤਾ ਬ੍ਰਾਹਮਣਾਂ ਨੇ ਹੀ ਦੱਸਿਆ ਸੀ। ਉਹਨਾਂ ਅਨੁਸਾਰ ਹੀ ਰਾਜਾ ਜੈ ਚੰਦ ਨੇ ਜੋ ਗਲਤ ਕਦਮ ਚੁਕੇ ਉਹ ਬ੍ਰਾਹਮਣਾਂ ਦੀ ਸਲਾਹ ਤੇ ਹੀ ਚੁਕੇ ਗਏ ਸਨ। ਹੁਣ ਬੋਫੋਰਸ ਅਤੇ ਫੇਅਰਫੈਕਸ ਦੇ ਸੰਬੰਧ ਵਿਚ ਵੀ ਗਲਤ ਸਲਾਹ ਦੇਣ ਵਾਲੇ ਬ੍ਰਾਹਮਣ ਹੀ ਸਨ। ਇਸ ਤਰ੍ਹਾਂ ਅਣਜਾਣੇ ਵਿਚ ਹੀ ਸ੍ਰੀ ਕਮਲਾਪਤੀ ਤ੍ਰਿਪਾਠੀ ਨੇ ਸ੍ਰੀ ਰਾਜੀਵ ਗਾਂਧੀ ਦਾ ਸਮਰਥਨ ਕਰਦਿਆਂ ਸ੍ਰੀ ਵਿਸ਼ਵਾਨਾਥ ਪ੍ਰਤਾਪ ਸਿੰਘ ਨੂੰ ਬਦਨਾਮ ਕਰਨ ਲਈ ਠਾਕੁਰਾਂ ਵਿਰੁਧ ਜੋ ਬਿਆਨ ਦਿਤਾ ਉਸਨੇ ਰਾਜ ਵਿਚ ਬ੍ਰਾਹਮਣ ਬਨਾਮ ਠਾਕੁਰ ਵਿਵਾਦ ਨੂੰ ਜਨਮ ਦਿਤਾ ਹੈ।

# ਦਿੱਲੀ ਦੇ ਹਾਕਮ ਪੰਜਾਬ ਦੀ ਪੀੜ ਨੂੰ ਨਹੀਂ ਸਮਝ ਰਹੇ

ਪੰਜਾਬ ਨਾ ਸਿਰਫ ਸੰਕਟਗ੍ਰਸਤ ਚਲਿਆ ਆਉਂਦਾ ਹੈ ਸਗੋਂ ਇਸ ਦੀ ਵਰਤਮਾਨ ਪੀੜਾ ਤਿੰਨ ਸਾਲ ਪਹਿਲਾਂ ਨਾਲੋਂ ਕਿਤੇ ਵੱਧ ਗੰਭੀਰ ਹੈ। ਅਪਰੇਸ਼ਨ ਬਲਿਊ ਸਟਾਰ (1984) ਪੂਰੇ ਸਿਖ ਸਮੁਦਾਇ ਦੇ ਜਜ਼ਬਾਤ ਲਈ ਗਹਿਰੀ ਚੋਟ ਸੀ ਅਤੇ ਇਸ ਚੋਟ ਨੂੰ ਸ੍ਰੀਮਤੀ ਗਾਂਧੀ ਦੀ ਹੱਤਿਆ ਮਗਰੋਂ ਸਿੱਖਾਂ ਦੇ ਕਤਲੇਆਮ ਨੇ ਹੋਰ ਗਹਿਰਾ ਬਣਾਇਆ। ਇਥੇ ਹੀ ਬਸ ਨਹੀਂ, ਰੰਗ ਨਾਥ ਮਿਸ਼ਰਾ ਕਮਿਸ਼ਨ ਵਲੋਂ ਜਾਂਚ ਦੇ ਨਾਂ 'ਤੇ ਕੀਤੀ ਗਈ ਲਿਪਾ-ਪੋਚੀ ਨੇ ਸਿੱਖਾਂ ਦੇ ਮਨਾਂ ਅੰਦਰ ਕੇਂਦਰ ਸਰਕਾਰ ਪ੍ਰਤੀ ਨਫਰਤ ਦੀ ਭਾਵਨਾ ਨੂੰ ਹੋਰ ਪ੍ਰਬਲ ਬਣਾਇਆ।

ਰਾਜੀਵ ਗਾਂਧੀ ਨੇ ਸੰਤ ਲੌਂਗੋਵਾਲ ਨਾਲ ਜਿਹੜਾ ਸਮਝੌਤਾ ਕੀਤਾ, ਉਸ ਨੇ ਸਥਿਤੀ ਨੂੰ ਆਸਾਂ ਮੁਤਾਬਿਕ ਸੁਖਾਵਾਂ ਨਹੀਂ ਬਣਾਇਆ। ਇਸ ਦੀ ਮੁੱਖ ਵਜ੍ਹਾ ਇਹ ਸੀ ਕਿ ਸਮਝੌਤੇ ਤੋਂ ਮਗਰੋਂ ਕੀਤੀਆਂ ਜਾਣ ਵਾਲੀਆਂ ਕਾਰਵਾਈਆਂ ਏਨੇ ਬਦਇੰਤਜ਼ਾਮੀਆਂ ਢੰਗ ਨਾਲ ਕੀਤੀਆਂ ਗਈਆਂ ਕਿ ਇਨ੍ਹਾਂ ਦੇ ਨਤੀਜੇ ਆਸਾਂ ਤੋਂ ਉਲਟ ਜਾਣੇ ਸੁਭਾਵਿਕ ਹੀ ਸਨ। ਸਮਝੌਤੇ ਮਗਰੋਂ ਚੋਣਾਂ ਕਰਵਾਉਣ ਵਿਚ ਲੋੜੋਂ ਵੱਧ ਕਾਹਲ ਕੀਤੀ ਗਈ। ਚੋਣਾਂ ਤੋਂ ਪਹਿਲਾਂ ਖਾਲਿਸਤਾਨੀ ਅਨਸਰਾਂ ਨੂੰ ਅਲਗ ਥਲਗ ਕਰਨ ਲਈ ਅਕਾਲੀ ਦਲ ਤੇ ਕਾਂਗਰਸ (ਆਈ) ਦੀ ਕੋਈ ਸਾਂਝੀ ਮੁਹਿਮ ਨਹੀਂ ਚਲਾਈ ਗਈ। ਚੋਣਾਂ ਵੀ ਇਸ ਤਰ੍ਹਾਂ ਕਰਵਾਈਆਂ ਗਈਆਂ ਕਿ ਕਾਂਗਰਸ ਦੀ ਅਸਰਦਾਇਕਤਾ ਘੱਟ ਜਾਵੇ ਕਿਉਂਕਿ ਰਾਜੀਵ ਗਾਂਧੀ ਨੂੰ ਇਹ ਗਲਤਫਹਿਮੀ ਸੀ ਕਿ ਇਕ ਸਥਿਰ ਅਕਾਲੀ ਵਜ਼ਾਰਤ ਸਿਖ ਅਤਿਵਾਦੀਆਂ 'ਤੇ ਸਹੀ ਢੰਗ ਨਾਲ ਕਾਬੂ ਪਾਉਣ ਵਿਚ ਸਫਲ ਹੋ ਸਕੇਗੀ। ਬਰਨਾਲਾ ਵਜ਼ਾਰਤ ਸ਼ੁਰੂ ਤੋਂ ਹੀ ਚਰਮਰਾਉਂਦੀ ਸਥਿਤੀ ਵਿਚ ਸੀ। ਇਸ ਦੀ ਵਜ੍ਹਾ ਇਹ ਸੀ ਕਿ ਅਕਾਲੀ ਦਲ ਦੇ ਬਹੁਗਿਣਤੀ ਵਾਲੇ ਧੜੇ ਨੂੰ ਇਸ ਵਿਚ ਨੁਮਾਇੰਦਗੀ ਨਹੀਂ ਸੀ ਮਿਲ ਸਕੀ। ਜਿਵੇਂ ਜਿਵੇਂ ਦਿਨ ਬੀਤਦੇ ਗਏ ਇਹ ਵਜ਼ਾਰਤ ਗੈਰ-ਅਸਰਦਾਰ ਟੋਲਾ ਸਾਬਤ ਹੁੰਦੀ ਗਈ ਅਤੇ ਇਸ ਦੇ ਨਾਲ ਹੀ ਸਿੱਖਾਂ ਵਿਚ ਇਸ ਦੀ ਸਾਖ ਵੀ ਖਤਮ ਹੁੰਦੀ ਗਈ।

ਪਰ ਬਰਨਾਲਾ ਸਰਕਾਰ ਤੋਂ ਬਾਅਦ ਲਾਗੂ ਕੀਤੇ ਗਏ ਰਾਸ਼ਟਰਪਤੀ ਰਾਜ ਨੇ ਨਾ ਸਿਰਫ ਸਥਿਤੀ ਵਿਚਲੇ ਭੰਬਲਭੂਸੇ ਨੂੰ ਵਧਾਇਆ ਹੈ ਸਗੋਂ ਪ੍ਰਸ਼ਾਸਨ ਤੇ ਸਿਖ ਸੁਮਦਾਇ ਵਿਚਾਲੇ ਸਫਬੰਦੀ ਨੂੰ ਹੋਰ ਵੀ ਪਕੇਰਾ ਕੀਤਾ ਹੈ। ਪੁਲੀਸ ਵਲੋਂ ਅੰਨ੍ਹੇਵਾਹ ਕੀਤਾ ਜਾਣ ਵਾਲਾ ਜ਼ੁਲਮ ਪੰਜਾਬ ਦੀ ਰੋਜ਼ਮਰਾ ਦੀ ਜ਼ਿੰਦਗੀ ਦਾ ਇਕ ਅੰਗ ਬਣ ਗਿਆ ਹੈ। ਪੁਲੀਸ ਨੂੰ ਮਿਲੇ ਅਸੀਮਤ ਦਮਨਕਾਰੀ ਅਧਿਕਾਰਾਂ ਨੇ ਸਰਕਾਰ ਨੂੰ ਜਨਤਾ ਦੇ ਬਹੁਤੇ ਵਰਗਾਂ ਨਾਲੋਂ ਤੋੜਿਆ ਹੀ ਹੈ, ਜੋੜਿਆ ਨਹੀਂ — ਇਸ ਸਥਿਤੀ ਦਾ ਸਭ ਤੋਂ ਵੱਧ ਲਾਭ ਖਾਲਿਸਤਾਨੀ ਅਤਿਵਾਦੀਆਂ ਨੂੰ ਹੀ ਹੋਇਆ ਹੈ ਕਿਉਂਕਿ ਉਨ੍ਹਾਂ ਨੂੰ ਪੇਂਡੂ ਵਸੋਂ ਦੇ ਅਨੇਕਾਂ ਵਰਗਾਂ ਤੋਂ ਪਨਾਹ ਤੇ ਮਦਦ ਮਿਲਣੀ ਸ਼ੁਰੂ ਹੋ ਗਈ ਹੈ। ਮੇਰੇ ਕਹਿਣ ਤੋਂ ਇਹ ਭਾਵ ਨਹੀਂ ਕਿ ਪੇਂਡੂ ਵਸੋਂ ਦੇ ਬਹੁਤੇ ਵਰਗ ਖਾਲਿਸਤਾਨੀ ਕਾਜ਼ ਦੇ ਸਮਰਥਕ ਹਨ ਪਰ ਉਹ ਅਤਿਵਾਦੀਆਂ ਨੂੰ ਪੁਲੀਸ ਦੇ ਚੁੰਗਲ ਤੋਂ ਬਚਾਉਣ ਲਈ ਪਨਾਹ ਦਿੰਦੇ ਹਨ ਕਿਉਂਕਿ ਪੁਲੀਸ ਪ੍ਰਤੀ ਉਨ੍ਹਾਂ ਦੇ ਮਨਾਂ ਵਿਚ ਸਿਰਫ ਨਫਰਤ ਹੀ ਨਫਰਤ ਹੈ। ਪੁਲੀਸ, ਪੰਜਾਬ ਵਿਚ ਆਪਣੀ ਆਈ 'ਤੇ ਉਤਰੀ ਹੋਈ ਹੈ, ਜਿਸ ਦੇ ਨਤੀਜੇ ਵਜੋਂ ਜਨਤਾ ਵਿਚ ਪੁਲੀਸ ਪ੍ਰਤੀ ਘ੍ਰਿਣਾ ਵਧਦੀ ਜਾ ਰਹੀ ਹੈ ਹਾਲਾਂ ਕਿ ਖਾਲਿਸਤਾਨੀਆਂ ਪ੍ਰਤੀ ਪਾਈ ਜਾਦੀ ਘਿਰਣਾ ਵੀ ਘੱਟ ਨਹੀਂ। ਫਿਰ ਵੀ, ਪੰਜਾਬ ਦੀ ਵਸੋਂ ਖਾਲਿਸਤਾਨੀਆਂ ਤੇ ਪੁਲੀਸ ਵਿਚਾਲੇ ਘੋਲ ਵਿਚ ਪੁਲੀਸ ਦੀ ਮੱਦਦ ਨਹੀਂ ਕਰ ਰਹੀ ਤਾਂ ਇਸ ਦੀ ਵਜ੍ਹਾ ਇਹ ਹੈ ਕਿ ਖਾਲਿਸਤਾਨੀ ਵੱਖਵਾਦੀਆਂ ਨਾਲ ਮਹਿਜ਼ ਪੁਲੀਸ ਦੀ ਤਾਕਤ ਨਾਲ ਘੁਲਣ ਦੀ ਕੇਂਦਰ ਸਰਕਾਰ ਦੀ ਨੀਤੀ ਨੇ ਰਾਜ ਦੀ ਸਿਖ ਵਸੋਂ ਨੂੰ ਨਾ ਸਿਰਫ ਕੇਂਦਰ ਨਾਲੋਂ ਤੋੜਿਆ ਹੈ ਸਗੋਂ ਆਪਣੇ (ਕੇਂਦਰ ਦੇ) ਵਿਰੁੱਧ ਵੀ ਕਰ ਦਿੱਤਾ ਹੈ

ਪੰਜਾਬ ਦੀਆਂ ਮੁੱਖ ਸਿਆਸੀ ਪਾਰਟੀਆਂ ਵਿਚੋਂ ਕਿਸੇ ਦੀ ਵੀ ਕੋਈ ਖਾਸ ਸਰਗਰਮੀ ਨਜ਼ਰ ਨਹੀਂ ਆਉਂਦੀ। ਕਮਿਊਨਿਸਟਾਂ ਵਲੋਂ ਖਾਲਿਸਤਾਨੀ ਦਹਿਸ਼ਤਪਸੰਦਾਂ ਦੇ ਖਿਲਾਫ ਸਮੂਹਿਕ ਲਹਿਰ ਚਲਾਉਣ ਦੇ ਯਤਨਾਂ ਦੀ ਸਭ ਪਾਸਿਓਂ ਤਾਰੀਫ ਹੋਈ ਹੈ। ਪਰ ਕਮਿਊਨਿਸਟ ਪੰਜਾਬ ਵਿਚ ਜਨ ਅੰਦੋਲਨ ਦਾ ਬਹੁਤ ਛੋਟਾ ਜਿਹਾ ਹਿਸਾ ਹਨ ਅਤੇ ਉਨ੍ਹਾਂ ਦੀਆਂ ਗਤੀਵਿਧੀਆਂ ਏਨੀਆਂ ਅਸਰਦਾਰ ਸਾਬਤ ਨਹੀਂ ਹੋ ਸਕਦੀਆਂ ਕਿ ਆਮ ਜਨਤਾ ਦਾ ਬਹੁਮਤ ਉਨ੍ਹਾਂ ਵਲੋਂ ਪਾਈ ਪਿਰਤ 'ਤੇ ਚੱਲਣ ਬਾਰੇ ਸੋਚੇ। ਅਕਾਲੀ ਦਲ ਵਿਚ ਪਹਿਲਾਂ ਹੀ ਏਨੀ ਜ਼ਿਆਦਾ ਗੁਟਬੰਦੀ ਹੈ ਕਿ ਉਹ ਸਿਖ ਜਨਤਾ ਦੀ ਰਹਿਨੁਮਾਈ ਕਰਨ ਦੇ ਕਾਬਲ ਹੀ ਨਹੀਂ ਰਿਹਾ। ਉਸ ਦੀ ਲੀਡਰਸ਼ਿਪ ਦੀਆਂ ਗਤੀਵਿਧੀਆਂ ਹੁਣ ਕੇਂਦਰ ਦੇ ਖਿਲਾਫ ਉਕੀ — ਦੁਕੀ ਬਿਆਨਬਾਜ਼ੀ ਤੱਕ ਹੀ ਸੀਮਤ ਹਨ। ਭਾਜਪਾ ਹਿੰਦੂ ਵਪਾਰੀ ਤਬਕੇ ਦੀ ਸੋਚ ਤੋਂ ਉਚੇਰਾ ਉਠਣ ਲਈ ਤਿਆਰ ਨਹੀਂ। ਕਾਂਗਰਸ, ਜੋ ਕਿ ਰਾਜ ਦੀ ਸਭ ਤੋਂ ਵੱਡੀ ਸਿਆਸੀ ਪਾਰਟੀ ਹੈ, ਕਿਸੇ ਲੋਕ ਲਹਿਰ ਨੂੰ ਸ਼ੁਰੂ ਕਰਨ ਦੇ ਰੌਂਅ ਵਿਚ ਹੀ ਨਹੀਂ ਜਾਪਦੀ। ਇਸ ਤੋਂ ਵੱਧ ਅਫਸੋਸ ਦੀ ਗੱਲ ਹੋਰ ਕੀ ਹੋ ਸਕਦੀ ਹੈ ਕਿ ਇਕ ਪੂਰਾ ਸੂਬਾ ਵੱਖਵਾਦੀ ਟੋਲੇ ਦੇ ਪੈਰਾਂ ਹੇਠ ਦਰੜਿਆ ਜਾ ਰਿਹਾ ਹੋਵੇ ਅਤੇ ਅਜਿਹੀ ਸਥਿਤੀ ਵਿਚ ਰਾਜ ਦੀ ਸਭ ਤੋਂ ਵੱਡੀ ਸਿਆਸੀ ਜਮਾਤ ਖਾਮੋਸ਼ ਰਹਿਣਾ ਹੀ ਬਿਹਤਰ ਸਮਝੇ।

ਸਰਕਾਰ ਵਲੋਂ ਸੰਸਦ ਵਿਚਲੇ ਭਾਰੀ ਬਹੁਮਤ ਦੀ ਮੱਦਦ ਨਾਲ ਪਾਸ ਕਰਵਾਇਆ ਤਾਜ਼ਾ ਦਹਿਸ਼ਤ-ਵਿਰੋਧੀ ਐਕਟ ਇਕ ਅਜਿਹਾ ਕਦਮ ਹੈ ਜਿਸ 'ਤੇ ਕਿਸੇ ਵੀ ਜਮਹੂਰੀ ਮੁਲਕ ਨੂੰ ਸ਼ਰਮ ਆਉਣੀ ਚਾਹੀਦੀ ਹੈ। ਇਹ ਐਕਟ ਬਰਤਾਨਵੀ ਰਾਜ ਸਮੇਂ ਪੰਜਾਬ ਤੇ ਬੰਗਾਲ ਵਿਚਲੇ ਇਨਕਲਾਬੀ ਯੁਵਕਾਂ ਨੂੰ ਕੁਚਲਣ ਲਈ ਬਰਤਾਨਵੀ ਹਕੂਮਤ ਵਲੋਂ ਪੁਲੀਸ ਤੇ ਮੈਜਿਸਟਰੇਸੀ ਨੂੰ ਦਿੱਤੇ ਅਧਿਕਾਰਾਂ ਨਾਲੋਂ ਵੀ ਕਿਤੇ ਵੱਧ ਦਮਨਕਾਰੀ ਹੈ।

ਸੰਸਦ ਵਿਚ ਉਕਤ ਐਕਟ ਸੰਬੰਧੀ ਬਿਲ 'ਤੇ ਬਹਿਸ ਦੌਰਾਨ ਗ੍ਰਹਿ ਰਾਜ ਮੰਤਰੀ ਪੀ. ਚਿਦੰਬਰਮ ਨੇ ਖੁੱਲ੍ਹੇਆਮ ਇਕਬਾਲ ਕੀਤਾ ਕਿ ਪੰਜਾਬ ਵਿਚ ਫੌਜਦਾਰੀ ਨਿਆਂ-ਪ੍ਰਣਾਲੀ ਮੁਕੰਮਲ ਤੌਰ 'ਤੇ ਠੱਪ ਹੋ ਚੁੱਕੀ ਹੈ। ਪਰ ਸਰਕਾਰ ਦਾ ਇਸ ਬਹਾਨੇ ਪੁਲੀਸ ਨੂੰ ਅਸੀਮਤ ਅਧਿਕਾਰ ਦੇ ਕੇ ਇਕ-ਪਾਸੜ ਹਿੰਸਾ ਲਈ ਪੂਰਵ-ਪ੍ਰਵਾਨਗੀ ਪ੍ਰਦਾਨ ਕਰਨ ਦਾ ਇਰਾਦਾ ਹੈ, ਤਾਂ ਸਰਕਾਰੀ ਦਹਿਸ਼ਤਵਾਦ ਤੇ ਖਾਲਿਸਤਾਨੀ ਦਹਿਸ਼ਤਵਾਦ ਦੇ ਵਿਚਾਲੇ ਆਮ ਲੋਕਾਂ ਦੀ ਹੋਰ ਵਡੇਰੀ ਗਿਣਤੀ ਦੇ ਪਿਸਣ ਦੀਆਂ ਸੰਭਾਵਨਾਵਾਂ ਨੂੰ ਰੱਦ ਨਹੀਂ ਕੀਤਾ ਜਾ ਸਕਦਾ।

**ਨਿਖਿਲ ਚੱਕਰਵਰਤੀ**

# ਕਲ ਦੀ ਗੱਲ, ਅੱਜ ਦੀ ਗੱਲ

*ਦਰਸ਼ਨ ਸਿੰਘ ਮਾਸਟਰ*

ਕਲ ਦੀ ਏ ਗੱਲ ਅਜੇ ਕਲ ਦੀ ਏ ਗੱਲ
ਦਿੱਲੀ-ਦੰਗਿਆਂ ਦੀ ਗੱਲ
ਹੱਥ ਲਹੂ 'ਚ ਬੇਦੋਸ਼ਿਆਂ ਦੇ ਰੰਗਿਆਂ ਦੀ ਗੱਲ
ਵਿੱਚ ਦੰਗਿਆਂ ਦੇ ਝੂਲਦੇ ਤਰੰਗਿਆਂ ਦੀ ਗੱਲ
ਗੱਲ ਖੱਦਰੀ ਤਹਿਜ਼ੀਬ ਦੇ ਲਫੰਗਿਆਂ ਦੀ ਗੱਲ
ਹਾਏ ਬਾਲਕਾਂ ਨੂੰ ਨੇਜਿਆਂ ਤੇ ਟੰਗਿਆਂ ਦੀ ਗੱਲ

ਘਰਾਂ ਸਾੜਿਆਂ ਦੀ ਗੱਲ
ਹੱਥਾਂ ਜੋੜਿਆਂ ਦੀ ਗੱਲ ਕੱਢੇ ਹਾੜਿਆਂ ਦੀ ਗੱਲ
ਹੱਥਾਂ ਵੱਢਿਆਂ ਦੀ ਗੱਲ ਢਿੱਡਾਂ ਪਾੜਿਆਂ ਦੀ ਗੱਲ
ਫੇਰ ਵਾਂਗ ਸੰਤਾਲੀ ਦੇ ਉਜਾੜਿਆਂ ਦੀ ਗੱਲ
ਹਿੱਤ ਰਾਜਸੀ ਤੇ ਰਾਜਸੀ ਪੁਆੜਿਆਂ ਦੀ ਗੱਲ

ਚੂੜੇ ਟੁਟਿਆਂ ਦੀ ਗੱਲ
ਬੋਲ 'ਹਾਕਮਾਂ' ਦੇ ਮੁੱਖ ਤੋਂ ਉਚਾਰਿਆਂ ਦੀ ਗੱਲ
ਪੇੜ ਡਿੱਗਦਾ ਤਾਂ ਭੋਂ ਦੇ ਹੁਲਾਰਿਆਂ ਦੀ ਗੱਲ
ਹਾਏ ਗੁੱਝੜੇ ਸੰਕੇਤ ਤੇ ਇਸ਼ਾਰਿਆਂ ਦੀ ਗੱਲ
ਏਸ ਪਿੱਛੋਂ ਚੱਲੇ ਖੂੰਨ ਦੇ ਫੁਹਾਰਿਆਂ ਦੀ ਗੱਲ

ਘੱਲੂਘਾਰਿਆਂ ਦੀ ਗੱਲ
ਲੋਕਰਾਜ ਵਿਚ ਚੰਦਰਿਆਂ ਕਾਰਿਆਂ ਦੀ ਗੱਲ
ਪਏ ਘੁੰਮਦੇ ਆਜ਼ਾਦ ਹੱਤਿਆਰਿਆਂ ਦੀ ਗੱਲ
ਅੱਖਾਂ ਰੋਂਦੀਆਂ ਦੀ ਗੱਲ ਟੁੱਟੇ ਤਾਰਿਆਂ ਦੀ ਗੱਲ
ਹਾਏ ਮਨਾਂ ਵਿਚ ਮੱਚਦੇ ਅੰਗਾਰਿਆਂ ਦੀ ਗੱਲ

★

ਅਜ ਦੀ ਏ ਗੱਲ ਅਜੇ ਅਜ ਦੀ ਏ ਗੱਲ
ਖੂੰਨੀ ਚਿਹਰਿਆਂ ਦੀ ਗੱਲ

ਦੂਰ ਦੂਰ ਤਕ ਪੱਸਰੇ ਹਨੇਰਿਆਂ ਦੀ ਗੱਲ
ਵੱਖਵਾਦ ਤੇ ਜਨੂੰਨ ਦੇ ਜਠੇਰਿਆਂ ਦੀ ਗੱਲ
ਬੱਸਾਂ ਰੋਕੀਆਂ ਦੀ ਗਲ ਪਾਂਧੀ ਘੇਰਿਆਂ ਦੀ ਗੱਲ
ਘਾਟ ਮੌਤ ਦੇ ਉਤਾਰਿਆਂ ਬਥੇਰਿਆਂ ਦੀ ਗੱਲ

ਗੂੜ੍ਹੇ ਵਿਹਰਿਆਂ ਦੀ ਗੱਲ
ਗਲੀ ਗਲੀ ਅਪਰਾਧੀਆਂ ਦੇ ਫੇਰਿਆਂ ਦੀ ਗੱਲ
ਵਿਚ ਪੂਜਾ ਅਸਥਾਨਾਂ ਪਾਪੀ ਡੇਰਿਆਂ ਦੀ ਗੱਲ
ਮਾਰ ਕਾਟ ਦਿਆਂ ਸਾਕਿਆਂ ਲੰਮੇਰਿਆਂ ਦੀ ਗੱਲ
ਸ਼ਾਮਾਂ ਗਮਗੀਨ ਰੋਂਦਿਆਂ ਸਵੇਰਿਆਂ ਦੀ ਗੱਲ

ਗੱਦੀ-ਦਾਰੀਆਂ ਦੀ ਗੱਲ
ਵੈਰੀ ਦੇਸ ਦੇ ਤੇ ਖੂੰਨ ਦੇ ਵਪਾਰੀਆਂ ਦੀ ਗੱਲ
ਸਾਮਰਾਜ ਦੀਆਂ ਗੂੜ੍ਹੀਆਂ ਤਿਆਰੀਆਂ ਦੀ ਗੱਲ
ਮੂਲਵਾਦ ਦੀਆਂ ਤਾਕਤਾਂ ਹੰਕਾਰੀਆਂ ਦੀ ਗੱਲ
ਲੋਟੂ ਦੇਸੀਆਂ ਬਦੇਸੀਆਂ ਦੀ ਯਾਰੀਆਂ ਦੀ ਗੱਲ

ਛੰਨਾਂ ਢਾਰਿਆਂ ਦੀ ਗੱਲ
ਸਦਭਾਵਨਾ ਦੇ ਭਾਰਿਆਂ ਮੁਜ਼ਾਹਰਿਆਂ ਦੀ ਗੱਲ
ਹਿੰਦ ਵਾਸੀ ਭਾਈ ਭਾਈ ਦਿਆਂ ਨਾਹਰਿਆਂ ਦੀ ਗੱਲ
ਦਾਤੀ ਥੋੜਿਆਂ ਦੀ ਮਿੱਤਰਾਂ ਪਿਆਰਿਆਂ ਦੀ ਗੱਲ
ਦੇਸ ਭਗਤਾਂ ਦੇ ਮੁੱਕਿਆਂ ਉਲਾਰਿਆਂ ਦੀ ਗੱਲ
ਪੈਣੀ ਲੋਟੂਆਂ ਜਨੂੰਨੀਆਂ ਨੂੰ ਕੱਠਿਆਂ ਹੀ ਠੱਲ
ਜਿੱਤ ਕਾਮਿਆਂ ਕਿਸਾਨਾਂ ਦੀ ਏ ਹੋਵਸੀ ਅਟੱਲ

CANADA
DARPAN
INTERNATIONAL EDITION

## 20 bus passengers burnt to death

Bhatinda,
At least 20 passengers were killed and six others seriously injured when a Punjab Roadways bus turned turtle and caught fire near village Kalyan Sukha, 30 kms from here Oct. 15

Unofficial report however said that 40 persons were burnt to death.

The tragedy occurred on the Bhatinda-Moga road when the front tyre of the Bhatinda-bound bus coming from Jalandhar burst and the bus turned upside down.

SGPC elections

Head priest endorses call for Sarbat Khalsa

# Rival factions claim presidentship



Clash between UAD and Akali Dal (L) supporters at Gurdwara Keshgarh Saheb, Anandpur Sahib, on Oct 16

Anandpur Sahib,
—In a major twist in the Sikh politics, rival Akali groups today declared elected "unanimously" their own set of office bearers to the Shiromani Gurdwara Prabandhak Committee after clashes in the historic gurdwara Takht Keshgarh Sahib here October 16.

While the Unified Akali Dal claimed that its candidate G S Tohra was declared elected as SGPC president, Akali Dal-L claimed that the new SGPC president was its nominee, Mr Harcharan Singh Hudiara.

The two groups, which organised parallel meetings, also announced unanimous election of their candidates for the two vice-presidential posts, a secretary and the 11-member executive committee.

This is the first time in the 62-year history of the body which manages Sikh gurdwaras that there are two rival set of office bearers.

The trouble arose when some SGPC members and supporters of the Barnala group were attacked by a group of youths while proceeding towards the meeting venue. The security forces moved in and the rival groups dispersed.

Among those manhandled were Mr Gaggandeep Singh, son of Mr Barnala, Mr Kabul Singh, former SGPC president, Mr Baldev Singh Mann, former minister in the Barnala cabinet and Mr Manjit Singh Khaira, general secretary of the Akali Dal-L. About six persons were injured.

While the supporters of Unified Akali Dal held their meeting on the upper floor of the gurdwara, the Barnala group's gathering was held on the ground floor. Both the groups later declared their respective candidates as the SGPC office bearers.

The Unified Akali Dal claimed that 76 SGPC members had signed the register but actually 65 out of an actual voting strength of 120 were present in the meeting when the election took place. The party claimed that some of the office bearers declared elected at the meeting of the Barnala group had also signed the register kept in their (UAD) meeting.

This was, however, denied by some of the concerned members. Some others, however, admitted having signed the register but said they had merely marked their presence.

"ਇਹਦੇ 'ਚ ਮਿਹਰਬਾਨੀ ਆਲੀ ਕਿਹੜੀ ਗੱਲ ਆ। ਇਨ੍ਹਾਂ ਅੰਗਰੇਜ਼ ਸਹੁਰਿਆਂ ਦੀਆਂ ਕੁੜੀਆਂ ਖਰਾਬ ਕਰਨੀਆਂ ਤਾਂ ਸਾਡਾ ਫਰਜ਼ ਬਣਦੈ। ਕੁੱਤੀ ਦੇ ਪੁੱਤਰਾਂ ਤੋਂ ਮਸੀਂ ਤਾਂ ਕਿਧਰੇ ਬਦਲਾ ਲੈਣ ਦਾ ਸਬੱਬ ਬਣਿਐ।"

"ਪੱਕੀ ਰਹੀ, ਫੇਰ ?"

"ਹਾਂ, ਪੱਕੀ, ਭੈੜਿਆ ਫਿਕਰ ਨਾ ਕਰ। ਕੁੜੀਆਂ ਤੇਰੇ ਹੇਠ ਉਤੇ ਨਾ ਚਾੜ੍ਹ ਛੱਡੀਆਂ ਤਾਂ ਮੂਤਰ ਨਾਲ ਮੇਰੀ ਦਾੜ੍ਹੀ ਮੁੰਨ ਛੱਡੀਂ", ਅਹਿਮਦ ਨੇ ਛਾਤੀ ਫੈਲਾਉਂਦਿਆਂ ਕਿਹਾ।

"ਕਦ ?"

"ਡਾਢਾ ਕਾਹਲਾ ਪਿਆ ਲੱਗਦੈਂ। ਜ਼ਰਾ ਧੀਰਾ ਹੋ। ਤੈਨੂੰ ਏਦਾਂ ਦੀ ਛੋਕਰੀ ਟਕਰਾਸਾਂ ਕਿ ਸਾਰੀ ਉਮਰ ਯਾਦ ਕਰਸੇਂ ਕਿ ਕੋਈ ਪਾਕਿਸਤਾਨੀ ਭਰਾ ਟਕਰਿਆ ਸੀ।"

ਅਹਿਮਦ ਵਰਗੇ ਹੀ ਚਾਰ ਹੋਰ ਜਣੇ ਉਹਦੇ ਘਰ 'ਚ ਰਹਿੰਦੇ ਸਨ। ਕੁਝ ਚਿਰ 'ਚ ਹੀ ਉਨ੍ਹਾਂ ਮੇਰਾ ਵੀ ਆਪਣੇ ਵਰਗਾ ਹੁਲੀਆ ਬਣਾ ਲਿਆ, ਜਿਹਨੂੰ ਉਹ ਕੁੜੀਆਂ ਫਸਾਉਣ ਲਈ ਜ਼ਰੂਰੀ ਦਸਦੇ ਸਨ। ਹੁਣ ਮੇਰੇ ਵਾਲ ਵੀ ਉਨ੍ਹਾਂ ਵਾਂਗ ਮੋਢਿਆਂ ਤੱਕ ਪਏ ਪਲਮਦੇ। ਗਲ ਕੋਕਿਆਂ ਵਾਲੀ ਚਮੜੀ ਦੀ ਕੋਟੀ ਹੁੰਦੀ ਤੇ ਤੇੜ ਕੁੜੀਆਂ ਦੇ ਗਰਾਰਿਆਂ ਵਰਗਾ ਬੈਲ ਬਾਟਮ। ਸ਼ਾਮ ਨੂੰ ਅਸੀਂ ਗਲੀਆਂ 'ਚ ਘੁੰਮਦੇ, ਕੁੜੀਆਂ ਨੂੰ ਵੇਖ ਕੇ ਸੀਟੀਆਂ ਚੀਕਾਂ ਮਾਰਦੇ। ਇੰਜ ਅੱਧੀ ਰਾਤ ਤੱਕ ਅਸੀਂ ਪੱਬਾਂ-ਕਲੱਬਾਂ 'ਚ ਝੱਖ ਮਾਰਦੇ ਰਹਿੰਦੇ।

ਕੁਝ ਚਿਰ ਮਗਰੋਂ, ਅਹਿਮਦ ਨੇ ਮੈਨੂੰ ਵੀ ਆਪਣੇ ਨਾਲ ਬਿਸਕੁਟਾਂ ਵਾਲੀ ਫੈਕਟਰੀ 'ਚ ਲੁਆ ਲਿਆ। ਕੰਮ ਮੈਨੂੰ ਪਸੰਦ ਸੀ। ਪਰ ਪੈਸੇ ਥੋੜੇ ਸਨ, ਪਰ ਸੁਖਾਲੇ ਕੰਮ ਤੇ ਜੁਆਨ ਕੁੜੀਆਂ ਦੇ ਸੰਗ 'ਚ ਮੈਨੂੰ ਪੈਸਿਆਂ ਦੀ ਕੋਈ ਪਰਵਾਹ ਨਹੀਂ ਸੀ।

ਇਕ ਦਿਨ ਦੁਪਹਿਰ ਦੀ ਛੁੱਟੀ 'ਚ ਅਹਿਮਦ ਨੇ ਲਿੰਡਾ ਨਾਂ ਦੀ ਗੋਰੀ ਕੁੜੀ ਨਾਲ ਮੇਰੀ ਜਾਣ-ਪਛਾਣ ਕਰਾਈ। ਗੱਲਾਂ ਗੱਲਾਂ 'ਚ ਉਹ ਮੇਰੀ ਜਮਾਤਣ ਨਿਕਲ ਆਈ। ਹਮ ਉਮਰ ਹੋਣ ਕਰਕੇ ਸਾਡੀ ਵਾਕਫੀ ਛੇਤੀ ਹੀ ਮਿਤਰਤਾ 'ਚ ਬਦਲ ਗਈ। ਗੋਰੀਆਂ ਕੁੜੀਆਂ ਦੀ ਸੰਖਿਆ ਗੋਰੇ ਮੁੰਡਿਆਂ ਨਾਲੋਂ ਵੱਧ ਹੋਣ ਕਰਕੇ ਤੁਸੀਂ ਜਾਣਦੇ ਹੀ ਹੋ ਗੋਰਾ ਮੁੰਡਾ ਸਾਧਾਰਨ ਗੋਰੀ ਕੁੜੀ ਨੂੰ ਮੂੰਹ ਨਹੀਂ ਲਾਉਂਦਾ। ਪਰ ਆਪਾਂ ਤੇ ਜਮੀਕਨ ਉਨ੍ਹਾਂ ਨੂੰ ਕੋਹ ਕਾਫ ਦੀਆਂ ਪਰੀਆਂ ਸਮਝ ਕੇ ਉਨ੍ਹਾਂ ਤੇ ਫਿਦਾ ਹੋ ਜਾਂਦੇ ਹਾਂ

ਸੋ ਮੈਂ ਵੀ ਅਹਿਮਦ ਵਲੋਂ ਕੰਨੀਂ ਕਤਰਾਉਣ ਲੱਗ ਪਿਆ। ਮੈਨੂੰ ਹਰ ਵੇਲੇ ਡਰ ਰਹਿੰਦਾ। ਕਿ ਮੈਥੋਂ ਮਾਹਿਰ ਅਹਿਮਦ ਮੇਰੀ ਇਸ ਪਰੀ ਨੂੰ ਕਿਧਰੇ ਖਿਸਕਾ ਹੀ ਨਾ ਲੈ ਜਾਵੇ। ਮੈਂ ਕੋਈ ਬਹਾਨਾ ਬਣਾ ਕੇ ਅਹਿਮਦ ਤੋਂ ਛੁੱਟੀ ਲੈ ਲਈ। ਉਹਤੋਂ ਦੂਰ ਮੈਂ ਕਿਸੇ ਹੋਰ ਮਹੱਲੇ 'ਚ ਕਿਰਾਏ ਤੇ ਕਮਰਾ ਲੈ ਕੇ ਰਹਿਣ ਲੱਗ ਪਿਆ। ਹੁਣ ਕਦੀ ਕਦੀ ਲਿੰਡਾ ਮੇਰੇ ਨਾਲ ਮੇਰੇ ਕਮਰੇ 'ਚ ਆ ਜਾਂਦੀ ਤੇ ਕਈ ਵਾਰ ਉਹ ਮੈਨੂੰ ਵੀ ਨਾਲ ਆਪਣੇ ਘਰ ਲੈ ਜਾਂਦੀ। ਲਿੰਡਾ ਦੀ ਮਾਂ ਮੈਨੂੰ ਵੇਖ ਕੇ ਨੱਕ ਬੁੱਲ੍ਹ ਚੜ੍ਹਾਉਂਦੀ। ਮੇਰੀ ਥਾਂ ਜੇ ਕੋਈ ਗੋਰਾ ਮੁੰਡਾ ਘਰ ਆਉਂਦਾ ਤਾਂ ਉਹ ਇੰਜ ਔਖੀ ਹੋਣ ਦੀ ਥਾਂ ਲਿੰਡਾ ਦੀ ਕਿਸਮਤ ਤੇ ਰਸ਼ਕ ਕਰਦੀ। ਪਰ ਮੇਰਾ ਮੁਸ਼ਕੀ ਰੰਗ ਉਹਦੀਆਂ ਅੱਖਾਂ 'ਚ ਪਈ ਰੇਤ ਵਾਂਗ ਰੜਕਦਾ। ਹੋਰ ਕੋਈ ਚਾਰਾ ਨਾ ਵੇਖ ਕੇ, ਉਸ ਵਿਚਾਰੀ ਨੂੰ ਸਬਰ ਦਾ ਘੁੱਟ ਪੀਣਾ ਪਿਆ। ਹੋਰ ਕਰ ਵੀ ਕੀ ਸਕਦੀ ਸੀ ?

ਸਾਡੇ ਵਿਆਹ 'ਚ ਇਕ ਹਫਤਾ ਹੀ ਰਹਿੰਦਾ ਸੀ ਕਿ ਮੇਰੇ ਉਸ ਬਾਪੂ ਨੂੰ ਪਤਾ ਨਹੀਂ ਕਿਸ ਦਸ ਦਿੱਤਾ। ਮੈਂ ਕੰਮੋਂ ਆਇਆ ਹੀ ਸਾਂ ਕਿ ਉਹ ਆਪਣੇ ਵਰਗੇ ਚਾਰ ਪੰਜ ਭਾਈਬੰਦ ਲੈ ਕੇ ਆ ਧਮਕਿਆ। ਪਹਿਲਾਂ ਉਨ੍ਹਾਂ ਮੈਨੂੰ ਪਤਿਆ ਕੇ ਲਿਜਾਣ ਦੀ ਕੋਸ਼ਿਸ਼ ਕੀਤੀ। ਜਦ ਉਨ੍ਹਾਂ ਦੀ ਇਜ ਦਾਲ ਨਾ ਗਲੀ ਤਾਂ ਬਾਪੂ ਨੇ ਜਟਕੇ ਹਥਿਆਰ ਦੀ ਵਰਤੋਂ ਕਰਨੀ ਚਾਹੀ। ਉਹ ਗੁੱਸੇ ਨਾਲ ਲਾਲ ਪੀਲਾ ਹੁੰਦਾ ਗਰਜਿਆ, "ਸਾਲਿਆ, ਮੈਂ ਸਾਰੀ ਉਮਰ ਥੋਡੇ ਲਈ ਗਾਲ 'ਤੀ ਤੇ ਤੂੰ ਹੁਣੇ ਦੰਦੀਆਂ ਦਖੋਣ ਲੱਗ ਪਿਐਂ। ਸਿਧੀ ਤਰ੍ਹਾਂ ਤੁਰਦੈਂ ਕਿ ਬਨਾਮਾਂ ਬੰਦੇ ਦਾ ਪੁੱਤ ?" ਕਹਿੰਦਾ ਹੋਇਆ ਉਹ ਆਪਣਾ ਕਿੰਗ ਕਾਂਗੀ ਸਰੀਰ ਲੈ ਕੇ ਮੇਰੇ ਵਲ ਵਧਿਆ। ਉਹਨੂੰ ਇੰਜ ਆਪਣੇ ਵੱਲ ਵਧਦਾ ਵੇਖ ਕੇ, ਮੈਂ ਗੁੱਸੇ-ਰਲੇ ਵਿਅੰਗ ਨਾਲ ਕਿਹਾ, "ਮੈਂ ਲਛਮਣ ਨਈਂ, ਜਿਹੜਾ ਸਾਰੀ ਉਮਰ ਰਾਮ ਨੂੰ ਪੂਜਦਾ ਰਹੂ। ਖਬਰਦਾਰ ਜੇ ਮੈਨੂੰ ਹੱਥ ਲਾਇਆ। ਜਾਓ। ਮੇਰਾ ਤੁਹਾਡੀ ਕੋਈ ਰਿਸ਼ਤਾ ਨਈਂ।"

ਸੁਣਦਿਆਂ ਹੀ ਮੇਰਾ ਇਹ ਬਾਪੂ ਤੇ ਉਹਦੇ ਸਾਥੀ ਥਾਏਂ ਹੀ ਜੰਮ ਗਏ, ਜਿਵੇਂ ਉਨ੍ਹਾਂ ਨੂੰ ਸਕਤਾ ਪੈ ਗਿਆ ਹੋਵੇ।

# ਕੌਣ ਮੋਇਐ ?

**ਨਰਿੰਜਨ ਸਿੰਘ ਨੂਰ**

(ਪੰਜਾਬ ਦੇ ਅਮਨ ਦੇ ਨਾਂ)

ਅਮਰ ਸਿੰਘਾ !
ਏਸ ਨਗਰੀ ਕੌਣ ਮੋਇਐ ?
ਰਾਮ ਮੋਇਐ ?
ਸਿੰਘ ਮੋਇਐ ?
ਨਈਂ ਭਰਾਵਾ, ਰਾਮ ਸਿੰਘ ਹੀ ਟੁਰ ਗਿਆ ਹੈ !
ਮੋਹ ਅਸਾਡਾ ਲੂਣ ਵਾਂਗੂੰ ਖੁਰ ਗਿਆ ਹੈ !
ਜਾਣਦਾ ਹੈ ? ਪੱਗ-ਦਾਹੜੀ ਵਾਲਾ ਸਾਧੂ ਰਾਮ,
ਚਾਰ ਮੋਨੇ ਪੁੱਤਰਾਂ ਦੇ ਸਾਹਮਣੇ,
ਕਿਸ ਤਰ੍ਹਾਂ ਜਿਉਂਦਾ ਹੀ ਲਟ ਲਟ ਬਲ਼ ਰਿਹਾ ਸੀ !
ਸਿਵਾ ਸਾਂਝਾਂ ਦਾ ਕੁਵੇਲੇ ਬਲ਼ ਰਿਹਾ ਸੀ।

ਰਾਮ ਰੱਖਿਆ !
ਏਸ ਨਗਰੀ ਕੌਣ ਮੋਇਐ ?
ਏਸ ਨਗਰੀ ?
ਏਸ ਨਗਰੀ ਵਿੱਚ ਪਰਲੋ ਆ ਗਈ ਹੈ :
ਅੱਜ ਦਸਵੇਂ ਗੁਰੂ ਦੇ ਦਰਬਾਰ ਵਿੱਚ
ਭਾਈ ਨੰਦ ਲਾਲ ਕਤਲਾਇਆ ਗਿਆ !
ਸਾਡੀ ਸਾਂਝੀ ਪੱਗ ਨੂੰ ਹੱਥ ਪਾਇਆ ਗਿਆ !

ਸ਼ਾਮ ਸਿੰਘਾ !
ਏਸ ਨਗਰੀ ਕੌਣ ਮੋਇਐ ?
ਏਸ ਨਗਰੀ ?
ਏਸ ਨਗਰੀ ਕੌਣ ਬਚਿਐ !
ਸੌ ਕੁ ਰਾਧਾ ਸੁਆਮੀ,
ਚਾਰ-ਪੰਜ ਸੌ ਕਾਂਗਰਸੀਏ,
ਛੇ ਸੌ ਪੂਰੇ ਅਕਾਲੀ,
ਸੱਤ ਸੌ ਮਾਸੂਮ ਬੱਚੇ,
ਅੱਠ ਸੌ ਮਾਵਾਂ ਜਿਨ੍ਹਾਂ ਦੀ ਕੁੱਖ ਅੰਦਰ
ਰਾਮ, ਕ੍ਰਿਸ਼ਨ, ਬੁੱਧ, ਨਾਨਕ, ਰਵੀਦਾਸ, ਗੋਬਿੰਦ ਸਿੰਘ
ਮਾਰਕਸ, ਲੈਨਿਨ, ਹੋ ਚੀ ਮਿਨ੍ਹ
ਰਾਜਗੁਰੂ, ਸੁਖਦੇਵ ਅਤੇ ਭਗਤ ਸਿੰਘ
ਧਰਮ ਦੇ ਨਾਂ ਤੇ ਜਨੂਨੀ ਕੁਫਰ ਵੱਲੋਂ
ਇਕ ਪਲ ਅੰਦਰ ਫ਼ਨਾਹ ਕੀਤੇ ਗਏ।
ਕਿਵੇਂ ਬਖਸ਼ੇ ਜਾਣਗੇ
ਜੋ ਪੁੰਨ ਦੇ ਨਾਂ ਤੇ ਗੁਨਾਹ ਕੀਤੇ ਗਏ !

ਰਾਮ ਸਿੰਘਾ !
ਏਸ ਨਗਰੀ ਕੌਣ ਮੋਇਐ ?
ਏਸ ਨਗਰੀ ?
ਏਸ ਨਗਰੀ ਮੌਤ ਚੰਦਰੀ ਨੱਚ ਰਹੀ ਹੈ।
ਅੱਜ ਏਡਾ ਕਹਿਰ ਹੋਇਆ :
ਸਾਡੀ ਸਾਂਝੀ ਗਊ ਮੋਈ,
ਰੋਟੀ-ਬੇਟੀ ਦੀ ਸਦੀਵੀ ਸਾਂਝ ਮੋਈ।
ਅੱਜ ਸਾਂਝੀ ਵੇਦਨਾ ਦੇ ਵੇਦ ਮੋਏ,
ਗਿਆਨ, ਗੀਤਾ, ਗ੍ਰੰਥ ਮੋਏ,
ਅੱਜ ਸਾਡੇ ਜੋਸ਼ ਦੇ ਹੱਥੋਂ
ਅਸਾਡੀ ਹੋਸ਼ ਮੋਈ।
ਧਰਮ ਮੋਇਆ, ਕਰਮ ਮੋਇਆ,
ਅੱਜ ਸਾਡਾ ਇਸ਼ਟ ਮੋਇਆ,
ਤੇ ਅਜ਼ਲ ਦੀ ਸਾਂਝ ਦਾ ਭਗਵਾਨ ਮੋਇਆ।
ਮੌਤ ਖੂਨਣ-ਤੰਗ-ਨਜ਼ਰੀ
ਦੋਸਤੀ ਦੇ ਸੁਪਨਿਆਂ ਤੇ ਛਾ ਗਈ ਹੈ
ਜ਼ਿੰਦਗੀ ਦੀ ਮੌਤ ਜੀਕਣ ਆ ਗਈ ਹੈ !

ਰਾਮ-ਮੁਹੰਮਦ-ਸਿੰਘ, ਬੋਲ !
ਏਸ ਨਗਰੀ ਕੋਈ ਬਚਿਐ ?
ਏਸ ਨਗਰੀ ?
ਹਾਂ ਸਿਰਫ ਇਕ ਲਾਸ਼ ਮੋਈ ਸਹਿਕਦੀ ਹੈ।
ਮੁੜ ਮਿਲਣ ਦੀ ਆਸ ਮੋਈ ਸਹਿਕਦੀ ਹੈ।
ਆਸ ਹੈ ਮੈਨੂੰ ਕਿਆਮਤ ਦੀ ਨਜ਼ਰ ਤੋਂ,
ਕੋਈ ਨਾ ਕੋਈ ਕਰਮਾਂ ਵਾਲਾ ਜੀ ਬਚੇਗਾ।
ਸੋਚਦਾ ਹਾਂ ਮੁੜ-ਮਿਲਣ ਦੀ ਆਸ ਵੀ ਜਾਂਦੀ ਰਹੀ ਜੇ
ਸਾਂਝ ਦੇ ਪ੍ਰਮਾਤਮਾ ਦਾ ਕੀ ਬਚੇਗਾ ?

ਮੌਤ ਤੋਂ ਡਰਨ ਦਾ ਅਰਥ ਹੈ ਕਿ ਆਦਮੀ ਖੁਦ ਨੂੰ ਅਕਲਮੰਦ ਸਮਝਦਾ ਹੈ ਜਦ ਕਿ ਉਹ ਅਕਲਮੰਦ ਨਹੀਂ ਹੈ, ਕਿਉਂਕਿ ਉਹ ਅਜਿਹੀ ਗੱਲ ਜਾਨਣ ਬਾਰੇ ਸੋਚਦਾ ਹੈ ਜੋ ਉਹ ਜਾਣਦਾ ਨਹੀਂ। ਆਦਮੀ ਇਹ ਨਹੀਂ ਜਾਣਦਾ ਕਿ ਮੌਤ ਉਸ ਲਈ ਸਭ ਤੋਂ ਵੱਡਾ ਵਰਦਾਨ ਵੀ ਸਾਬਿਤ ਹੋ ਸਕਦੀ ਹੈ। ਫੇਰ ਵੀ ਉਹ ਉਸ ਤੋਂ ਇੰਜ ਡਰਦਾ ਹੈ, ਜਿਵੇਂ ਉਹ ਸੰਸਾਰ ਦੀ ਸਭ ਤੋਂ ਖਤਰਨਾਕ ਚੀਜ਼ ਹੋਵੇ। -ਸੁਕਰਾਤ


## ਬੰਬੇ ਸਵੀਟਸ ਮੈਨੂਫੈਕਚਰਰ ਇਨਕ

ਮਠਿਆਈਆਂ ਦੀ ਸਭ ਤੋਂ ਵੱਡੀ ਦੁਕਾਨ!

**BOMBAY SWEETS MANUFACTURER INC.**

6556 —6560 MAIN (at 49th.Ave.)
VANCOUVER, B.C. V5X 3G9
Tel. (604) 321-1414
Or 874-5722
CONTACT:
**NARESH SHUKLA & BROS.**

$2.50 / ਪੌਂਡ ਵਾਲੀਆਂ ਜਲੇਬੀਆਂ $1.49

$2.50 / ਪੌਂਡ ਵਾਲੇ ਲੱਡੂ $1.75



CALL US FIRST

IATA APPROVED OFFICE

## Express Internationl Travel (1986) Ltd. ATAC

ਸਾਡੇ ਕੋਲ ਸਪੇਸ਼ਲ ਇੰਮੀਗਰੇਂਟ ਕਿਰਾਏ ਲਈ ਟਿਕਟਾਂ ਮਿਲਦੀਆਂ ਹਨ। ਦਿੱਲੀ ਤੋਂ ਵੈਨਕੂਵਰ ਤੱਕ ਸਸਤੇ ਕਿਰਾਏ ਲਈ ਸੰਪਰਕ ਕਰੋ। ਨਾਲ ਹੀ ਇੰਮੀਗਰੇਂਟ ਤੇ ਵਿਜ਼ਟਰ ਇੰਨਸ਼ੋਰੈਂਸ ਵੀ ਅਸੀਂ ਮੁਹੱਈਆ ਕਰਦੇ ਹਾਂ।

Approved Agent All Major Airlines

ਭਾਰਤ, ਪਾਕਿਸਤਾਨ, ਲੰਡਨ, ਫੀਜ਼ੀ, ਹਵਾਈ ਤੇ ਦੁਨੀਆਂ ਦੇ ਹਰ ਕੋਨੇ ਵਿਚ

ਸਪੇਸ਼ਲ ਸਰਵਿਸ

ਵੀਜ਼ਾ ਅਤੇ ਪਾਸਪੋਰਟ ਲੈਣ ਵਿਚ ਅਸੀਂ ਬਿਨਾਂ ਮੁਆਵਜ਼ੇ ਦੇ ਤੁਹਾਡੀ ਮੱਦਦ ਕਰਦੇ ਹਾਂ।

321-8777

5787 Victoria Drive, VANCOUVER, B.C. V5P 3W5


AJIT KANG

## ਅੰਤਰਰਾਸ਼ਟਰੀ ਝਰੋਖਾ

# ਫਿਲਪਾਈਨਜ਼

ਸ. ਸ. ਛੀਨਾ

ਫਿਲਪਾਈਨਜ਼ 1972 ਤੋਂ ਬਾਅਦ ਲਗਾਤਾਰ ਦਿਲਚਸਪੀ ਵਾਲਾ ਦੇਸ਼ ਬਣਿਆ ਹੋਇਆ ਹੈ । ਇਥੇ ਲੋਕਤੰਤਰ ਦੀ ਸਫਲਤਾ, ਡਿਕਟੇਟਰਸ਼ਿਪ, ਫੌਜ ਦੀ ਸਿਆਸਤ ਵਿਚ ਦਖਲਅੰਦਾਜ਼ੀ, ਕਮਿਊਨਿਸਟਾਂ ਵਲੋਂ ਸਰਕਾਰ ਦੀ ਵਿਰੋਧਤਾ ਅਤੇ ਗੁਰੀਲਾ ਲੜਾਈਆਂ ਆਦਿ ਦੀਆਂ ਵੱਖ ਵੱਖ ਖਬਰਾਂ ਤਕਰੀਬਨ ਹਰ ਮਹੀਨੇ ਹੀ ਦੁਨੀਆਂ ਦੀਆਂ ਅਖਬਾਰਾਂ ਵਿਚ ਆਉਂਦੀਆਂ ਰਹੀਆਂ ਹਨ । ਇਹ ਖੂਬਸੂਰਤ ਦੇਸ਼ ਦੱਖਣੀ ਪੂਰਬੀ ਏਸ਼ੀਆ ਵਿਚ ਸਥਿਤ ਹੈ । ਇਹ 7100 ਛੋਟੇ ਵਡੇ ਟਾਪੂਆਂ ਨਾਲ ਮਿਲ ਕੇ ਬਣਿਆ ਦੇਸ਼ ਹੈ। ਇਨ੍ਹਾਂ ਵਿਚੋਂ 2000 ਟਾਪੂਆਂ 'ਤੇ ਤਾਂ ਵਸੋਂ ਹੈ। ਜਦੋਂ ਕਿ ਬਾਕੀਆਂ 'ਤੇ ਕੋਈ ਵੀ ਪੱਕੀ ਵਸੋਂ ਨਹੀਂ ਹੈ। ਇਨ੍ਹਾਂ ਸਾਰਿਆਂ ਦਾ ਖੇਤਰਫਲ ਤਿੰਨ ਲੱਖ ਵਰਗ ਕਿਲੋਮੀਟਰ ਹੈ ਜਦੋਂ ਕਿ ਇਸ ਦੀ ਵਸੋਂ 4 ਕਰੋੜ 50 ਲੱਖ ਦੇ ਕਰੀਬ ਹੈ। ਇਥੇ ਮੁਖ ਤੌਰ 'ਤੇ ਦੋ ਹੀ ਧਰਮ ਈਸਾਈ ਅਤੇ ਮੁਸਲਿਮ ਹਨ ਪਰ ਬੋਧੀ, ਹਿੰਦੂ ਤੇ ਯਹੂਦੀ ਵੀ ਥੋੜ੍ਹੀ ਗਿਣਤੀ ਵਿਚ ਇਥੋਂ ਦੇ ਵਾਸੀ ਹਨ। ਦੇਸ਼ ਦੀ ਰਾਜਧਾਨੀ ਮਨੀਲਾ ਹੈ ਜੋ ਪੱਛਮੀ ਦੇਸ਼ਾਂ ਦੀਆਂ ਰਾਜਧਾਨੀਆਂ ਵਾਂਗ ਖੂਬਸੂਰਤ ਇਮਾਰਤਾਂ, ਕਾਲਜਾਂ, ਯੂਨਵਰਸਿਟੀ, ਕਲੱਬਾਂ, ਹੋਟਲਾਂ, ਪਾਰਕਾਂ ਅਤੇ ਹੋਰ ਅੰਤਰਰਾਸ਼ਟਰੀ ਸੰਸਥਾਵਾਂ ਵਾਲਾ ਸ਼ਹਿਰ ਹੈ । ਇਥੇ ਮੁਖ ਤੌਰ 'ਤੇ ਤਿੰਨ ਬੋਲੀਆਂ ਅੰਗਰੇਜ਼ੀ, ਸਪੇਨੀ ਅਤੇ ਮਲਾਈ ਬੋਲੀਆਂ ਜਾਂਦੀਆਂ ਹਨ ।

ਇਨ੍ਹਾਂ ਟਾਪੂਆਂ ਦੀ ਖੋਜ 1521 ਵਿਚ ਇਕ ਪ੍ਰਸਿਧ ਖੋਜੀ ਮੇਗਲਿਨ ਨੇ ਕੀਤੀ ਅਤੇ 1565 ਵਿਚ ਸਪੇਨ ਨੇ ਇਨ੍ਹਾਂ ਟਾਪੂਆਂ 'ਤੇ ਕਬਜ਼ਾ ਕਰ ਕੇ ਇਸ ਦੇਸ਼ ਨੂੰ ਆਪਣੇ ਪ੍ਰਬੰਧ ਅਧੀਨ ਲੈ ਆਂਦਾ । 1898 ਤਕ ਇਥੇ ਸਪੇਨ ਦਾ ਕਬਜ਼ਾ ਰਿਹਾ । ਫਿਰ 1898 ਅਮਰੀਕਾ ਅਤੇ ਸਪੇਨ ਵਿਚ ਇਸ ਦੇਸ਼ ਦੇ ਕਬਜ਼ੇ ਲਈ ਯੁੱਧ ਹੋਇਆ ਜਿਸ ਨਾਲ ਸਪੇਨ ਨੇ ਇਸ ਦਾ ਅਧਿਕਾਰ ਅਮਰੀਕਾ ਨੂੰ ਦੇ ਦਿੱਤਾ । ਦੂਜੀ ਵੱਡੀ ਜੰਗ ਵਿਚ ਇਸ 'ਤੇ ਜਾਪਾਨ ਨੇ ਕਬਜ਼ਾ ਕਰ ਲਿਆ । ਪਰ ਜਾਪਾਨ ਦੀ ਜੰਗ ਵਿਚ ਹਾਰ ਕਾਰਨ 4 ਜੁਲਾਈ 1946 ਨੂੰ ਇਹ ਆਜ਼ਾਦ ਹੋ ਗਿਆ ਅਤੇ ਇਥੇ ਲੋਕਤੰਤਰ ਦੀ ਸਥਾਪਨਾ ਕੀਤੀ ਗਈ । 1965 ਤਕ ਇਥੇ ਲਿਬਰਲ ਪਾਰਟੀ ਦੀ ਹਕੂਮਤ ਰਹੀ ਜਿਸ ਦੇ ਨੇਤਾ ਸ੍ਰੀ ਨੋਲ ਡਿਸੋਡਾਡੋ ਇਸ ਦੇ ਪ੍ਰਧਾਨ ਰਹੇ । ਪਰ ਨਵੰਬਰ 1965 ਦੀਆਂ ਚੋਣਾਂ ਵਿਚ ਨੈਸ਼ਨਲਿਸਟ ਪਾਰਟੀ ਦੀ ਜਿੱਤ ਹੋਈ ਜਿਸ ਨਾਲ ਇਥੇ ਸ੍ਰੀ ਮਾਰਕੋਸ ਪ੍ਰਧਾਨ ਬਣੇ । ਸ੍ਰੀ ਮਾਰਕੋਸ 1969 ਵਿਚ ਫਿਰ ਪ੍ਰਧਾਨ ਚੁਣੇ ਗਏ ਅਤੇ 1972 ਵਿਚ ਉਸ ਨੇ ਇਥੇ ਮਾਰਸ਼ਲ ਲਾਅ ਲਗਾ ਦਿੱਤਾ । ਉਹ 1985 ਤੱਕ ਇਸ ਦੇਸ਼ ਦਾ ਪ੍ਰਧਾਨ ਬਣਿਆ ਰਿਹਾ ਅਤੇ ਵੱਖ ਵੱਖ ਤਰ੍ਹਾਂ ਦੀਆਂ ਕਈ ਵਿਰੋਧਤਾਵਾਂ ਦਾ ਸਾਹਮਣਾ ਕੀਤਾ । ਇਸ ਸਮੇਂ ਵਿਚ ਹੀ ਉਸ ਦੇ ਇਕ ਵਿਰੋਧੀ ਸ੍ਰੀ ਅਕੀਨੋਂ ਬਹੁਤ ਪ੍ਰਸਿਧ ਹੋ ਗਏ । ਪਰ 1983 ਵਿਚ ਜਦ ਕਿ ਉਹ ਵਿਦੇਸ਼ ਤੋਂ ਆਪਣੇ ਦੇਸ਼ ਆਏ ਅਤੇ ਲੱਖਾਂ ਲੋਕ ਉਸ ਦੇ ਸਵਾਗਤ ਵਾਸਤੇ ਹਵਾਈ ਅੱਡੇ 'ਤੇ ਤਿਆਰ ਸਨ । ਉਥੇ ਹੀ ਉਨ੍ਹਾਂ ਨੂੰ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ । ਉਨ੍ਹਾਂ ਦੀ ਧਰਮ ਪਤਨੀ ਸ੍ਰੀਮਤੀ ਅਕੀਨੋਂ ਸਿਆਸਤ ਵਿਚ ਆ ਕੇ ਠੀਕ ਉਤਨੀ ਹੀ ਪ੍ਰਸਿੱਧ ਹੋ ਗਈ । ਸ੍ਰੀਮਤੀ ਅਕੀਨੋਂ ਪ੍ਰਧਾਨ ਚੁਣੇ ਗਏ । ਸ੍ਰੀ ਮਾਰਕੋਸ ਦੇਸ਼ ਛੱਡ ਕੇ ਵਿਦੇਸ਼ ਚਲੇ ਗਏ ਹਨ । ਉਨ੍ਹਾਂ ਖਿਲਾਫ ਇਲਜ਼ਾਮ ਲਗਾਇਆ ਜਾਂਦਾ ਹੈ ਕਿ ਉਹ ਕਾਫੀ ਧਨ ਵੀ ਆਪਣੇ ਨਾਲ ਲੈ ਗਏ ਹਨ ।

1946 ਤੋਂ ਲੈ ਕੇ 1986 ਤੱਕ ਦੇ 41 ਸਾਲਾਂ ਦੇ ਸਮੇਂ ਵਿਚ ਫਿਲਪਾਈਨਜ਼ ਨੇ ਕਾਫੀ ਉਨਤੀ ਕੀਤੀ ਹੈ । ਇਸ ਦੇਸ਼ ਵਿਚ 60 ਫੀਸਦੀ ਭੂਮੀ 'ਤੇ ਜੰਗਲ ਹਨ ਅਤੇ ਬਾਕੀ 'ਤੇ ਵੀ ਖੇਤੀ ਕਰਨੀ ਕਠਿਨ ਹੈ । ਪਰ ਫਿਰ ਵੀ ਚੌਲ ਅਤੇ ਮੱਕੀ ਜੋ ਇਥੋਂ ਦੀਆਂ ਮੁਖ ਫਸਲਾਂ ਹਨ ਉਨ੍ਹਾਂ ਦਾ ਉਤਪਾਦਨ ਭਾਰਤ ਦੇ ਪ੍ਰਤੀ ਏਕੜ ਉਤਪਾਦਨ ਤੋਂ ਬਹੁਤ ਵੱਧ ਹੈ । ਅੱਜ ਕੱਲ੍ਹ ਖੇਤੀ ਵਿਚ ਸਭ ਆਧੁਨਿਕ ਮਸ਼ੀਨਾਂ ਵਰਤੀਆਂ ਜਾਂਦੀਆਂ ਹਨ । ਚੌਲ ਅਤੇ ਮੱਕੀ ਤੋਂ ਇਲਾਵਾ ਇਥੇ ਅਨਾਨਾਸ ਅਤੇ ਗੰਨਾ ਵੀ ਕਾਫੀ ਮਾਤਰਾ ਵਿਚ ਬੀਜਿਆ ਜਾਂਦਾ ਹੈ । ਅਨਾਨਾਸ ਅਤੇ ਖੰਡ ਦਾ ਨਿਰਯਾਤ ਇਸ ਦੇਸ਼ ਦੇ ਵਿਦੇਸ਼ੀ ਵਿਉਪਾਰ ਦੀਆਂ ਮੁੱਖ ਵਸਤਾਂ ਹਨ । ਆਵਾਜਾਈ ਦੇ ਸਾਧਨਾਂ ਲਈ ਕਾਰਾਂ ਬੱਸਾਂ ਹਨ ਜੋ ਟਾਪੂਆਂ ਵਿਚ ਖੁਲ੍ਹੀਆਂ ਤੇ ਉਨਤ ਸੜਕਾਂ ਕਰ ਕੇ ਗਿਣਤੀ ਵਿਚ ਦਿਨ ਬਦਿਨ ਵਧ ਰਹੀਆਂ ਹਨ । ਟਾਪੂਆਂ ਤੋਂ ਦੂਜੇ ਟਾਪੂਆਂ 'ਤੇ ਜਾਣ ਲਈ ਮੋਟਰ ਬੋਟਾਂ ਹਨ

ਦੇਸ਼ ਵਿਚ ਕੱਪੜਾ, ਦਵਾਈਆਂ, ਲੱਕੜੀ ਅਤੇ ਖੰਡ ਦੇ ਕਾਰਖਾਨੇ 1950 ਤੋਂ ਬਾਅਦ ਹੀ ਲਗਣੇ ਸ਼ੁਰੂ ਹੋਏ ਅਤੇ ਬੜੀ ਤੇਜ਼ ਰਫਤਾਰ ਨਾਲ ਇਨ੍ਹਾਂ ਦੀ ਗਿਣਤੀ ਵਧੀ ਹੈ । ਇਨ੍ਹਾਂ ਕਾਰਖਾਨਿਆਂ ਵਿਚ ਅਮਰੀਕੀ ਅਤੇ ਜਰਮਨ ਮਾਹਿਰਾਂ ਨੇ ਇਨ੍ਹਾਂ ਦੀ ਸਥਾਪਨਾ ਤੋਂ ਲੈ ਕੇ ਇਸ ਦੇ ਪ੍ਰਬੰਧ ਅਤੇ ਵਿਕਾਸ ਵਿਚ ਬਹੁਤ ਮੱਦਦ ਕੀਤੀ ਹੈ । ਫਿਲਪਾਈਨਜ਼ ਦਾ ਅੰਤਰਰਾਸ਼ਟਰੀ ਵਪਾਰ ਏਸ਼ੀਆ ਅਤੇ ਪੱਛਮੀ ਦੇਸ਼ਾਂ ਨਾਲ 1946 ਤੋਂ ਲੈ ਕੇ ਹੁਣ ਤੱਕ ਮਾਤਰਾ ਵਿਚ 20 ਗੁਣਾਂ ਤੋਂ ਵੀ ਵਧ ਗਿਆ ਹੈ । ਆਜ਼ਾਦੀ ਤੋਂ ਪਹਿਲਾਂ ਇਥੇ ਵਿਦਿਆ ਅਤੇ ਕਲਾ ਵਿਚ ਇਤਨੀ ਉਨਤੀ ਨਹੀਂ ਸੀ ਹੋ ਸਕੀ ਪਰ ਹੁਣ ਜਗ੍ਹਾ ਜਗ੍ਹਾ 'ਤੇ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ ਹਨ । ਅੰਤਰਰਾਸ਼ਟਰੀ ਸੰਸਥਾਵਾਂ ਵਿਚ ਫਿਲਪਾਈਨਜ਼ ਦਾ ਹਿਸਾ ਮਹੱਤਵਪੂਰਨ ਹੈ । ਅੱਜ ਕੱਲ੍ਹ ਇਹ ਦੇਸ਼ ਖੇਡਾਂ ਦੇ ਖੇਤਰ ਵਿਚ ਵੀ ਕਾਫੀ ਵਿਕਾਸ ਕਰ ਰਿਹਾ ਹੈ ।

## ਨੇਤਾਵਾਂ ਨੂੰ ਮਸ਼ਵਰਾ

ਇਹ ਮੌਸਮ ਚੰਗੇ ਮੰਦੇ ਤਾਂ ਹੁੰਦੇ ਹੀ ਆਏ ਨੇ ।
ਰਾਹਾਂ ਵਿਚ ਲੱਖਾਂ ਫੰਦੇ ਤਾਂ ਹੁੰਦੇ ਹੀ ਆਏ ਨੇ ।

ਕੁਰਸੀ ਦੀ ਖਾਤਰ ਯੁੱਧ ਕਰੋ ਬੇਸ਼ੱਕ ਮਰਨਾ ਪੈ ਜੇ,
ਸ਼ਮ੍ਹਾਂ 'ਤੇ ਖਾਕ ਪਤੰਗੇ ਤਾਂ ਹੁੰਦੇ ਹੀ ਆਏ ਨੇ ।

ਲਗੀ ਅੱਗ ਨੂੰ ਵੇਖੋ ਤੇ ਦਰਵਾਜ਼ਾ ਭੇੜ ਲਵੋ,
ਧਰਮਾਂ ਦੇ ਨਾਂ 'ਤੇ ਦੰਗੇ ਤਾਂ ਹੁੰਦੇ ਹੀ ਆਏ ਨੇ ।

ਕੀ ਹੋਇਆ ਜੇਕਰ ਖੁੱਲ੍ਹ ਗਈ ਹੈ ਪੋਲ ਸ਼ਰਾਫਤ ਦੀ,
ਦੁਨੀਆਂ ਵਿਚ ਲੋਕੀਂ ਨੰਗੇ ਤਾਂ ਹੁੰਦੇ ਹੀ ਆਏ ਨੇ ।

ਜਨਤਾ ਨੂੰ ਕੂਕੀ ਜਾਣ ਦਿਓ ਕੰਨਾਂ ਵਿਚ ਰੂੰ ਦੇ ਲਓ,
ਇਹ ਲੋਕੀਂ ਤੱਤੇ ਠੰਢੇ ਤਾਂ ਹੁੰਦੇ ਹੀ ਆਏ ਨੇ ।

ਪਰ੍ਹਾਂ ਛੱਡ ਗਰੀਬੀ ਰੇਖਾ ਨੂੰ ਰੇਖਾ ਦੀ ਐਕਟਿੰਗ ਵੇਖ,
ਗਲੀਆਂ ਵਿਚ ਭੁੱਖੇ ਨੰਗੇ ਤਾਂ ਹੁੰਦੇ ਹੀ ਆਏ ਨੇ ।

ਲਿਖਦੇ ਨੇ ਊਲ-ਜਲੂਲ ਅਗਰ ਤਾਂ ਲਿਖਦੇ ਜਾਣ ਦਿਓ,
ਇਹ ਲੇਖਕ ਲੋਕ ਕੁਢੰਗੇ ਤਾਂ ਹੁੰਦੇ ਹੀ ਆਏ ਨੇ ।


**The Manitoba Mirror**

**ਮੈਨੀਟੋਬਾ ਦਰਪਣ**



**ਵਿੰਨੀਪੇਗ ਵਿਚ ਹਰ ਪ੍ਰਕਾਰ ਦੀ ਪ੍ਰਾਪਰਟੀ ਖ਼ਰੀਦਣ ਜਾਂ ਵੇਚਣ ਲਈ**

ਮਿੱਤਰਤਾ ਭਰੀ, ਈਮਾਨਦਾਰ ਅਤੇ ਤਜਰਬੇਕਾਰ ਸਲਾਹ ਲਈ

**ਅਵਤਾਰ ਟਿਵਾਣਾ** ਨੂੰ ਮਿਲੋ ਜਾਂ ਫੋਨ ਕਰੋ :

**Ph. Off: (204) 694-5000**

**Res: 694-3198**

Pager 942-7788 #02284



Sales Representative

**REMAX REALTY**

10 - 2230 McPhillps St., Winnipeg, MB R2V 3C8





ਵਿੰਨੀਪੇਗ ਵਿਚ ਕੱਪੜੇ ਤੇ ਗਹਿਣਿਆਂ ਦੀ ਦੁਕਾਨ

**ਕੋਹਿਨੂਰ ਜਿਊਲਰਜ਼ ਤੇ ਫੈਬਰਿਕ ਸੈਂਟਰ**





ਦਾਜ-ਵਰੀ ਦੇ ਗਹਿਣੇ ਇਕੋ ਹੀ ਥਾਂ ਤੋਂ ਬਣਵਾਓ

ਆਪਣੇ ਮਨਪਸੰਦ ਦੇ ਗਹਿਣੇ ਬਨਵਾਉਣ ਲਈ ਵੀ

**ਕੋਹਿਨੂਰ ਜਿਊਲਰਜ਼ ਅਤੇ ਫੈਬਰਿਕ ਸੈਂਟਰ ਤੇ ਪਹੁੰਚੋ**



ਵੰਨ ਸਵੰਨੇ ਸੂਟ ਤੇ ਸਾੜ੍ਹੀਆਂ ਦੀ ਚੋਣ ਅਤੇ ਦਾਜ-ਵਰੀ ਲਈ ਯਾਦ ਰੱਖੋ

**ਕੋਹਿਨੂਰ ਜਿਊਲਰਜ਼ ਤੇ ਫੈਬਰਿਕ ਸੈਂਟਰ**

ਵਧੀਆ ਕੁਆਲਿਟੀ, ਵਾਜਬ ਕੀਮਤਾਂ, ਦੋਸਤਾਨਾ ਵਰਤਾਓ ਅਤੇ ਤਸੱਲੀਬਖਸ਼ ਚੀਜ਼ਾਂ ਮਿਲਦੀਆਂ ਹਨ

**Kohinoor Jewellers & Fabric Centre**

953 Notre Dame. Ave. WINNIPEG, MAN. R3E 0M8 **Ph. Bus. 772-3937**

**Res. 633-6567**



# ਧਰਮ ਤੇ ਫਲਸਫਾ

## ਰਹਿਤ ਮਰਯਾਦਾ ਤੇ ਸਮੇਂ ਦੇਸ਼ ਦੀ ਮੰਗ

**ਮੇਹਰ ਸਿੰਘ ਸੰਧੂ, ਵੈਨਕੂਵਰ**

ਰਹਿਤ ਮਰਯਾਦਾ ਦਾ, ਸ਼ਰਾ ਆਦਿਕ ਦਾ ਦੇਸ਼, ਸਮੇਂ ਦੇ ਹਾਲਾਤ ਨਾਲ ਸੰਬੰਧ ਹੈ।

ਹਜ਼ਰਤ ਮੁਹੰਮਦ ਸਾਹਿਬ ਜੀ ਦੇ ਸਮੇਂ ਅਰਬ ਦੇਸ਼ ਦੀ ਹਾਲਤ ਇਹ ਸੀ ਕਿ ਲੋਕੀ ਮੋਏ ਹੋਏ ਜਾਨਵਰ ਵੀ ਖਾ ਲੈਂਦੇ ਅਤੇ ਲੋੜ ਪਵੇ ਤਾਂ ਮਨੁੱਖਾਂ ਨੂੰ ਵੀ ਮਾਰ ਲੈਂਦੇ ਸਨ। ਤੀਵੀਂਆਂ (ਔਰਤਾਂ) ਰੱਖਣ ਦੀ ਕੋਈ ਹੱਦ ਨਹੀਂ ਸੀ।

ਹਜ਼ਰਤ ਮੁਹੰਮਦ ਸਾਹਿਬ ਨੇ ਵਕਤ ਦੇ ਹਾਲਾਤ ਨੂੰ ਮੁਖ ਰੱਖ ਕੇ ਮਰੇ ਜਾਨਵਰਾਂ ਅਤੇ ਮਨੁੱਖਾਂ ਨੂੰ ਖਾ ਜਾਣਾ ਬੰਦ ਕੀਤਾ ਅਤੇ ਜਾਨਵਰਾਂ ਨੂੰ ਇਕ ਤਰੀਕੇ ਨਾਲ ਮਾਰਕੇ ਖਾਣ ਦੀ ਆਗਿਆ ਦਿੱਤੀ। ਇਸੇ ਤਰ੍ਹਾਂ ਤੀਵੀਂਆਂ (ਔਰਤਾਂ) ਦੀ ਚਾਰ ਦੀ ਹੱਦ ਬਣਾਈ।

ਇਕ ਵਿਦਵਾਨ ਦਾ ਕਹਿਣਾ ਹੈ ਕਿ ਉਸ ਸਮੇਂ ਅਨੁਸਾਰ ਉਹ ਹੀ ਮੁਨਾਸਿਬ ਸੀ। ਪਰ ਜੇ ਮੁਹੰਮਦ ਸਾਹਿਬ ਅਜ ਹੁੰਦੇ ਤਾਂ ਉਹ ਜਾਨਵਰਾਂ ਦੇ ਮਾਸ ਅਤੇ ਤੀਵੀਂਆਂ (ਔਰਤਾਂ) ਸੰਬੰਧੀ ਕੁਝ ਹੋਰ ਸ਼ਰਾ ਨੀਯਤ ਕਰਦੇ। ਮਨੁੱਖ ਦੇ ਅਮਲਾਂ ਦਾ ਸਹੀ ਮੁਲ-ਅੰਕਣ ਉਹਦੇ ਸਮੇਂ ਦੀਆਂ ਪ੍ਰਚਲਤ ਕਦਰਾਂ ਕੀਮਤਾਂ ਦੇ ਚੌਖਟੇ ਵਿਚ ਹੀ ਕੀਤਾ ਜਾ ਸਕਦਾ ਹੈ।

ਪੁਰਾਤਨ ਸਮੇਂ ਗਊ ਦੀ ਕੁਰਬਾਨੀ ਦਿਤੀ ਜਾਂਦੀ ਸੀ ਅਤੇ ਗਊ ਦਾ ਮਾਸ ਭੀ ਹਿੰਦੂ ਖਾਂਦੇ ਸਨ। ਪਿਛੋਂ ਇਨ੍ਹਾਂ ਰਵਾਜਾਂ ਨੂੰ ਤਰਕ ਕੀਤਾ ਗਿਆ। ਅਰਜਨ ਨੇ ਆਪਣੇ ਮਾਮੇ ਦੀ ਧੀ ਸੁਭਧਰਾ ਦੇ ਨਾਲ ਸ਼ਾਦੀ ਕੀਤੀ? ਕ੍ਰਿਸ਼ਨ ਨੇ ਆਪਣੀ ਭੂਆ ਦੀ ਧੀਆਂ ਮਿਤ੍ਰਾ ਵਿੰਦ ਤੇ ਭਦਰਾ ਦੇ ਨਾਲ ਸ਼ਾਦੀ ਕੀਤੀ? ਸਿਧਾਰਥ (ਮਹਾਤਮਾ ਬੁਧ) ਨੇ ਆਪਣੇ ਮਾਮੇ ਦੀ ਧੀ ਯਸ਼ੋਧਰਾ ਨਾਲ ਵਿਆਹ ਕੀਤਾ?

ਸਾਨੂੰ ਹਰ ਸਮੇਂ ਦੇ ਹਾਲਤਾਂ ਨੂੰ ਦੇਖਕੇ ਹੀ ਸਹੀ ਰਸਤਾ ਅਖਤਿਆਰ ਕਰਨਾ ਪਏਗਾ ਜੇਕਰ ਪੁਰਾਤਨ ਰਵਾਇਤਾਂ ਨੂੰ ਅਸੀਂ ਸਦੀਵੀ ਤੇ ਅਟਲ ਮੰਨੀਏ, ਤਾਂ ਸਾਡੇ ਮਨ ਨੂੰ ਜਿੰਦਰੇ ਵੱਜ ਜਾਂਦੇ ਹਨ ਤੇ ਉਹ ਜਿੰਦਗੀ ਜਿੰਦਗੀ ਨਹੀਂ ਜੋ ਨਵੇਂ ਰੂਪਾਂ ਵਿਚ ਮਾਰੋ ਮਾਰ ਕਰਦੀ ਅਗਾਂਹ ਨਹੀਂ ਵਧਦੀ।

ਜਿਥੇ ਆਤਮਕ ਸਚਾਈਆਂ ਅਮਰ ਤੇ ਅਟਲ ਰਹਿੰਦੀਆਂ ਹਨ, ਓਥੇ ਸਮਾਜਕ ਕਾਨੂੰਨ ਸਮੇਂ ਸਮੇਂ ਤਬਦੀਲ ਹੁੰਦੇ ਰਹਿੰਦੇ ਹਨ। ਧਰਮ ਦਾ ਪ੍ਰਗਟਾਵ ਤਜਰਬੇ ਦੇ ਨਾਲ ਨਾਲ ਤਬਦੀਲ ਹੁੰਦਾ ਰਹਿੰਦਾ ਹੈ। ਸਭ ਸੰਸਥਾਵਾਂ ਇਕ ਪ੍ਰਕਾਰ ਦੇ ਤਜਰਬੇ ਹੀ ਹਨ। ਸਮਾਜਕ ਸੰਸਥਾਵਾਂ ਅਤੇ ਕਾਨੂੰਨਾਂ ਵਿਚ ਕੋਈ ਭੀ ਚੀਜ਼ ਪਾਕ ਅਤੇ ਅਜ਼ਲੀ ਨਹੀਂ ਮੰਨੀ ਜਾ ਸਕਦੀ। ਪਰਾਸ਼ਰ ਸਿਮ੍ਰਿਤੀ ਦਾ ਕਥਨ ਹੈ ਚਾਰ ਯੁਗਾਂ ਵਿਚ ਚਾਰ ਧਰਮ ਸ਼ਾਸ਼ਤਰ ਹੋਏ —

(1) ਸਤਜੁਗ ਵਿਚ ਮਨੁ ਸਿਮ੍ਰਿਤੀ (2) ਤ੍ਰੇਤੇ ਵਿਚ ਗੌਤਮ ਸਿਮ੍ਰਿਤੀ (3) ਦੁਆਪਰ ਵਿਚ ਸੰਖਲੀਖਤ ਸਿਮ੍ਰਿਤੀ
(4) ਕਲਜੁਗ ਵਿਚ ਪਰਾਸ਼ਰ ਸਿਮ੍ਰਿਤੀ

ਅਸੀਂ ਇਕ ਜੁਗ ਦੇ ਵਿਚਾਰਾਂ ਅਤੇ ਧਰਮ ਸ਼ਾਸਤਰ ਨੂੰ ਦੂਸਰੇ ਜੁਗ ਵਿਚ ਨਹੀਂ ਲਾਗੂ ਕਰ ਸਕਦੇ। ਸਮਾਜਕ ਸੰਬੰਧਾਂ ਬਾਰੇ ਧਾਰਮਿਕ ਕਾਨੂੰਨ ਪੂਰਨ ਤੇ ਸਦੀਵੀ ਨਹੀਂ ਹੁੰਦੇ। ਭਾਵੇਂ ਧਰਮ ਪੂਰਨ ਅਤੇ ਸਦੀਵੀ ਹੈ ਇਸਦਾ ਕੋਈ ਸਦੀਵੀ ਤੇ ਪੂਰਨ ਪ੍ਰਾਣ ਪਿੰਡਾ ਨਹੀਂ। ਆਚਰਨ ਨੀਤੀ ਵਿਚ ਇਕੋ ਗੱਲ ਸਦੀਵੀ ਹੈ, ਉਹ ਇਹ ਕਿ ਮਨੁੱਖ, ਹਰ ਕਾਲ ਹਰ ਸਮੇਂ ਚੰਗੇਰਾ ਬਣਨਾ ਲੋੜਦਾ ਹੈ।

ਸਮੇਂ ਤੇ ਵਕਤ ਦੇ ਹਾਲਾਤ ਹੀ ਇਸ ਗੱਲ ਦੀ ਪਰਖ ਕਰ ਸਕਦੇ ਹਨ ਕਿ ਕੀ ਠੀਕ ਹੈ ਕੀ ਗਲਤ।

ਸਮਾਜਕ ਅਸੂਲਾਂ ਨੂੰ ਅਸੀਂ ਸਦੀਵੀ ਲਾਗੂ ਹੋਣ ਵਾਲੇ ਕਾਨੂੰਨ ਨਹੀਂ ਬਣਾ ਸਕਦੇ। ਕਿਸੇ ਭੀ ਮਾਨਵ ਕਰਤੱਵ ਨੂੰ ਸਦੀਵੀ ਕਾਲ ਲਈ ਸਹੀ ਜਾਂ ਗਲਤ ਨਹੀਂ ਆਖਿਆ ਜਾ ਸਕਦਾ। ਇਕੋ ਹੀ ਆਚਰਨ ਰੀਤੀ ਇਕ ਸਮੇਂ ਚੰਗੀ ਸਮਝੀ ਜਾਂਦੀ ਹੈ ਦੂਸਰੇ ਸਮੇਂ ਹਾਨੀਕਾਰਕ। ਕਾਲੀਦਾਸ ਦੇ ਕਥਨ ਅਨੁਸਾਰ ਕੋਈ ਚੀਜ਼ ਸਿਰਫ ਇਸ ਲਈ ਚੰਗੀ ਨਹੀਂ ਕਿ ਉਹ ਪੁਰਾਤਨ ਹੈ, ਨਾ ਕੋਈ ਰਚਨਾਂ ਸਿਰਫ ਇਸ ਲਈ ਮੰਦੀ ਸਮਝੀ ਜਾਣੀ ਚਾਹੀਦੀ ਹੈ ਕਿ ਉਹ ਨਵੀਂ ਹੈ।

ਗੁਰੂ ਅੰਗਦ ਦੇਵ ਜੀ ਦੇ ਲੰਗਰ ਵਿਚ ਮਹਾਂ ਪ੍ਰਸ਼ਾਦ (ਮਾਸ) ਦੀ ਦੇਗ ਬਣਦੀ ਰਹੀ ਹੈ (ਜਿਸ ਨੂੰ ਭਾਈ ਸੰਤੋਖ ਸਿੰਘ ਜੀ ਨੇ ਸੂਰਜ ਪ੍ਰਕਾਸ਼ ਦੀ ਪਹਿਲੀ ਰੁਤ ਅਤੇ ਪੰਦਰਵੇਂ ਧਿਆ ਅੰਦਰ ਲਿਖਿਆ ਹੈ)।

ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਤਿੰਨ ਸ਼ਾਦੀਆਂ ਕੀਤੀਆਂ (1) ਦਮੋਦਰੀ ਜੀ (2) ਨਾਨਕੀ ਜੀ (3) ਹਰਵਾਹੀ ਜੀ। ਤਿੰਨਾਂ ਦੇ ਘਰ ਸੰਤਾਨ ਪੈਦਾ ਹੋਈ। ਉਸ ਸਮੇਂ ਇਹ ਕੋਈ ਅਨੋਖੀ ਗੱਲ ਨਹੀਂ ਸੀ।

ਇਸੇ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਦੇ ਵੀ ਤਿੰਨ ਵਿਆਹ ਸਨ।
(1) ਮਾਤਾ ਜੀ — ਜੀਤੋ — ਲਾਹੌਰ ਨਿਵਾਸੀ ਹਰਿਜਸ ਸੁਭਿਖੀਏ ਖਤ੍ਰੀ ਦੀ ਸਪੁਤਰੀ।
(2) ਮਾਤਾ ਜੀ — ਸੁੰਦਰੀ — ਲਾਹੌਰ ਨਿਵਾਸੀ ਰਾਮ ਸਰਨ ਕੁਮਰਾਵ ਦੀ ਸਪੁਤਰੀ।
(3) ਮਾਤਾ ਜੀ — ਸਾਹਿਬ ਦੇਵਾਂ — ਰੋਹਤਾਸ ਨਿਵਾਸੀ ਭਾਈ ਰਾਮੂ ਬਸੀ ਖਤ੍ਰੀ ਦੀ ਸਪੁਤਰੀ।

ਖਾਲਸਾ ਪੰਥ ਦੀ ਰਹਿਤ ਮਰਯਾਦਾ ਦਾ ਵਿਚੋਂ ਬਹੁਤ ਕੁਝ ਗੁਰੂ ਸਾਹਿਬ ਦੇ ਸਮੇਂ ਅਤੇ ਉਨ੍ਹਾਂ ਹਾਲਾਤ ਮੁਜਬ ਹੋਣ ਕਰਕੇ ਅਜੋਕੇ ਸਮੇਂ ਵਿਚ ਕੁਝ ਅਰਥ ਨਹੀਂ ਰਖਦਾ।

ਸਗੋਂ ਸੱਚ ਤਾਂ ਇਹ ਹੈ ਕਿ ਸ਼ਰਾ ਮਰਯਾਦਾ ਰੀਤੀਆਂ ਦਾ ਵਕਤ ਨਾਲ ਬਦਲਦੇ ਰਹਿਣਾ ਜ਼ਰੂਰੀ ਹੈ। ਜੇ ਸਮੇਂ ਨਾਲ ਨ ਚਲਿਆ ਜਾਵੇ ਤਾਂ ਰਹਿਤ ਮਰਯਾਦਾ ਲਾਭ ਦੀ ਥਾਂ ਹਾਨੀ ਦਾ ਕਾਰਨ ਵੀ ਹੋ ਸਕਦੀ ਹੈ। ਪੁਰਾਤਨ ਬੇਮਤਲਬ ਰਸਮਾਂ ਰੀਤਾਂ ਦੇ ਮਗਰ ਅੰਧ ਵਿਸ਼ਵਾਸ਼ੀ ਨਾਲ ਲਗੇ ਰਹਿਣਾ ਸਮਾਜ ਲਈ ਬੇਹੱਦ ਹਾਨੀਕਾਰਕ ਹੈ। ਜਿਸ ਤਰ੍ਹਾਂ ਮਾਇਆ ਦੀ ਯੋਗ ਜੁਗਤੀ ਅਨੁਸਾਰ ਵਰਤੋਂ ਗੁਰੂ ਘਰ ਵਿਚ ਪ੍ਰਵਾਣ ਹੈ, ਪਰ ਮਾਇਆ ਵਿਚ ਖਚਿਤ ਹੋ ਜਾਣਾ ਤਾਂ ਗੁਨਾਹ ਹੈ। ਉਸੇ ਤਰ੍ਹਾਂ ਰਹਿਤ ਮਰਯਾਦਾ ਦੀ ਯੋਗ ਵਰਤੋਂ ਕਰਕੇ ਸਮੇਂ ਸਿਰ ਉਸ ਦਾ ਲਾਭ ਉਠਾਉਣਾ ਠੀਕ ਹੈ ਪਰ ਉਸ ਨੂੰ ਜਾਇਜ਼ ਤੋਂ ਉਚੀ ਥਾਂ ਦੇਣੀ ਅਸਲ ਮਕਸਦ ਤੋਂ ਭੱਜਣਾ ਹੈ। ਸ਼ਰਾ ਨੂੰ ਬਹੁਤੀ ਖੁਲ੍ਹ ਦਿਤਿਆਂ ਉਹ ਅਮਰ ਵੇਲ ਵਾਂਗ ਵਧਦੀ ਫੈਲਦੀ ਬੂਟੇ ਦਾ ਰਸ ਚੂਸ ਕੇ ਉਸ ਨੂੰ ਸੁਕਾ ਦੇਂਦੀ ਹੈ।

## ਲੇਖਕਾਂ ਦੀ ਨੋਕ-ਝੋਕ

**ਮੋਹਨ ਸ਼ਰਮਾ**

ਉਤਰੀ ਜ਼ੋਨ ਸਭਿਆਚਾਰਕ ਕੇਂਦਰ ਵਲੋਂ ਸੰਗਰੂਰ ਵਿਖੇ ਕਵੀ ਦਰਬਾਰ ਕਰਵਾਇਆ ਜਾ ਰਿਹਾ ਸੀ। ਅਜੀਤ ਸਿੰਘ ਖਾਲਸਾ ਨੇ ਉਚੀ ਆਵਾਜ਼ ਵਿਚ ਆਪਣੀ ਕਵਿਤਾ ਦਾ ਪਹਿਲਾ ਸ਼ੇਅਰ ਛੋਹਿਆ :
"ਹਿੰਦੂ, ਮੁਸਲਿਮ, ਸਿੱਖ, ਇਸਾਈਓ, ਕੋਈ ਰਲ ਕੇ ਮਤਾ ਪਕਾਵੋ ..."

ਸ਼ਾਇਰਾਂ ਵਿਚ ਬੈਠੇ ਚਰਨਜੀਤ ਚੰਨੀ ਨੇ ਅਗਲੀ ਲਾਈਨ ਜੋੜਦਿਆਂ ਆਪਣੇ ਨਾਲ ਲਗਦੇ ਤਿੰਨ ਚਾਰ ਸ਼ਾਇਰਾਂ ਨੂੰ ਹੌਲੀ ਹੌਲੀ ਕਿਹਾ :

"ਕਵੀ ਦਰਬਾਰਾਂ ਦਾ ਤੁਸੀਂ ਹੁਣ ਸੇਵਾ ਫਲ ਵਧਾਵੋ"

****

ਪ੍ਰਸਿੱਧ ਕਵੀ ਸੁਰਜੀਤ ਰਾਮਪੁਰੀ ਦੇ ਘਰ ਇਕ ਵਾਰ ਜਾਣਾ ਪੈ ਗਿਆ। ਸ਼ਾਮ ਦਾ ਸਮਾਂ। ਰਾਮਪੁਰੀ ਦਾ ਅੱਗੇ ਵਾਂਗ ਘੁੱਟ ਲਾਉਣ ਨੂੰ ਦਿਲ ਕਰੇ। ਪਰ ਘਰ ਦੀ ਬੰਦਸ਼। ਹੋਰ ਤਾਂ ਹੋਰ ਉਨ੍ਹਾਂ ਦੀ ਪਤਨੀ ਉਨ੍ਹਾਂ ਨੂੰ 'ਇਸੇ ਡਰ' ਕਾਰਨ ਸ਼ਾਮ ਨੂੰ ਘਰੋਂ ਬਾਹਰ ਭੇਜਣ ਤੋਂ ਵੀ ਡਰਦੀ ਹੈ। ਆਖਰ ਰਾਮਪੁਰੀ ਨੇ ਆਪਣੇ ਪੜ੍ਹਨ ਵਾਲੇ ਕਮਰੇ ਵਿਚੋਂ ਉਚੀ ਆਵਾਜ਼ ਦੇ ਕੇ ਕਿਹਾ, "ਮੈਂ ਦੰਦਾਂ ਵਾਲੇ ਡਾਕਟਰ ਕੋਲ ਚੱਲਿਆਂ ਆਪਣੇ ਦੰਦ ਵਿਖਾਉਣ, ਥੋੜ੍ਹੀ ਦੇਰ ਤਕ ਆ ਜਾਵਾਂਗਾ।" ਪਰ ਉਨ੍ਹਾਂ ਦੀ ਪਤਨੀ ਦਾ ਜਵਾਬ ਸੀ, "ਰਹਿਣ ਦਿਓ ਹੁਣ ਦੰਦਾਂ ਨੂੰ। ਸਵੇਰੇ ਦਿਖਾ ਦਿਓ। ਹੁਣ ਆਰਾਮ ਨਾਲ ਘਰ ਬੈਠੋ।" ਪਰ ਸੁਰਜੀਤ ਰਾਮਪਰੀ ਦੇ ਤਾਂ ਲੂਹਰੀਆਂ ਉਠ ਰਹੀਆਂ ਸਨ, ਉਹ ਇਹ ਕਹਿੰਦਿਆਂ, "ਚੱਲ ਮੈਂ ਤਾਂ ਅੱਜ ਨਹੀਂ ਵਿਖਾਉਂਦਾ, ਪਰ ਇਹ ਮੋਹਨ ਸ਼ਰਮਾ ਵੀ ਐਡੀ ਦੂਰੋਂ ਓਸੇ ਡਾਕਟਰ ਨੂੰ ਦੰਦ ਵਿਖਾਉਣ ਆਇਐ" ਮੇਰਾ ਹੱਥ ਫੜ ਕੇ ਬਾਜ਼ਾਰ ਵੱਲ ਤੁਰ ਪਿਆ।

****

ਸ਼ਾਇਰ ਪੈਦਲ ਧਿਆਨਪੁਰੀ ਨੂੰ ਇਕ ਵਾਰ ਦੋ ਉਭਰਦੇ ਲੇਖਕ ਮਿਲੇ। ਉਨ੍ਹਾਂ ਨੇ ਪੈਦਲ ਧਿਆਨਪੁਰੀ ਨਾਲ ਹੱਥ ਮਿਲਾਉਂਦਿਆਂ ਕਿਹਾ, "ਥੋਡੀਆਂ ਰਚਨਾਵਾਂ ਤਾਂ ਰੋਜ਼ ਪੜ੍ਹਦੇ ਆਂ। ਬੜਾ ਵਧੀਆ ਲਿਖਦੇ ਹੋ ਤੁਸੀਂ।"

"ਬੱਸ, ਮੈਂ ਤਾਂ ਜਦੋਂ ਵੀ ਲਿਖਦਾਂ ਡੁੱਬ ਕੇ ਲਿਖਦਾਂ। ਤੁਸੀਂ ਕਿਹੜੇ ਮੈਗਜ਼ੀਨ ਵਿਚ ਪੜ੍ਹੀ ਸੀ ਮੇਰੀ ਰਚਨਾ ਗੁਲਚਮਨ, ਮਹਿਰਮ ਜਾਂ ....।" ਉਹਨੇ ਮਾਣ ਨਾਲ ਛਾਤੀ ਫੁਲਾਉਂਦਿਆਂ ਕਿਹਾ।

"ਹੱਦ ਕਰਤੀ ਤੁਸੀਂ ਵੀ। ਰੋਜ਼ ਤਾਂ ਥੋਨੂੰ ਪੰਜਾਬੀ ਟ੍ਰਿਬਿਊਨ ਵਿਚ ਪੜ੍ਹੀਦੇ।"

"ਅੱ...ਛਾ! ... ਐ.... ਛਾ ....! ਉਹ ਭੂਸ਼ਨ ਧਿਆਨਪੁਰੀ ਐ। ਉਂਜ ਭੂਸ਼ਨ ਮੇਰਾ ਨਜ਼ਦੀਕੀ ਰਿਸ਼ਤੇਦਾਰ ਈ ਐ।" ਇਹ ਕਹਿੰਦਿਆਂ ਪੈਦਲ ਧਿਆਨਪੁਰੀ ਦਾ ਮੂੰਹ ਇੰਜ ਹੋ ਗਿਆ ਸੀ ਜਿਵੇਂ ਚਾਰ ਗੋਲੀਆਂ ਕੁਨੀਨ ਦੀਆਂ ਇਕੱਠੀਆਂ ਮੂੰਹ ਵਿਚ ਪੈ ਗਈਆਂ ਹੋਣ।

****

ਪ੍ਰਸਿੱਧ ਲੇਖਕ ਰਾਮ ਸਰੂਪ ਅਣਖੀ, ਜੋ ਪੇਸ਼ੇ ਵਜੋਂ ਇਕ ਅਧਿਆਪਕ ਹੈ, ਨੂੰ ਇਕ ਵਾਰ ਆਪਣੀ ਸਰਵਿਸ ਬੁਕ ਲੈਣ ਦੇ ਸਬੰਧ ਵਿਚ ਡੀ. ਈ. ਓ. ਸੰਗਰੂਰ ਦੇ ਦਫਤਰ ਜਾਣਾ ਪੈ ਗਿਆ। ਸਬੰਧਤ ਕਲਰਕ ਨੇ ਤਿੰਨ ਚਾਰ ਵੱਡੇ ਢੇਰਾਂ ਵੱਲ ਇਸ਼ਾਰਾ ਕਰਦਿਆਂ ਕਿਹਾ, "ਇਨ੍ਹਾਂ 'ਚ ਦੇਖ ਲਓ ਆਪਣੀ ਸਰਵਿਸ ਬੁੱਕ।" ਅਣਖੀ ਨੇ ਮੋਢੇ 'ਚੋਂ ਆਪਣਾ ਬੈਗ ਲਾਹ ਕੇ ਪਰ੍ਹਾਂ ਰੱਖ ਦਿੱਤਾ ਅਤੇ ਪੈਰ ਭਾਰ ਬਹਿ ਕੇ ਲਗ ਗਿਆ ਢੇਰ ਫਰੋਲਣ। ਘੰਟੇ ਕੁ ਦੀ 'ਜਦੋਜਹਿਦ' ਤੋਂ ਬਾਅਦ ਆਪਣੀ ਸਰਵਿਸ ਬੁਕ ਤੋਂ ਮਿਟੀ ਝਾੜਦਿਆਂ ਕਲਰਕ ਵੱਲ ਤਕ ਕੇ ਮੁਸਕਰਾਉਂਦਿਆਂ ਕਿਹਾ, "ਪਤੰਦਰੋ, ਜਿਹੋ ਜਿਹੀ ਮੇਸ ਸੁਆ ਲਈ, ਓਹੋ ਜਿਹੀ ਸਰਵਿਸ ਬੁੱਕ ਲੱਭ ਲਈ।

ਸਦੀਆਂ ਤੋਂ ਤੁਰਦਾ ਆ ਰਿਹਾ ਜੀਵਨ ਲਹੂ ਹੀ ਹੈ। ਇਹ ਸ਼ਕਤੀ ਹੈ ਜੋ ਇਨਸਾਨੀ ਜਿਸਮਾਂ 'ਚ ਦੌੜਦੀ ਹੈ ਤੇ ਜ਼ਿੰਦਗੀ ਦਾ ਵਿਹਾਰ ਅੱਗੇ ਤੁਰਦਾ ਹੈ। ਉਮੰਗਾਂ, ਤਰੰਗਾਂ ਅਤੇ ਸੁਪਨਿਆਂ ਦੀ ਸਿਰਜਣਾ ਹੁੰਦੀ ਹੈ ਪਰ ਲਹੂ ਹੀ ਜਦ ਪਾਣੀ ਬਣ ਜਾਵੇ ਤਾਂ ਜ਼ਿੰਦਗੀ ਦਾ ਦੀਵਾ ਗੁੱਲ ਹੋ ਜਾਂਦਾ ਹੈ।

ਭਾਰਤ-ਇੰਗਲੈਂਡ ਵਿਚਾਲੇ ਖੇਡੀ ਗਈ ਖੇਡ ਦੀ ਰੌਚਕ ਘਟਨਾ ਹੈ। ਲਾਈਵ ਟੈਸਟ ਦਾ ਅੱਖੀਂ ਵੇਖਿਆ ਹਾਲ ਸਾਰਿਆਂ ਨਾਲ ਨਵੀਂ ਵਿਆਹੀ ਮੁਟਿਆਰ ਵੀ ਸੁਣ ਰਹੀ ਸੀ। ਇਕ ਸਮੇਂ ਰਨ ਬਹੁਤ ਹੌਲੀ ਰਫ਼ਤਾਰ ਨਾਲ ਬਣ ਰਹੇ ਸਨ। ਇਸ ਲਈ ਉਠ ਕੇ ਉਨ੍ਹਾਂ ਨੇ ਰੇਡੀਓ ਬੰਦ ਕਰ ਦਿੱਤਾ। ਥੋੜ੍ਹੀ ਦੇਰ ਮਗਰੋਂ ਫਿਰ ਚਲਾਇਆ ਤਾਂ ਫਿਰ ਉਹੋ ਹਾਲ ਸੀ। ਇਸ ਤੇ ਉਹ ਝੁੰਝਲਾ ਕੇ ਬੁੜਬੁੜਾਈ, "ਕੀ ਖੇਡਦੇ ਹਨ, ਕੋਈ ਰਨ ਹੀ ਨਹੀਂ ਬਣਾ ਰਿਹਾ ਹੈ।

ਇਸ 'ਤੇ ਪਾਸ ਬੈਠੇ ਇਕ ਸੱਤ ਸਾਲ ਦੇ ਬੱਚੇ ਨੇ ਟਿੱਪਣੀ ਕੀਤੀ, "ਉਹ ਵਿਚਾਰੇ ਰਨ ਕਿਵੇਂ ਬਣਾਉਂਦੇ। ਤੁਸੀਂ ਰੇਡੀਓ ਜੋ ਬੰਦ ਕਰ ਦਿੱਤਾ ਸੀ।"




ਸੌਦੇ ਦੀਆਂ ਸ਼ਰਤਾਂ ਨੂੰ ਮੱਦੇ ਨਜ਼ਰ ਰਖਦਿਆਂ ਉਨ੍ਹਾਂ ਨੂੰ ਬੋਲਣ ਦੀ ਇਜਾਜ਼ਤ ਨਹੀਂ ਹੈ ਪਰ ਉਹ ਆਪਣੇ ਹਾਵ ਭਾਵਾਂ ਅਤੇ ਤੱਕਣੀਆਂ ਦੁਆਰਾ ਤੁਹਾਨੂੰ ਸਮਝਾਉਣ ਦਾ ਯਤਨ ਕਰਨਗੇ।

THINKING OF BUYING or SELLING
(RESIDENTIAL, COMMERCIAL, FARMS & INDUSTRIAL)
L/R
Lake View Realty
FREE Consultation for BUYING or SELLING
FREE Information on Financing
FREE Knowledge of your existing Mortgage
FREE EVALUATION of your property
FOR FRIENDLY & EFFICIENT SERVICE
Call
NIRMAL (NEIL) DHALIWAL
Bus: 588-9955 Res: 597-2069
I know the signs of a good neighbourhood.
If your property is currently listed with a real estate broker, please disregard this offer. It is not our intention to solicit the offerings of other real estate brokers. We are happy to work with them and cooperate fully



# ਮਿੰਨੀ ਕਹਾਣੀਆਂ

## ਅਹਿਸਾਨ ਮਲਿਕ

### ਕਲਾਮ:

ਇਕ ਦਿਨ ਮੈਂ ਆਪਣੇ ਮਿੱਤਰ ਦੇ ਘਰ ਗਿਆ ਤਾਂ ਵੇਖਿਆ ਕਿ ਉਹ ਇਕ ਕੁੱਤੇ ਨੂੰ ਬੜੇ ਸ਼ੌਕ ਨਾਲ ਪਰੌਂਠੇ, ਕਬਾਬ ਤੇ ਤਲੇ ਹੋਏ ਆਂਡੇ ਖੁਆ ਰਿਹਾ ਸੀ। ਮੈਂ ਹੈਰਾਨ ਹੋ ਪੁੱਛਿਆ: "ਯਾਰ! ਤੂੰ ਤਾਂ ਸਾਨੂੰ ਕਦੇ ਅਜਿਹੇ ਸੁਆਦਲੇ ਖਾਣੇ ਨਹੀਂ ਖੁਆਏ! ਆਖ਼ਰ ਇਸ ਆਵਾਰਾ ਕੁੱਤੇ ਦੀ ਐਡੀ ਸੇਵਾ ਕਿਉਂ ਕੀਤੀ ਜਾ ਰਹੀ ਏ?"

ਮੇਰੇ ਮਿੱਤਰ ਦਾ ਉੱਤਰ ਸੀ: "ਯਾਰਾ, ਇਕ ਸ਼ਾਇਰ ਰੋਜ਼ ਮੈਨੂੰ ਆਪਣਾ ਕਲਾਮ ਸੁਣਾ ਕੇ ਪ੍ਰੇਸ਼ਾਨ ਕੀਤਾ ਕਰਦਾ ਸੀ, ਇਸ ਕੁੱਤੇ ਨੇ ਅੱਜ ਉਸ ਸ਼ਾਇਰ ਨੂੰ ਕਈ ਥਾਈਂ ਚੱਕ ਮਾਰੇ ਨੇ।"

### ਆਤਮ ਹੱਤਿਆ:

ਇਕ ਆਦਮੀ ਨੇ ਮੈਨੂੰ ਕਿਹਾ: ਆਦਾਬ ਅਰਜ਼ ਕਰਦਾ ਹਾਂ।
ਮੈਂ ਕਿਹਾ: "ਤਸਲੀਮਾਤ ਅਰਜ਼ ਕਰਦਾ ਹਾਂ।"
ਉਸ ਕਿਹਾ: "ਸ਼ਾਇਦ ਪਹਿਲਾਂ ਵੀ ਆਪ ਨੂੰ ਕਿਧਰੇ ਤੱਕਿਆ ਏ?"
ਮੈਂ ਕਿਹਾ: "ਜ਼ਰੂਰ ਵੇਖਿਆ ਹੋਵੇਗਾ।"

ਇਹ ਸੁਣ ਉਸ ਵਿਅਕਤੀ ਨੇ ਆਪਣੀ ਜੇਬ ਵਿਚੋਂ ਕਿਆਜ਼ ਕੱਢੀ ਤੇ ਕਹਿਣ ਲੱਗਾ: "ਰਤਾ ਮੇਰੀ ਤਾਜ਼ਾ ਗ਼ਜ਼ਲ ਸੁਣੋ। ਕਮਾਲ ਇਹ ਵੇ ਪਈ ਹੁਣ ਤੀਕ ਇਸ ਗ਼ਜ਼ਲ ਦੇ ਮੈਂ ਤਿੰਨ ਸੌ ਅਠਾਰਾਂ ਸ਼ਿਅਰ ਲਿਖ ਸਕਿਆ ਹਾਂ। ਇਹ ਸੁਣਾਉਣ ਪਿੱਛੋਂ ਰਾਤ ਦਾ ਖਾਣਾ ਵੀ ਤੁਹਾਡੇ ਨਾਲ ਹੀ ਖਾਵਾਂਗਾ।"

ਮੈਂ ਕਿਹਾ: "ਬੜੀ ਖੁਸ਼ੀ ਹੋਈ ਤੁਹਾਨੂੰ ਮਿਲ ਕੇ। ਇਸ ਸਮੇਂ ਮੈਂ ਤਾਂ ਆਤਮ ਹੱਤਿਆ ਕਰਨ ਜਾ ਰਿਹਾ ਹਾਂ। ਗ਼ਜ਼ਲ ਕਿਸੇ ਹੋਰ ਨੂੰ ਸੁਣਾਉ।"

### ਜੀਵਨੀ

ਮੈਂ ਆਪਣੇ ਇਕ ਬੜੇ ਖੁਸ਼ਬਾਸ਼ ਤੇ ਖੁਸ਼ਦਿਲ ਮਿੱਤਰ ਦੇ ਘਰ ਗਿਆ ਤਾਂ ਤੱਕਿਆ ਕਿ ਉਹ ਹੱਥ ਵਿਚ ਅਖ਼ਬਾਰ ਲਈ ਜ਼ਾਰੋ ਜ਼ਾਰ ਰੋ ਰਿਹਾ ਸੀ।

ਇਹ ਵੇਖ ਮੈਨੂੰ ਬੜੀ ਹੈਰਾਨੀ ਹੋਈ: "ਯਾਰ, ਅੱਜ ਤੈਨੂੰ ਕੀ ਹੋ ਗਿਐ?"

ਮੇਰੇ ਮਿੱਤਰ ਨੇ ਹਿਚਕੀਆਂ ਲੈਂਦੇ ਹੋਇਆਂ ਕਿਹਾ: "ਦੋਸਤ! ਅੱਜ ਇਕ ਵਿਅੰਗਕਾਰ ਦੀ ਜੀਵਨੀ ਪੜ੍ਹ ਕੇ ਦਿਲ ਕਾਬੂ ਵਿਚ ਨਹੀਂ ਰਿਹਾ।"

ਅਨੁ: ਰਣਧੀਰ ਸਿੰਘ ਬੇਦੀ

# ਸੌਣ ਤੋਂ ਪਹਿਲਾਂ

ਪਤਨੀ ਬੋਲੀ, "ਡਿਲਿਵਰੀ ਸਮੇਂ ਮੌਤ ਹੋ ਗਈ ਵਿਚਾਰੀ ਦੀ।"

"...ਕਹਿੰਦੇ ਹਨ ਅਜਿਹੀਆਂ ਔਰਤਾਂ ਦੀ ਆਤਮਾ ਭਟਕਦੀ ਰਹਿੰਦੀ ਏ...ਕੀ ਇਹ ਠੀਕ ਏ?"

"ਸ਼ਾਇਦ ਠੀਕ ਹੋਵੇ। ਆਤਮਾ ਦੇ ਇਸ ਚੱਕਰ ਬਾਰੇ ਮੈਂ ਕੋਈ ਫੈਸਲਾ ਨਹੀਂ ਕਰ ਸਕਿਆ। ...ਸੁਣ ਉਸ ਦੇ ਬੱਚੇ ਕਿੰਨੇ ਸਾਰੇ ਨੇ?"

"ਸ਼ਾਇਦ ਸੱਤ ਨੇ। ਦੋ ਮੁੰਡੇ ਤੇ ਤਿੰਨ ਕੁੜੀਆਂ ਤਾਂ ਇਥੇ ਨੇ। ਇਕ ਹੁਣ ਇਹ ਹੋਇਆ ਏ ਅਤੇ ਕਹਿੰਦੀ ਸੀ ਕਿ ਉਸ ਦਾ ਇਕ ਮੁੰਡਾ ਵਲਾਇਤ ਰਹਿੰਦਾ ਏ, ਸ਼ਾਇਦ ਕਿਧਰੇ ਮਨੀਲਾ ਦੇ ਨੇੜੇ ਤੇੜੇ ਹੀ...।"

"ਇੰਨੇ ਬੱਚੇ ਵੀ ਤਾਂ ਜੰਜਾਲ ਹੁੰਦੇ ਨੇ।"

"ਹਾਂ...ਕਹਿ ਤਾਂ ਰਹੀ ਸੀ ਕਿ ਇਸ ਬੱਚੇ ਦੇ ਹੁੰਦੇ ਅਪਰੇਸ਼ਨ ਕਰਵਾ ਲੈਣਾ ਏ...ਪਰ ਹੁਣ ਤਾਂ ਵਿਚਾਰੀ ਖੁਦ ਹੀ ਨਹੀਂ ਰਹੀ।"

"ਵੇਖ, ਮੈਂ ਤੈਨੂੰ ਫਿਰ ਕਹਿ ਰਿਹਾ ਆਂ। ਹੁਣ ਸਾਨੂੰ ਵੀ ਅਪਰੇਸ਼ਨ ਕਰਵਾ ਲੈਣਾ ਚਾਹੀਦਾ ਏ। ...ਤਿੰਨ ਬੱਚੇ ਬਹੁਤ ਨੇ। ਅੱਗੇ ਚੱਲ ਕੇ ਇਨ੍ਹਾਂ ਦੀ ਜ਼ਿੰਦਗੀ ਬਾਰੇ ਵੀ ਤਾਂ ਸੋਚਣਾ ਏ। ਮੈਂ ਨਹੀਂ ਚਾਹੁੰਦਾ ਕਿ ਸੂਰ ਦੇ ਬੱਚਿਆਂ ਵਾਂਗ ਆਪਣੀ ਔਲਾਦ ਨੂੰ ਮੈਂ ਗੰਦਗੀ ਦੇ ਹਵਾਲੇ ਕਰ ਦਿਆਂ।"

"ਅਪਰੇਸ਼ਨ ਨਹੀਂ ਕਰਵਾਇਆ ਤਾਂ ਕੀ ਏ? ਤੁਸੀਂ ਦੂਜੇ ਤਰੀਕੇ ਵੀ ਤਾਂ ਇਸਤੇਮਾਲ ਕਰ ਰਹੇ ਹੋ।"

"ਦੂਜੇ ਤਰੀਕੇ...ਹਾਂ...ਪਰ ਸੱਚ ਦੱਸਾਂ, ਮੈਂ ਇਨ੍ਹਾਂ ਤਰੀਕਿਆਂ ਨਾਲ ਖੁਸ਼ ਨਹੀਂ।"

"ਕਿਉਂ?"

"ਐਵੇਂ ਹੀ। ਅੱਗ ਸੁਲਗ ਕੇ, ਜਲ ਕੇ ਖਤਮ ਹੋ ਜਾਂਦੀ ਏ। ਚੰਗਿਆੜੀਆਂ ਰਹਿ ਜਾਂਦੀਆਂ ਨੇ ਅਤੇ ਚੰਗਿਆੜੀਆਂ, ਮੈਂ ਸਮਝਦਾ ਆਂ ਕਿ ਅੱਗ ਤੋਂ ਵੀ ਖਤਰਨਾਕ ਹੁੰਦੀਆਂ ਨੇ।"

ਪਤਨੀ ਨੇ ਕੋਈ ਉੱਤਰ ਨਾ ਦਿੱਤਾ। ਪਤਨੀ ਦੇ ਲੱਕ 'ਚ ਬਾਂਹ ਵਲ ਕੇ ਉਸ ਨੇ ਉਸ ਨੂੰ ਆਪਣੇ ਵੱਲ ਖਿੱਚ ਲਿਆ।

ਥੋੜ੍ਹੀ ਦੇਰ ਮਗਰੋਂ ਪਤਨੀ ਨੇ ਕਿਹਾ, "ਸਾਇੰਸ ਦੇ ਚੱਕਰ 'ਚ ਅਸੀਂ ਕੁਦਰਤ ਤੋਂ ਕਿੰਨੇ ਦੂਰ ਹੋ ਗਏ ਆਂ, ਕਿੰਨੇ ਉਲਟ। ਕੋਈ ਦਿਨ ਆਏਗਾ ਜਦੋਂ ਸ਼ਾਇਦ ਕੁਦਰਤ ਹੀ ਸਾਡੇ ਵਿਰੁਧ ਹੋ ਜਾਵੇ ਅਤੇ ਫਿਰ ਸ਼ਾਇਦ ਮੀਂਹ ਜਿਹੜਾ ਅਸਮਾਨ ਤੋਂ ਪੈ ਰਿਹਾ ਏ, ਫੇਰ ਜ਼ਮੀਨ 'ਚੋਂ ਆਵੇ।"

"ਸ਼ਾਇਦ ਉਹ ਦਿਨ ਪਰਲੋ ਦਾ ਹੋਵੇ।"

ਪਤਨੀ ਚੁੱਪ ਰਹੀ।


The Manitoba Mirror

ਮੈਨੀਟੋਬਾ ਦਰਪਣ



Dino's at the New Location

ਡੀਨੋਜ਼ ਨਵੀਂ ਥਾਂ ਉਤੇ

DINO'S GROCERY MART

460 NOTRE DAME AVE. WINNIPEG, MAN. R3B 1R5

Ph. 942-1526

ਵਿੰਨੀਪੈਗ ਦਾ ਸਭ ਤੋਂ ਵੱਡਾ ਭਾਰਤੀ ਗਰੌਸਰੀ ਸਟੋਰ

ਜੋ ਹਫਤੇ ਦੇ ਸੱਤੇ ਦਿਨ ਖੁੱਲ੍ਹਾ ਰਹਿੰਦਾ ਹੈ

ਅਸੀਂ ਹੇਠ ਲਿਖੀਆਂ ਵਸਤਾਂ ਦੇ ਸਪੈਸ਼ਲਿਸਟ ਹਾਂ

- ਈਸਟ ਇੰਡੀਅਨ ਗਰੌਸਰੀ
- ਹਿੰਦੀ - ਪੰਜਾਬੀ - ਪਾਕਿਸਤਾਨੀ ਫਿਲਮਾਂ
- ਭਾਰਤੀ ਰੀਕਾਰਡ - ਕੈਸਟਾਂ ਤੇ ਭਾਂਡੇ
- ਤਾਜ਼ਾ ਸਬਜ਼ੀਆਂ
- ਤਾਜ਼ਾ ਬੱਕਰੇ ਦਾ ਮੀਟ
- ਗੁਰਦੁਆਰਿਆਂ, ਮੰਦਰਾਂ, ਵਿਆਹਾਂ, ਪਾਰਟੀਆਂ ਅਤੇ ਇਕੱਠੀ ਗਰੌਸਰੀ ਖ਼ਰੀਦਣ ਉਤੇ ਡਿਸਕਾਊਂਟ
- ਵਿੰਨੀਪੈਗ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਮੇਲ ਆਰਡਰ ਉਤੇ ਗਰੌਸਰੀ ਭੇਜੀ ਜਾਂਦੀ ਹੈ
- ਈਸਟ ਇੰਡੀਅਨ ਅਖਬਾਰ ਅਤੇ ਰਸਾਲੇ

ਡੀਨੋਜ਼ ਉਤੇ ਇਕੋ ਸਮੇਂ ਸਾਰੀ ਸ਼ਾਪਿੰਗ ਕਰੋ! ਵਧੀਆ ਕੁਆਲਟੀ, ਘੱਟ ਕੀਮਤਾਂ, ਤੇਜ਼ੀ ਨਾਲ ਸਰਵਿਸ ਅਤੇ ਦੋਸਤਾਨਾ ਮਾਹੌਲ

ਡੀਨੋ ਦੇ ਸਟੋਰ ਉਤੇ "ਤੁਹਾਡੀ ਤਸੱਲੀ ਸਾਡਾ ਬਿਜ਼ਨਿਸ ਹੈ"



GIL'S NEW & USED

Furniture & Appliances Warehouse

All kinds of New and Used Furniture — Color TV — Stereos — Major Appliances — Refrigerators — —Air Conditioners

WE BUY SELL TRADE

ਹਰ ਤਰ੍ਹਾਂ ਦਾ ਨਵਾਂ ਤੇ ਪੁਰਾਣਾ ਫਰਨੀਚਰ ਖ਼ਰੀਦਣ ਲਈ ਮਿਲੋ ਜਾਂ ਫੋਨ ਕਰੋ:

582-8726

121 SALTER STREET WINNIPEG, MAN.



REDWOOD MOTORS LTD.

ਕਾਰਾਂ ਦੀ ਜਨਰਲ ਮੁਰੰਮਤ — ਬਰੇਕਾਂ ਦੀ ਸਪੈਸ਼ਲ ਸਰਵਿਸ



ਟੈਕਸੀਆਂ ਦੀ ਰੀਪੇਅਰ ਉਤੇ ਸਪੈਸ਼ਲ ਡਿਸਕਾਊਂਟ

ਹਰ ਤਰ੍ਹਾਂ ਦੀ ਕਾਰ ਦੀ ਮੁਰੰਮਤ ਜਲਦੀ ਕਰਵਾਉਣ ਲਈ ਰੈਡਵੁੱਡ ਮੋਟਰਜ਼ ਉਤੇ ਪਹੁੰਚੋ



PH. 582-7138

600 - Redwood Ave. WINNIPEG, MAN.

# ਇਪਾਨਾ ਦਾ ਮੁੱਖ ਬੁਲਾਰਾ "ਸ਼ਹਾਬ-ਓ-ਦੀਨ"

ਇਪਾਨਾ ਦੇ "ਮੁੱਖ ਬੁਲਾਰੇ" ਪ੍ਰਤੀ ਦੋ ਰਾਵਾਂ ਕਦੇ ਵੀ ਨਹੀਂ ਹੋ ਸਕਦੀਆਂ। ਕੱਲ੍ਹ ਤੱਕ ਜਿਹੜਾ ਸ਼ਹਾਬੁਓ-ਦੀਨ ਭਾਰਤ ਸਰਕਾਰ ਦਾ ਵੱਡਾ ਜੂਠ-ਚੱਟ ਰਿਹਾ ਹੈ, ਉਸਨੂੰ ਕਿਹੜੀ ਗੱਲ ਨੇ ਪਰੇਰਿਆ ਜੋ ਘੱਟ ਗਿਣਤੀਆਂ ਦੇ ਹੱਕਾਂ ਲਈ ਆਪਣੀ ਆਵਾਜ਼ ਬੁਲੰਦ ਕਰਨੀ ਪਈ। ਜਜ਼ਬਾਤੀ ਧਾਰਮਿਕ ਮੂਲਵਾਦੀ ਉਭਾਰ ਨੂੰ ਘੱਟ ਗਿਣਤੀਆਂ ਦਾ ਮਖੌਟਾ ਪੁਆ, ਉਹ ਸ਼ਾਹਬਾਨੋ ਤੇ ਬਰਾਬਰੀ ਮਸਜਦ ਮਸਲਿਆਂ ਵੇਲੇ ਹੀ ਭਾਰਤੀ ਸਿਆਸਤ ਵਿਚ ਕੁੱਦਿਆ। ਜੰਤਾ ਪਾਰਟੀ ਦੇ ਢੰਡੋਰਚੀ ਦਾ ਮਖੌਟਾ ਲਾਹ ਕੇ ਉਸਦਾ ਅਸਲੀ ਚਿਹਰਾ ਵੇਖਣ ਦੀ ਲੋੜ ਹੈ। ਆਉ ਵੇਖੀਏ, ਉਸਨੂੰ ਘੱਟ ਗਿਣਤੀ ਦੇ ਲੋਕਾਂ ਪ੍ਰਤੀ ਹੇਜ ਕਿਵੇਂ ਜਾਗਿਆ।

ਬਹੁਤਾ ਦੂਰ ਨਾ ਜਾਂਦੇ ਹੋਏ 1978 ਤੋਂ ਲੈ ਕੇ ਜੋ ਭਾਰਤ-ਪੰਜਾਬ ਵਿਚ ਵਾਪਰਿਆ ਹੈ, ਕੀ ਉਹ ਅਣਮਨੁੱਖੀ ਘਟਨਾਵਾਂ ਨਹੀਂ ਸਨ? ਇਕ ਸਮੇਂ ਅਕਾਲੀ ਪਾਰਟੀ ਨੇ ਵੀ ਘੱਟ ਗਿਣਤੀ ਫਿਰਕਿਆਂ ਤੇ ਹੋਰ ਜਮਹੂਰੀ ਮੰਗਾਂ ਦੇ ਮਖੌਟੇ ਵਿਚ ਲੋਕਾਂ ਨੂੰ ਰੱਜਕੇ ਵਰਗਲਾਇਆ। ਉਸੇ ਮਖੌਟੇ ਵਿਚ ਸੀ ਨਿਰਾ ਧਾਰਮਿਕ ਤੇ ਮੂਲਵਾਦੀ ਪਰਚਾਰ ਜਿਹੜਾ ਫਿਰ ਮਗਰੋਂ ਜਾਕੇ ਜਨੂੰਨੀ ਰੂਪ ਵਿਚ ਅੱਗ ਦੇ ਭਬੂਕੇ ਦੀ ਤਰ੍ਹਾਂ ਬਾਹਰ ਆਇਆ। ਇਹ ਸੀ ਜਮਾਤੀ ਖਾਸਾ ਅਕਾਲੀ ਪਾਰਟੀ ਦਾ, ਜੋ ਮਗਰੋਂ ਜਾ ਕੇ ਪੰਜਾਬ ਦਾ ਦੁਖਾਂਤ ਹੀ ਨਹੀਂ ਭਾਰਤ ਦਾ ਦੁਖਾਂਤ ਬਣਿਆ। ਪੰਜਾਬ ਦਾ ਘਾਣ ਹੋਇਆ, ਘੱਟ ਗਿਣਤੀਆਂ ਦੀ ਰਖਵਾਲੀ ਦੀ ਥਾਂ ਆਦਮਖਾਣਿਆਂ ਨੇ ਇਨਸਾਨਾਂ ਨੂੰ ਮਾਰ ਮਾਰ ਸੱਥਰ ਲਾਏ। ਪੰਜਾਬ ਵਿਚ ਦਿਨ-ਦਿਹਾੜੇ ਹਿੰਦੂਆਂ ਨੂੰ ਕੋਹ ਕੋਹ ਕੇ ਮਾਰਿਆ ਗਿਆ ਤੇ ਹੁਣ ਵੀ ਖੈਰ ਨਹੀਂ ਕੀਤੀ ਜਾਂਦੀ।

ਹਿੰਦੂ-ਮੁਸਲਮਾਨ ਫਸਾਦ ਵੀ 1947 ਤੋਂ ਹੀ ਹੁੰਦੇ ਆ ਰਹੇ ਹਨ। ਬਹਾਨਾ ਸ਼ਾਹਬਾਨੋ ਦੇ ਕੇਸ ਦਾ ਹੋਵੇ ਜਾਂ ਫਿਰ ਬਾਬਰੀ ਮਸਜਦ ਦਾ, ਘਾਣ ਹਮੇਸ਼ਾ ਹੀ ਮਾਸੂਮਾਂ ਦਾ ਹੁੰਦਾ ਰਿਹਾ ਹੈ। ਉਤਰ ਤੋਂ ਦੱਖਣ ਪੂਰਬ ਤੋਂ ਪੱਛਮ ਭਾਰਤ ਦੇ ਕਿਸੇ ਵੀ ਹਿੱਸੇ ਵਿਚ ਖੂਨ-ਖਰਾਬਾ ਹੋਇਆ ਜਾਂ ਹੁੰਦਾ ਹੈ ਤੇ ਅਗਾਂਹ ਨੂੰ ਹੋਵੇਗਾ ਤਦ ਮੂਲ ਜੜ੍ਹ ਉਸਦੀ ਧਾਰਮਿਕ ਮੂਲਵਾਦ ਦੀ ਹੀ ਹੋਵੇਗੀ।

ਇੰਦਰਾ ਦੀ ਮੌਤ ਮਗਰੋਂ ਸਿੱਖਾਂ ਨੂੰ ਪੰਜਾਬ ਤੋਂ ਬਾਹਰ ਜਿਸ ਤਰ੍ਹਾਂ ਤਸੀਹੇ ਦੇ ਦੇ ਮਾਰਿਆ, ਔਰਤਾਂ ਨੂੰ ਬੇਪਤ ਕੀਤਾ, ਇਹੋ ਜਿਹੀ ਮਿਸਾਲ ਦੁਨੀਆਂ ਦੀ ਤਵਾਰੀਖ ਵਿਚ ਮਿਲਣੀ ਅਸੰਭਵ ਹੈ। ਜਦੋਂ ਇਨ੍ਹਾਂ ਕੁਝ ਵਾਪਰ ਰਿਹਾ ਸੀ ਕਿੱਥੇ ਸੀ ਸ਼ਹਾਬ-ਓ-ਦੀਨ? ਕਿਥੇ ਸੀ/ਹੈ ਜੰਤਾ ਪਾਰਟੀ ਜਿਸਦਾ ਉਹ ਹੁਣ ਨੁਮਾਇੰਦਾ ਹੈ? ਓਹੋ ਜੰਤਾ ਪਾਰਟੀ ਹਾਲੇ ਵੀ ਪੰਜਾਬ ਵਿਚ ਗਵਰਨਰੀ ਰਾਜ ਨੂੰ ਜਿਉਂਦਾ ਰੱਖਣ ਦੇ ਹੱਕ ਵਿਚ ਦਿੱਲੀ ਦੀ ਸਰਕਾਰ ਨੂੰ ਆਪਣਾ ਹੇਜ ਵਖਾਉਂਦੀ ਹੈ।

ਇਸ ਤੋਂ ਉਪਰੰਤ, ਉਸ ਸਮੇਂ ਉਹ ਸੰਸਥਾਵਾਂ ਅਤੇ ਅਗਾਂਹਵਧੂ ਪਾਰਟੀਆਂ ਜਿੰਨ੍ਹਾਂ ਨੇ ਅਸਲੀ ਅਰਥਾਂ ਵਿਚ ਘੱਟ ਗਿਣਤੀ ਫਿਰਕਿਆਂ ਦੇ ਹੱਕਾਂ ਲਈ ਇਕੱਲੀ ਆਪਣੀ ਆਵਾਜ਼ ਹੀ ਨਹੀਂ ਬੁਲੰਦ ਕੀਤੀ ਸੀ। ਇਸ ਤੋਂ ਵੀ ਕਿਤੇ ਵੱਧ ਉਹ ਕੁਝ ਕਰ ਵਿਖਾਇਆ ਜਿਹੜਾ ਕਦੇ ਸ਼ਹਾਬ-ਓ-ਦੀਨ ਸੁਫਨਾ ਵੀ ਨਹੀਂ ਲੈ ਸਕਦਾ ਸੀ — ਜਮਾਤੀ ਪੈਂਤੜੇ ਤੋਂ ਵੇਖਿਆ ਜਾਵੇ ਤਦ ਉਸਦੀ ਜੰਤਾ ਪਾਰਟੀ ਉਨ੍ਹਾਂ ਸੰਸਥਾਵਾਂ ਤੇ ਅਗਾਂਹਵਧੂ ਪਾਰਟੀਆਂ ਨਾਲੋਂ ਧੁਰੇ ਦੇ ਦੂਸਰੇ ਪਾਸੇ ਖੜਦੀ ਹੈ।

ਆਪਣੀਆਂ ਜਾਨਾਂ ਦੀ ਪਰਵਾਹ ਨਾ ਕਰਦੇ ਹੋਏ, ਉਨ੍ਹਾਂ ਅਜੋਕੇ ਜਲਾਦੀ ਔਰੰਗਿਆਂ ਦੀ ਉਲਾਦ ਨੂੰ ਵੰਗਾਰਿਆ, ਭੰਡਿਆ ਇਸ ਤੋਂ ਵੀ ਅਗੇ ਉਨ੍ਹਾਂ ਦੇ ਵਹਿਸ਼ੀ ਕਿਰਦਾਰਾਂ ਨੂੰ ਲੋਕਾਂ ਵਿਚ ਨੰਗਾ ਕੀਤਾ। ਘਰ ਘਰ ਜਾ ਕੇ ਜਲਾਦਾਂ ਹੱਥੋਂ ਹੋਈਆਂ ਮੌਤਾਂ, ਬੇਪਤੀਆਂ ਦਾ ਸਹੀ ਸਹੀ ਜਾਇਜ਼ਾ ਲੈ ਕੇ ਨਾਂ ਗਲੀ-ਮੁਹੱਲਾ ਤੇ ਉਸ ਉਚੇਚੇ ਆਦਮਖਾਣੇ ਦਾ ਨਾਂ ਵੀ ਦਰਜ ਕਰਕੇ ਤੇ ਉਨ੍ਹਾਂ ਨੂੰ ਕਿਤਾਬੀ ਰੂਪ ਦੇ ਕੇ ਦਿੱਲੀ ਦੀ ਸਰਕਾਰ ਨੂੰ ਲਿਖਤੀ ਰੂਪ ਵਿਚ ਵੰਗਾਰਿਆ ਤੇ ਦੋਸ਼ੀ ਕਰਾਰ ਦਿੱਤਾ। ਇਹ ਇਤਿਹਾਸਕ ਤੱਥ ਜਿਸਨੇ ਕਦੇ ਵੀ ਨਹੀਂ ਮਰਨਾ, ਇਕ ਜਿਉਂਦਾ ਜਾਗਦਾ ਸਬੂਤ ਜੋ ਘੱਟ ਗਿਣਤੀ ਦੇ ਫਿਰਕਿਆਂ ਦੀ ਰਖਵਾਲੀ ਪ੍ਰਤੀ ਸੁਹਿਰਦਤਾ, ਅਣਥੱਕ ਮਿਹਨਤ ਤੇ ਸਖਤ ਘਾਲਣਾ ਦਾ ਹੀ ਸਿੱਟਾ ਹੈ। ਉਹ ਸੰਸਥਾਵਾਂ ਤੇ ਅਗਾਂਹਵਧੂ ਪਾਰਟੀਆਂ ਪ੍ਰਸੰਸਾ ਦੀਆਂ ਹੱਕਦਾਰ ਹਨ। ਕਿੱਥੇ ਸੀ ਉਦੋਂ ਸ਼ਹਾਬ-ਓ-ਦੀਨ?

ਕੀ ਸ਼ਹਾਬ-ਓ-ਦੀਨ ਉਸ ਪਾਰਟੀ ਦਾ ਨੁਮਾਇੰਦਾ ਨਹੀਂ ਜਿਹੜੀ ਕਦੇ ਅੱਖ ਦੇ ਝਲਕਾਰੇ ਦੀ ਤਰ੍ਹਾਂ ਦਿੱਲੀ ਦੇ ਤਖਤ ਤੇ ਆਈ ਸੀ। ਕੀ ਉਸ ਵੇਲੇ "ਸਟੇਟ ਤਾਕਤ ਦਾ ਕੇਂਦਰੀਕਰਣ ਅਤੇ ਭਾਰਤ ਵਿਚ ਘੱਟ ਗਿਣਤੀ ਦੇ ਫਿਰਕਿਆਂ ਦੀ ਹਾਲਤ ਕਿਹੜੀ ਕਰਵਟ ਲੈ ਰਹੀ ਸੀ?"

ਅਕਾਲੀ ਪਾਰਟੀ ਜੋ ਸੂਬਿਆਂ ਦੇ ਵਧੇਰੇ ਹੱਕਾਂ ਤੇ ਘੱਟ-ਗਿਣਤੀ ਫਿਰਕਿਆਂ ਦਾ ਮਖੌਟਾ ਮਗਰੋਂ ਪਾ ਕੇ ਲੋਕਾਂ ਵਿਚ ਗਈ ਸੀ, ਉਸ ਤੋਂ ਪਹਿਲਾਂ ਪੰਜਾਬ ਦਾ ਮੁਖ-ਮੰਤਰੀ ਬਾਦਲ ਸੀ। ਜੰਤਾ ਪਾਰਟੀ ਦਿੱਲੀ ਦੇ ਤਖਤ ਤੇ ਅਕਾਲੀ ਪਾਰਟੀ ਦੀ ਭਿਆਲੀ ਭੈਣ ਵੀ ਸੀ। ਉਸ ਸਮੇਂ ਘੱਟ ਗਿਣਤੀਆਂ ਦੇ ਹੱਕਾਂ ਦੀ ਰਖਵਾਲੀ ਕਰਨ ਵਾਲਿਆਂ ਨੂੰ ਇਨਾਮ ਵਜੋਂ ਘਲਾੜਿਆਂ ਵਿਚ ਇਨਸਾਨੀਅਤ ਦਾ ਰਸ ਕੱਢਕੇ ਬਾਦਲ ਪੀਂਦਾ ਹੁੰਦਾ ਸੀ। ਤਤਸਾਰ ਵਿਚ ਅਕਾਲੀ ਪਾਰਟੀ ਤੇ ਜੰਤਾ ਪਾਰਟੀ ਦੇ ਜਮਾਤੀ ਖਾਸੇ ਵਿਚ ਰੱਤੀ ਭਰ ਦਾ ਵੀ ਫਰਕ ਨਹੀਂ। ਦੋਹਾਂ ਨੂੰ ਜਮਾਤੀ ਪੈਂਤੜੇ ਤੋਂ ਵੇਖਿਆ ਜਾਵੇ ਤਾਂ ਲੋਕਾਂ ਦਾ ਖੂਨ ਡੀਕਣੇ ਸੀ, ਹੈ ਵੀ ਤੇ ਰਹਿਣਗੇ ਵੀ। ਇਹ ਕੌੜੇ ਅੱਕ ਵਰਗਾ ਸੱਚ ਹੈ।

ਇਸੇ ਸੰਦਰਭ ਵਿਚ ਸ਼ਹਾਬ-ਓ-ਦੀਨ ਜੋ ਜੰਤਾ ਪਾਰਟੀ ਦਾ ਨੁਮਾਇੰਦਾ ਹੈ, ਜਿਸਨੇ ਜੰਤਾ ਪਾਰਟੀ ਚੁਣੀ ਹੈ, ਉਸਦੀ ਫਿਕਰਮੰਦੀ ਘੱਟ ਗਿਣਤੀ ਦੇ ਫਿਰਕਿਆਂ ਦਾ ਕੀ ਸੁਆਰੇਗੀ। ਜਦੋਂ ਭਾਰਤ ਦੇ ਲੋਕ ਉਸ ਦੀ ਜੰਤਾ ਪਾਰਟੀ ਦਾ ਰਾਜ ਆਪਣੇ ਹੱਡੀਂ ਹੰਢਾ ਚੁਕੇ ਹੋਣ। ਸੋ ਸ਼ਹਾਬ-ਓ-ਦੀਨ ਤੇ ਉਸਦੀ ਪਾਰਟੀ ਅਸਲੀ ਅਰਥਾਂ ਵਿੱਚ ਕਾਂਗਰਸ ਪਾਰਟੀ ਦੀ ਹੀ ਹਮਾਮੀ ਭੈਣ ਹੈ।

ਸ਼ਾਹਬਾਨੋ ਤੇ ਬਾਬਰੀ ਮਸਜਦ ਦੇ ਮਸਲੇ ਆਧਾਰਤ ਧਾਰਮਿਕ ਮੂਲਵਾਦ ਦੀ ਕੁੱਖ ਵਿਚੋਂ ਜਨਮਾਏ ਗਏ ਹਨ। ਲੋਕਾਂ ਦੇ ਜਜ਼ਬਾਤਾਂ ਨੂੰ ਘੱਟ-ਗਿਣਤੀ ਦੀ ਰਖਵਾਲੀ ਦੀ ਪੁਠ ਦੇ ਕੇ ਸ਼ਹਾਬ-ਓ-ਦੀਨ ਭਾਰਤ ਦੀ ਰਾਜਸੀ ਸਟੇਜ ਤੇ ਆਣ ਪਹੁੰਚਿਆ ਹੈ।

1985 ਤੋਂ ਪਹਿਲਾਂ ਕੀ ਦਿੱਲੀ ਦੀ ਸਰਕਾਰ ਘੱਟ ਗਿਣਤੀ ਦੇ ਫਿਰਕਿਆਂ ਨਾਲ ਬਹੁਤ ਭਲਾ ਕਰਦੀ ਆਈ ਹੈ? ਉਸ ਵੇਲੇ ਘੱਟ-ਗਿਣਤੀ ਦੇ ਹੱਕਾਂ ਲਈ ਸ਼ਹਾਬ-ਓ-ਦੀਨ ਦੇ ਅੱਖਾਂ ਵਿਚ ਕਦੇ ਵੀ ਰੜਕ ਨਹੀਂ ਪਈ? 1981 ਤੋਂ ਜਦੋਂ ਦੀ ਸ਼ਹਾਬ-ਓ-ਦੀਨ ਨੇ ਸਰਕਾਰੀ ਜੂਠ ਚੱਟਣੀ ਛੱਡੀ ਹੈ ਕੀ ਉਸ ਵੇਲੇ ਸਾਰੇ ਭਾਰਤ ਵਿਚ ਸੁਖ ਸ਼ਾਂਤੀ ਸੀ? ਕੀ ਓਦੋਂ ਘੱਟ ਗਿਣਤੀ ਦੇ ਲੋਕ ਘੁੱਗ ਵਸਦੇ ਸਨ? ਉਦੋਂ ਸ਼ਹਾਬ-ਓ-ਦੀਨ ਨੂੰ ਕੁਝ ਨਜ਼ਰ ਨਹੀਂ ਆਇਆ, ਜੇ ਨਜ਼ਰੀਂ ਪਿਆ ਤਾਂ ਫਿਰ ਉਸਨੇ ਆਹ ਦਾ ਨਾਹਰਾ ਕਿਉਂ ਨਾ ਮਾਰਿਆ?

ਸੋ ਸ਼ਹਾਬ-ਓ-ਦੀਨ ਦਾ ਅਸਲੀ ਅਰਥਾਂ ਵਿਚ ਸ਼ਾਹਬਾਨੋ ਤੇ ਬਾਬਰੀ ਮਸਜਦ ਦੇ ਮਸਲਿਆਂ ਦੀ ਕੁੱਖੋਂ ਹੀ ਸਿਆਸੀ ਜਨਮ ਹੋਇਆ ਹੈ। ਇਪਾਨਾ ਦੀ ਸੂਚਨਾ ਅਨੁਸਾਰ ਉਹ ਕਹਿੰਦਾ ਹੈ, "ਆਉ ਅਸੀਂ ਉਸ ਗੈਰ ਜ਼ੁਮੇਵਾਰ ਅਨਸਰ ਵਲ ਕੋਈ ਧਿਆਨ ਨਾ ਦੇਈਏ, ਜੋ ਲੋਕਾਂ ਨੂੰ ਲੋਕਾਂ ਦੇ ਖਿਲਾਫ ਭੜਕਾਉਂਦਾ ਹੈ ਅਤੇ ਆਪਣੀ ਹੀ ਕੌਮ ਤੇ ਸਾਰੇ ਦੇਸ਼ ਨੂੰ ਹਾਨੀ ਪਹੁੰਚਾਉਂਦਾ ਹੈ।"

ਇਹ ਉਪਰਲੀ ਗਾਂਧੀਵਾਦੀ ਰੁਚੀ ਤੋਂ ਵੱਧ ਕੁਝ ਵੀ ਨਹੀਂ ਹੈ। ਜਮਾਤੀ ਪੈਂਤੜੇ ਤੋਂ ਉਪਰਲੇ ਬਿਆਨ ਨੂੰ ਚੀਰ ਫਾੜ ਕਰਨ ਤੋਂ ਇਹੋ ਲੱਭਦਾ ਹੈ, ਜਿਹੜਾ ਗਲਤ ਅਨਸਰ ਗਲਤ ਗੱਲਾਂ ਕਰਦਾ ਹੈ ਉਸਨੂੰ ਵੇਖ ਕੇ ਅੱਖਾਂ ਮੀਚ ਲਉ। ਸੋ ਇਹ ਸ਼ਹਾਬ-ਓ-ਦੀਨ ਦੀ ਸਿਆਸਤ ਦਾ ਖਾਸਾ ਹੈ ਇਹੋ ਜਿਹੇ ਬਿਆਨ ਦਾਗ਼ ਕੇ ਉਹ ਦਿੱਲੀ ਦੀ ਸਰਕਾਰ ਦੀ ਪੁਸ਼ਟੀ ਕਰਦਾ ਹੈ।

ਉਹ ਸੁਹਿਰਦ ਲੇਖਕ/ਪਾਠਕ ਜੋ ਬਦੇਸ਼ੀਂ ਬੈਠੇ ਭਾਰਤ ਦੇ ਦਲਿਤ ਲੋਕਾਂ ਦੇ ਚੰਗੇਰੇ ਭਵਿੱਖ ਲਈ ਆਪਣੀ ਹਮਦਰਦੀ ਜ਼ਾਹਿਰ ਕਰਦੇ ਹਨ। ਉਹ ਇਪਾਨਾ ਵਲੋਂ ਸੱਦੇ "ਮੁਖ ਬੁਲਾਰੇ" ਸ਼ਹਾਬ-ਓ-ਦੀਨ ਪ੍ਰਤੀ ਆਪਣੀ ਸਮਝ ਬਣਾਕੇ ਪਾਠਕਾਂ ਨਾਲ ਸਾਂਝੀ ਕਰਨ ਤਾਂ ਕਿ ਅਸੀਂ ਸਹੀ ਅਰਥਾਂ ਵਿਚ ਸ਼ਹਾਬ-ਓ-ਦੀਨ ਦੀ ਫਿਕਰਮੰਦੀ ਦਾ ਮੁਲਅੰਕਣ ਕਰ ਸਕੀਏ!

**ਯੁਵਰਾਜ ਰਤਨ**

-●-

ਸਵਰਗੀ ਪ੍ਰਿਥਵੀ ਰਾਜ ਕਪੂਰ ਇਕ ਦਿਨ ਖੁਸ਼ ਮੂਡ ਵਿਚ ਸਨ ਉਨ੍ਹਾਂ ਨੇ ਆਪਣੇ ਨੌਜਵਾਨ ਡਰਾਈਵਰ ਨੂੰ ਹੁਕਮ ਦਿੱਤਾ "ਅੱਜ ਬੰਬਈ ਦੀ ਉਹ ਚੀਜ਼ ਵਿਖਾ ਜੋ ਮੈਂ ਪਹਿਲਾਂ ਨਾ ਵੇਖੀ ਹੋਵੇ।"

ਨੌਜਵਾਨ ਡਰਾਈਵਰ ਨੇ ਕਪੂਰ ਜੀ ਦੀ ਗੱਲ ਦਾ ਹੋਰ ਮਤਲਬ ਕੱਢਿਆ ਤੇ ਮੁਸਕੜੀਏਂ ਹਸਦਾ ਕਾਰ ਸਟਾਰਟ ਕਰ ਕੇ ਉਥੇ ਜਾ ਰੁਕਿਆ ਜਿਥੇ ਚੌਦਾਂ-ਪੰਦਰਾਂ ਸਾਲ ਤੋਂ ਲੈ ਕੇ ਤੀਹ-ਪੈਂਤੀ ਸਾਲਾਂ ਦੀਆਂ ਵੇਸਵਾਵਾਂ ਦਾ ਮੁਹੱਲਾ ਸੀ। ਲੜਕੀਆਂ ਨੇ ਅਜੀਬ-ਅਜੀਬ ਪੁਸ਼ਾਕਾਂ ਪਹਿਨੀਆਂ ਹੋਈਆਂ ਸਨ।

ਡਰਾਈਵਰ ਕੁਝ ਦੇਰ ਚੁੱਪ ਰਹਿਣ ਪਿੱਛੋਂ ਬੋਲਿਆ "ਚਲੋਗੇ ਸਾਹਿਬ।"

"ਹਾਂ... ਹਾਂ ਕਿਉਂ ਨਹੀਂ, ਆਪਣੀਆਂ ਭੈਣਾਂ ਕੋਲ ਜਾਣ ਵਿਚ ਭਲਾ ਸ਼ਰਮ ਕਾਹਦੀ...।" ਕਪੂਰ ਸਾਹਿਬ ਨੇ ਉਤਰ ਦਿੱਤਾ।

ਇਹ ਸੁਣਦਿਆਂ ਡਰਾਈਵਰ ਬਹੁਤ ਸ਼ਰਮਿੰਦਾ ਹੋਇਆ ਤੇ ਘਰ ਵੱਲ ਕਾਰ ਮੋੜ ਲਈ।


## Matrimonial

Matrimonial correspondence is invited from Sikh youngmen with professional status (doctor, architect, engineer etc.) for a talented, beautiful, slim, 5'5© fair-complexioned girl persuing her medical studies (M.D.), pediatrics in Punjab. The girl is 25 years, and belongs to a highly respectable and educated family. Caste no bar. A photo (returnable) will be appreciated.

Non-clean shaven only, please.

Write :

**MAT (2011)**
**C/o The Canada Darpan**
**P.O.BOX 265**
**SURREY, B.C. V3T 4W8**

## ਕਰਤਾਰ ਫੋਟੋ ਸਟੂਡੀਓ

**1 HOUR PHOTO SERVICE**
**KARTAR PHOTO STUDIO**
**4279 - Fraser St. (27th Ave.)**
**Vancouver, B.C.**
**We Do Passport, 5 Mins. Service, Portrait Photos & Weddings**

**Off; 872-6060**



## ਜਗਦੀਸ਼ ਸਿੰਘ ਨੋਟਰੀ ਪਬਲਿਕ (ਬੀ. ਏ. ਐਲ. ਐਲ. ਬੀ. (ਪੰਜਾਬ ਯੂਨੀਵਰਸਿਟੀ) ਅਤੇ ਇਮੀਗਰੇਸ਼ਨ ਸਲਾਹਕਾਰ

ਜਿਨ੍ਹਾਂ ਦੇ ਦਫਤਰ ਵਿਚ ਨੋਟਰੀ ਪਬਲਿਕ ਦੇ ਆਮ ਕੰਮ ਕੀਤੇ ਜਾਂਦੇ ਹਨ ਜਿਵੇਂ ਕਿ:—
- ਘਰ ਜਾਂ ਜ਼ਮੀਨ ਖ੍ਰੀਦਣ, ਵੇਚਣ ਲਈ ਜਾਂ ਮੌਰਗੇਜ਼ ਲੈਣ, ਦੇਣ ਜਾਂ ਕੈਂਸਲ ਕਰਨੀ ਆਦਿ ਦੇ ਕਾਗਜ਼ਾਤ ਤਿਆਰ ਕਰਨੇ ਅਤੇ ਰਜਿਸਟਰੀ ਕਰਵਾਉਣੀ
- ਵਸੀਅਤ, ਮੁਖਤਿਆਰਨਾਮੇ, ਐਫੀਡੇਵਿਟ, ਡੈਕਲਾਰੇਸ਼ਨ, ਐਗਰੀਮੈਂਟ, ਬਾਹਰੋਂ ਆਏ ਰਿਸ਼ਤੇਦਾਰਾਂ ਲਈ "ਰਾਹਦਾਰੀ"
- ਪਾਸਪੋਰਟ ਨਾਂ ਦੀ ਤਬਦੀਲੀ

**Off. 324-6727**
**Res. 324-4160**

### ਅਤੇ ਇਮੀਗਰੇਸ਼ਨ

ਦੇ ਆਮ ਮਸਲੇ ਤੇ ਇਮੀਗਰੇਸ਼ਨ ਅਪੀਲ ਬੋਰਡ ਦੇ ਕੇਸ ਲੜਨ ਲਈ ਜਾਣਕਾਰੀ ਤੇ ਯੋਗ ਸਹਾਇਤਾ

**#201 - 2001 East 36th Ave. [at victoria]**
**Vancouver, B.C. V5P 1C9**



ਜਗਦੀਸ਼ ਸਿੰਘ B.A.LL.B. (Pb.U.)
(ਸਾਬਕਾ ਐਡਵੋਕੇਟ ਪੰਜਾਬ ਹਾਈਕੋਰਟ)

# The Manitoba Mirror

# ਮੈਨੀਟੋਬਾ ਦਰਪਣ


## V.I.P. SUPERMARKET

Ph. 774-8671

(ਨਵੇਂ ਪ੍ਰਬੰਧ ਹੇਠ)

ਸਟੇਨਲੈਸ ਸਟੀਲ ਦੇ ਬਰਤਨ ਖ਼੍ਰੀਦਣ ਲਈ ਸਭ ਤੋਂ ਵੱਡਾ ਗਰੌਸਰੀ ਸਟੋਰ

ਭਾਰਤੀ ਗਰੌਸਰੀ, ਤਾਜ਼ੀਆਂ ਸਬਜ਼ੀਆਂ, ਬੱਕਰੇ ਦਾ ਤਾਜ਼ਾ ਮੀਟ, ਨਵੇਂ ਗਾਣਿਆਂ ਦੀਆਂ ਟੇਪਾਂ ਖ਼੍ਰੀਦੋ

ਗੋਲਗੱਪੇ ਅਤੇ ਸਮੋਸਾ ਮੇਕਰ ਤੁਹਾਨੂੰ ਵੀ. ਆਈ. ਪੀ. ਸੁਪਰਮਾਰਕੀਟ ਤੋਂ ਹੀ ਮਿਲ ਸਕਦੇ ਹਨ

**V.I.P. SUPERMARKET**
739, Elice Ave. WINNIPEG, MAN.

## AMAN REALTY

1223 MARICHAM ROAD, WINNIPEG, MAN. R3T 4B1

MLS

ਹਰ ਤਰ੍ਹਾਂ ਦੀ ਜਾਇਦਾਦ ਜਿਵੇਂ : ਮਕਾਨ, ਅਪਾਰਟਮੈਂਟ ਬਲਾਕ, ਕੋਈ ਭੀ ਬਿਜਨਿਸ, ਕਮਰਸ਼ਲ ਪ੍ਰਾਪਰਟੀ, ਜ਼ਮੀਨ, ਹੋਟਲ ਜਾਂ ਮੋਟਲ

- ਖ਼੍ਰੀਦਣੀ ਜਾਂ ਵੇਚਣੀ ਹੋਵੇ
- ਮਾਰਗੇਜ਼ ਦਾ ਪ੍ਰਬੰਧ ਕਰਨਾ ਹੋਵੇ
- ਕੋਈ ਸਲਾਹ ਮਸ਼ਵਰਾ ਲੈਣਾ ਹੋਵੇ

ਤਾਂ ਸਾਡੇ 9 ਸਾਲਾਂ ਦੇ ਤਜਰਬੇ ਦਾ ਫਾਇਦਾ ਉਠਾਓ

ਨੋਟ : ਕੋਈ ਭੀ ਪ੍ਰਾਪਰਟੀ ਵੇਚਣ ਵੇਲੇ 7% ਕਮਿਸ਼ਨ ਦੇਣਾ ਕੋਈ ਜ਼ਰੂਰੀ ਨਹੀਂ

**CALL : Bus. 269-4411, Res. 261-7598, Pager 942-0141 Code 5697**

Member : WPG Real Estate Board, Manitoba Real Estate Assoc. Canadian Real Estate Association



BALDEV S. BEDI M.A. B.A. (Hons.)
BROKER AND COMMISSIONER FOR OATHS
in and for the Province of Manitoba

## NORTH AMERICAN LIFE ASSURANCE CO.

**To Your Needs Which You Can Afford**

ਕੇਵਲ ਤਿੰਨ ਜਾਂ ਚਾਰ ਜਾਂ ਪੰਜ ਸਾਲਾਂ ਵਿਚ ਆਪਣੀ ਜ਼ਿੰਦਗੀ ਭਰ ਦੀ ਇਨਸ਼ੋਰੇਂਸ ਖ਼੍ਰੀਦਣ ਲਈ



Sukhjinder S. Dhillon
Res: 669-2573

ਰਾਜ ਸਿੰਘ ਮਾਨ

ਜਾਂ

ਸੁਖਜਿੰਦਰ ਸਿੰਘ ਢਿੱਲੋਂ

ਨੂੰ ਮਿਲੋ

- ਲਾਈਫ਼ ਇਨਸ਼ੋਰੇਂਸ
- ਗਰੁੱਪ ਇਨਸ਼ੋਰੇਂਸ
- ਮਾਰਗੇਜ ਇਨਸ਼ੋਰੇਂਸ
- ਬੱਚਿਆਂ ਦੀ ਪੜ੍ਹਾਈ ਦੀ ਇੰਨਸ਼ੋਰੇਂਸ

■ Personal ■ Children's ■ Group ■ Annuities

**Ph. 943-1526**

1507 - 330 Portage Ave. WINNIPEG, MAN. R3C 0C4



Raj Singh Maan Sales Manager
Res. 694-0731
Commissioner for oaths




## ਫਿਲਮ ਰੀਵੀਊ

# 'ਯੇ ਵੂਹ ਮੰਜਿਲ ਤੋ ਨਹੀਂ'

(ਸੁਖਵੰਤ ਹੁੰਦਲ, ਸਾਧੂ)

'ਯੇ ਵੂਹ ਮੰਜਿਲ ਤੋ ਨਹੀਂ' ਫਿਲਮ ਸ਼ੁਰੂ ਹੁੰਦੀ ਹੈ 50-60 ਸਾਲ ਦੀ ਉਮਰ ਦੇ ਤਿੰਨ 'ਬਜ਼ੁਰਗ' ਦੋਸਤਾਂ ਦੀ ਆਪਸੀ ਬਹਿਸ ਤੋਂ। ਉਹ ਤਿੰਨੇ ਨਸ਼ੇ ਵਿਚ ਆਪਣੇ ਬੀਤੇ ਜੀਵਨ ਬਾਰੇ ਬਹੁਤ ਕੌੜੀ ਅਤੇ ਤਲਖ ਬਹਿਸ ਕਰ ਰਹੇ ਹਨ। ਉਨ੍ਹਾਂ ਦੀ ਇਸ ਬਹਿਸ ਦੌਰਾਨ ਦਰਸ਼ਕ ਨੂੰ ਸੰਕੇਤ ਮਿਲਦਾ ਹੈ ਕਿ ਉਹਨਾਂ ਦੇ ਜੀਵਨ ਦੀ ਕੋਈ ਅਜਿਹੀ ਘਟਨਾ ਹੈ ਜਿਸ ਬਾਰੇ ਉਹ ਕਦੇ ਵੀ ਕੋਈ ਚਰਚਾ ਨਹੀਂ ਕਰਨਾ ਚਾਹੁੰਦੇ, ਪਰ ਉਹ ਮੁੜ ਘੁੜ ਉਨ੍ਹਾਂ ਦਰਮਿਆਨ ਆ ਹਾਜਰ ਹੁੰਦੀ ਹੈ। ਇਹ ਘਟਨਾ ਕੀ ਹੈ? ਇਸ ਬਾਰੇ ਫਿਲਮ ਵਿਚ ਅੱਗੇ ਜਾ ਕੇ ਪਤਾ ਚਲਦਾ ਹੈ। ਉਹ ਤਿੰਨੇ ਕਾਲਜ ਦੇ ਜ਼ਮਾਨੇ ਦੇ ਦੋਸਤ ਹਨ। 1942 ਵਿਚ ਉਹ ਭਾਰਤ ਦੇ ਇਕ ਸ਼ਹਿਰ ਵਿਚ ਇਕੱਠੇ ਪੜ੍ਹਦੇ ਸਨ। ਉਨਾਂ ਦਿਨਾਂ ਵਿਚ ਹਿਦੁਸਤਾਨ ਦੀ 'ਆਜ਼ਾਦੀ' ਦੀ ਲੜਾਈ ਆਪਣੇ ਜ਼ੋਰਾਂ ਤੇ ਸੀ। ਇਸ ਲੜਾਈ ਵਿਚ ਆਪਣਾ ਹਿਸਾ ਪਾਉਣ ਲਈ ਆਪਣੇ ਚੌਥੇ ਸਾਥੀ ਨਾਲ ਮਿਲਕੇ ਅੰਗਰੇਜ਼ ਕਮਿਸ਼ਨਰ ਉਤੇ ਬੰਬ ਸੁੱਟਣ ਦਾ ਪਲੈਨ ਬਣਾਉਂਦੇ ਹਨ। ਪਰ ਐਨ ਮੌਕੇ ਤੇ ਉਹ ਤਿੰਨੇ ਡਰਦੇ ਮਾਰੇ, ਐਕਸ਼ਨ ਕਰਨ ਵਾਲੀ ਥਾਂ ਤੋਂ ਦੌੜ ਜਾਂਦੇ ਹਨ। ਉਨ੍ਹਾਂ ਦਾ ਚੌਥਾ ਸਾਥੀ ਫੜਿਆ ਜਾਂਦਾ ਹੈ। ਬਾਅਦ ਵਿਚ ਜਦੋਂ ਇਨਾਂ ਦਾ ਚੌਥਾ ਸਾਥੀ ਜੇਲ ਵਿਚੋਂ ਦੌੜ ਜਾਂਦਾ ਹੈ ਤਾਂ ਪੁਲੀਸ ਵਾਲੇ (ਜਿਨਾਂ ਨੂੰ ਪਤਾ ਹੁੰਦਾ ਹੈ ਕਿ ਉਹ ਤਿੰਨੇ ਐਕਸ਼ਨ ਵੇਲੇ ਉਸਦੇ ਨਾਲ ਸਨ) ਇਨਾਂ ਤਿੰਨਾਂ ਨੂੰ ਸੱਦਦੇ ਹਨ ਤੇ ਕਹਿੰਦੇ ਹਨ ਕਿ ਜੇ ਉਹ ਆਪਣੇ ਸਾਥੀ ਨੂੰ ਫੜਾ ਦੇਣ ਤਾਂ ਉਨ੍ਹਾਂ ਨੂੰ ਮੁਆਫ ਕਰ ਦਿੱਤਾ ਜਾਵੇਗਾ। ਇਸ ਤੇ ਉਹ ਤਿੰਨੇ ਆਪਣੀ ਸਾਥੀ ਨੂੰ ਇਕ ਉਜਾੜ ਥਾਂ ਤੇ ਸੱਦ ਉਸਨੂੰ ਪੁਲੀਸ ਦੀ ਗੋਲੀ ਦਾ ਨਿਸ਼ਾਨਾ ਬਣਵਾ ਦਿੰਦੇ ਹਨ। ਇਹ ਘਟਨਾ ਹੈ ਜਿਹੜੀ ਉਨ੍ਹਾਂ ਨੂੰ ਹੁਣ ਚਾਲੀ ਸਾਲ ਬਾਅਦ ਤੱਕ ਵੀ ਉਨਾਂ ਦਾ ਪਿਛਾ ਨਹੀਂ ਛੱਡਦੀ ਅਤੇ ਵਾਰ ਵਾਰ ਉਨ੍ਹਾਂ ਅੱਗੇ ਆਉਂਦੀ ਹੈ। ਅਤੇ ਫਿਲਮ ਦੌਰਾਨ ਉਹ ਇਸ ਘਟਨਾ ਨਾਲ ਦੋ ਚਾਰ ਹੁੰਦੇ ਹਨ।

ਪਰ ਇਸ ਘਟਨਾ ਨਾਲ ਦੋ ਚਾਰ ਹੋਣਾ ਹੀ ਸਾਰੀ ਫਿਲਮ ਨਹੀਂ। ਉਹ ਤਿੰਨੇ ਦੋਸਤ ਆਪਣੀ ਯੂਨੀਵਰਸਿਟੀ ਦੀ ਚਾਲੀਵੀਂ ਵਰੇ ਗੰਢ 'ਚ ਸ਼ਾਮਲ ਹੋਣ ਜਾਣ ਲਈ ਬੰਬਈ ਵਿਚ ਉਨ੍ਹਾਂ ਵਿਚੋਂ ਇਕ ਦੇ ਘਰ ਇਕੱਠੇ ਹੋਏ ਹਨ। ਦੂਸਰੇ ਦਿਨ ਰੇਲ ਦੇ ਸਫਰ ਰਾਹੀਂ ਉਹ ਆਪਣੇ ਪੁਰਾਣੇ ਸ਼ਹਿਰ ਪਹੁੰਚਦੇ ਹਨ। ਜਦੋਂ ਉਹ ਉਥੇ ਪਹੁੰਚਦੇ ਹਨ ਤਾਂ ਉਥੋਂ ਦਾ ਵਾਤਾਵਰਣ ਨਾਰਮਲ ਨਹੀਂ। (ਪਰ ਸ਼ਾਇਦ ਹਿਦੁਸਤਾਨ ਦੇ ਅੱਜ ਦੇ ਹਾਲਤਾਂ ਮੁਤਾਬਕ 'ਨਾਰਮਲ' ਹੀ ਹੋਵੇ)। ਉਸ ਸ਼ਹਿਰ ਵਿਚ 'ਤ੍ਰਿਵੇਦੀ ਐਂਡ ਤ੍ਰਿਵੇਦੀ' ਬ੍ਰਦਰਜ਼ ਦੀ ਫੈਕਟਰੀ ਵਿਚ ਹੜਤਾਲ ਚੱਲ ਰਹੀ ਹੈ। ਹੜਤਾਲ ਤੋੜਨ ਲਈ ਫੈਕਟਰੀ ਮਾਲਕਾਂ ਪੰਜ ਮਜ਼ਦੂਰਾਂ ਨੂੰ ਜਿਉਂਦੇ 'ਬੁਆਇਲਰ' ਵਿਚ ਸਾੜ ਦਿੱਤਾ ਹੈ ਪਰ ਬਾਹਰ ਖਬਰ ਇਹ ਫੈਲਾਈ ਹੈ ਕਿ ਉਹ ਐਕਸੀਡੈਂਟ ਨਾਲ ਮਰੇ ਹਨ। ਪੁਲੀਸ ਨੂੰ ਉਨ੍ਹਾਂ ਦੀ ਇਸ ਖਬਰ ਤੇ ਪੂਰਾ ਯਕੀਨ ਹੈ ਕਿਉਂਕਿ ਦੋ ਤ੍ਰਿਵੇਦੀ ਭਰਾਵਾਂ ਵਿਚੋਂ ਇਕ ਉਸ ਪ੍ਰਾਂਤ ਦਾ ਮੁਖ ਮੰਤਰੀ ਹੈ ਅਤੇ ਦੂਸਰਾ ਉਸ ਇਲਾਕੇ ਦਾ ਪਾਰਲੀਮੈਂਟ ਮੈਂਬਰ।

ਪਰ ਯੂਨੀਵਰਸਿਟੀ ਦੇ ਇਕ ਵਿਦਿਆਰਥੀ ਲਾਖਨ ਨੂੰ ਆਪਣੇ ਰਿਸ਼ਤੇਦਾਰਾਂ ਰਾਹੀਂ (ਜੋ ਉਸ ਫੈਕਟਰੀ ਵਿਚ ਕੰਮ ਕਰਦੇ ਹਨ) ਅਸਲੀਅਤ ਦਾ ਪਤਾ ਲਗਦਾ ਹੈ। ਉਹ ਇਸਦੀ ਗੱਲ ਯੂਨੀਵਰਸਿਟੀ ਵਿਚ ਚਲਾਉਂਦਾ ਹੈ। ਇਸਤੇ ਫੈਕਟਰੀ ਮਾਲਕ ਤ੍ਰਿਵੇਦੀ ਦਾ ਮੁੰਡਾ (ਜਿਹੜਾ ਯੂਨੀਵਰਸਿਟੀ ਵਿਚ ਪੜ੍ਹਦਾ ਹੈ) ਆਪਣੇ ਗੁੰਡਿਆਂ ਰਾਹੀਂ ਲਾਖਣ ਨੂੰ ਕਤਲ ਕਰਾ ਦਿੰਦਾ ਹੈ। ਪਰ ਲਾਖਣ ਦਾ ਕਤਲ ਹੁੰਦਾ ਇਕ ਹੋਰ ਵਿਦਿਆਰਥੀ 'ਰੋਹਿਤ' ਨੇ ਦੇਖਿਆ ਹੈ। ਰੋਹਿਤ ਕਾਤਲ ਨੂੰ ਤ੍ਰਿਦੇਵੀ ਦੇ ਮੁੰਡੇ ਦੀ ਜੀਪ ਵਿਚ ਮੌਕੇ ਤੋਂ ਫਰਾਰ ਹੁੰਦੇ ਦੇਖਿਆ ਹੈ। ਉਹ ਇਸ ਸੱਚ ਨੂੰ ਸਭ ਵਿਦਿਆਰਥੀਆਂ ਅੱਗੇ ਰੱਖਦਾ ਹੈ। ਇਸ ਤੇ ਤ੍ਰਿਦੇਵੀ ਦੇ ਮੁੰਡੇ ਵਲੋਂ ਉਸਨੂੰ ਵੀ ਮਾਰਨ ਦੀ ਕੋਸ਼ਿਸ਼ ਸ਼ੁਰੂ ਹੋ ਜਾਂਦੀ ਹੈ। ਪਰ ਯੂਨੀਵਰਸਿਟੀ ਦੇ ਵਿਦਿਆਰਥੀ ਰੋਹਿਤ ਦੇ ਨਾਲ ਹਨ। ਉਹ ਇਸ ਗੁੰਡਾਗਰਦੀ ਵਿਰੁਧ ਲੜਨਾ ਚਾਹੁੰਦੇ ਹਨ ਅਤੇ ਲੜਨ ਦੀ ਕੋਸ਼ਿਸ਼ ਕਰਦੇ ਹਨ। ਉਹ ਵਾਈਸ ਚਾਂਸਲਰ ਤੋਂ ਇਸ ਗੁੰਡਾਗਰਦੀ ਨੂੰ ਖਤਮ ਕਰਵਾਉਣ ਦੀ ਮੰਗ ਕਰਦੇ ਹਨ। ਪਰ ਵਾਈਸ ਚਾਂਸਲਰ ਚਾਹੁੰਦਿਆਂ ਹੋਇਆ ਵੀ ਕੁਛ ਨਹੀਂ ਕਰ ਸਕਦਾ। ਉਹ ਤਾਂ ਤ੍ਰਿਵੇਦੀ ਭਰਾਵਾਂ ਦੇ ਦਬਾਅ ਹੇਠਾਂ ਇਕ ਰਬੜ ਸਟੈਂਪ ਤੋਂ ਵੱਧ ਕੁਝ ਵੀ ਨਹੀਂ। ਤ੍ਰਿਵੇਦੀ ਮੁੱਖ ਮੰਤਰੀ ਅਤੇ ਪਾਰਲੀਮੈਂਟ ਦੇ ਮੈਂਬਰ ਹੋਣ ਕਰਕੇ ਵਾਈਸ ਚਾਂਸਲਰ ਨੂੰ ਕਹਿੰਦੇ ਹਨ ਕਿ ਵਿਦਿਆਰਥੀਆਂ ਨੂੰ ਅਪੋਜ਼ੀਸ਼ਨ ਨੇ ਭੜਕਾਇਆ ਹੈ ਉਹ ਉਨ੍ਹਾਂ ਨਾਲ ਸਖਤੀ ਨਾਲ ਨਿਪਟੇ। ਪੁਲੀਸ ਤ੍ਰਿਵੇਦੀਆਂ ਦੇ ਹੁਕਮ ਹੇਠ ਪਹਿਲਾਂ ਹੀ ਵਿਦਿਆਰਥੀਆਂ ਨੂੰ ਕੁਚਲਣ ਲਈ ਤਿਆਰ ਹੈ। ਫਿਲਮਾਂ ਦੇ ਤਿੰਨੇ ਬਜ਼ੁਰਗ ਪਾਤਰ ਆਪਣੇ ਬਚਪਨ ਦੇ ਸ਼ਹਿਰ ਇਸ ਤਰ੍ਹਾਂ ਦੇ ਮਾਹੌਲ ਦੇ ਦਰਸ਼ਕ ਬਣਦੇ ਹਨ। ਇਕੱਲੇ ਦਰਸ਼ਕ ਹੀ ਨਹੀਂ ਸਗੋਂ ਫਿਲਮ ਦੇ ਅੰਤ ਵਿਚ ਰੋਹਿਤ ਨੂੰ ਪੁਲੀਸ ਅਤੇ ਗੁੰਡਿਆਂ ਤੋਂ ਬਚਾਉਣ ਦੀ ਕੋਸ਼ਿਸ਼ ਵਿਚ ਉਹ ਇਸ ਮਾਹੌਲ ਵਿਚ ਕਾਰਜਕਰਤਾ ਵੀ ਬਣਦੇ ਹਨ।





ਇਸ ਤਰ੍ਹਾਂ ਦੀ ਕਹਾਣੀ ਤੇ ਉਸਾਰੀ ਇਹ ਫਿਲਮ ਜੀਵਨ ਅਤੇ ਭਾਰਤੀ ਸਮਾਜਕ ਪ੍ਰਬੰਧ ਦੇ ਕਈ ਪੱਖ ਬਹੁਤ ਖੂਬਸੂਰਤੀ ਨਾਲ ਉਭਾਰਦੀ ਹੈ ਜਿਵੇਂ :

1. ਜਿੰਦਗੀ ਵਿਚ ਕਿਸੇ ਪਲ ਤੋਂ ਡਰ ਕੇ ਭੱਜਿਆ ਆਦਮੀ, ਕਿਸ ਤਰ੍ਹਾਂ ਕਈ ਵਾਰੀ ਸਾਰੀ ਉਮਰ ਜਿੰਦਗੀ ਤੋਂ ਭੱਜਦਾ ਰਹਿੰਦਾ ਹੈ। ਅਤੇ ਇਸ 'ਚੋਰ ਦੌੜ' ਨੂੰ ਰੋਕਣ ਦਾ ਇਕ ਹੀ ਰਾਹ ਹੈ ਕਿ ਉਸ ਪਲ ਦੇ ਸਾਹਵੇਂ ਖੜ ਉਸ ਨਾਲ ਦੋ ਚਾਰ ਹੋਇਆ ਜਾਵੇ।

2. ਭਾਰਤ ਵਿਚ ਸਿਆਸੀ ਨੇਤਾਵਾਂ ਦੀ ਆਮ ਲੋਕਾਂ ਦੇ ਜੀਵਨ ਉਤੇ ਸਰਦਾਰੀ ਅਤੇ ਉਨ੍ਹਾਂ ਦੀ ਆਮ ਲੋਕਾਂ ਉਪਰ ਕੀਤੀ ਜਬਰਦਸਤੀ ਅਤੇ ਮਨਮਾਨੀ।

3. ਭਾਰਤੀ ਵਿਦਿਅਕ ਪ੍ਰਬੰਧ ਦਾ ਅਸਲੀ ਚਿਹਰਾ। ਬੇਸ਼ਕ ਦੇਸ਼ ਦੇ ਨੇਤਾ ਅਤੇ ਵਿਦਿਅਕ ਅਦਾਰਿਆਂ ਦੇ ਸੰਚਾਲਕ ਜਿੰਨਾ ਮਰਜ਼ੀ ਕਹੀ ਜਾਣ ਕਿ ਵਿਦਿਅਕ ਅਦਾਰੇ ਮੰਦਰਾਂ ਸਮਾਨ ਹਨ ਪਰ ਅਸਲੀ ਗੱਲ ਹੋਰ ਹੈ। ਵਿਦਿਅਕ ਅਦਾਰੇ ਵੀ ਦੇਸ਼ ਦਾ ਬਾਕੀ ਦੇ ਸੜੇ ਗਲੇ ਪ੍ਰਬੰਧ ਦਾ ਹਿੱਸਾ ਹੋਣ ਵਜੋਂ ਉਸੇ ਤਰ੍ਹਾਂ ਦੀ ਸੜਾਂਦ ਮਾਰਦੇ ਹਨ। ਜਿਸ ਤਰ੍ਹਾਂ ਭਾਰਤੀ ਪ੍ਰਬੰਧ ਵਿਚ ਇਨਸਾਨ ਨੂੰ ਪੈਰ ਪੈਰ ਤੇ ਜਦੋ ਜਹਿਦ ਕਰਨੀ ਪੈਂਦੀ ਹੈ ਉਸੇ ਤਰ੍ਹਾਂ ਵਿਦਿਆਰਥੀਆਂ ਨੂੰ ਵਿਦਿਅਕ ਅਦਾਰਿਆਂ ਵਿਚ ਹਰ ਮੋੜ ਤੇ ਭ੍ਰਿਸ਼ਟਾਚਾਰੀ ਦਾ ਸਾਹਮਣਾ ਕਰਨਾ ਪੈਂਦਾ ਹੈ। ਇਨ੍ਹਾਂ ਅਦਾਰਿਆਂ ਵਿਚ ਸਾਫ ਸੁਥਰੇ ਮਾਹੌਲ ਦੀ ਕਿਤੇ ਝਲਕ ਨਹੀਂ ਪੈਂਦੀ।

4. ਭਾਰਤੀ ਪੁਲੀਸ ਆਮ ਲੋਕਾਂ ਦੀ ਜਾਨਮਾਲ ਦੀ ਰਾਖੀ ਕਰਨ ਵਾਲੀ ਨਹੀਂ ਸਗੋਂ ਸਿਆਸੀ ਚੋਰਾਂ ਅਤੇ ਬਦਮਾਸ਼ਾਂ ਦੀ ਲੋਕਾਂ ਨੂੰ ਲੁੱਟਣ ਅਤੇ ਦਬਾਉਣ ਵਿਚ ਮੱਦਦ ਕਰਨ ਵਾਲੀ ਹੈ।

ਇਸ ਤੋਂ ਬਿਨਾਂ ਇਹ ਫਿਲਮ ਭਾਰਤੀ ਪ੍ਰਬੰਧ ਬਾਰੇ ਹੋਰ ਵੀ ਬਹੁਤ ਕੁਝ ਦਿਖਾਉਂਦੀ ਹੈ। ਫਿਲਮ ਵਿਚ ਇਹ ਸਭ ਸੋਹਜਮਈ ਅਤੇ ਕਲਾਤਮਕ ਢੰਗ ਨਾਲ ਦਿਖਾਇਆ ਗਿਆ ਹੈ। ਫਿਲਮ ਦੇਖ ਇਸ ਤਰ੍ਹਾਂ ਲਗਦਾ ਹੈ ਜਿਵੇਂ ਕੋਈ ਖੂਬਸੂਰਤ ਨਾਵਲ ਪੜ੍ਹਕੇ ਹਟੇ ਹੋਈਏ।

ਇਹ ਫਿਲਮ ਦੇਖ ਮਨ ਵਿਚ ਕਈ ਸੁਆਲ ਪੈਦਾ ਹੁੰਦੇ ਹਨ। ਇਹ ਸੁਆਲ ਇਸ ਤਰ੍ਹਾਂ ਦੇ ਨਹੀਂ ਹਨ ਕਿ ਜਦੋਂ ਫਿਲਮ ਦੀ ਹੀਰੋਇਨ ਬਾਗ ਵਿਚ ਪਿਆਰ ਦਾ ਗੀਤ ਗਾਉਂਦੀ ਇਕ ਬੂਟੇ ਉਹਲਿਓ ਨਿਕਲਦੀ ਹੈ ਤਾਂ ਏਨੀ ਛੇਤੀ ਉਹ ਦੂਸਰਾ ਸੂਟ ਕਿਵੇਂ ਬਦਲ ਲੈਂਦੀ ਹੈ? ਜਾਂ ਜਦੋਂ ਹੀਰੋ ਦੀ ਮਾਂ ਭਗਵਾਨ ਦੀ ਮੂਰਤੀ ਸਾਹਮਣੇ ਗੋਡੇ ਟੇਕ ਆਪਣੇ ਪੁੱਤਰ ਦੀ ਰੱਖਿਆ ਲਈ ਭੀਖ ਮੰਗਦੀ ਹੈ ਤਾਂ ਉਸਦੀ ਝੋਲੀ ਵਿਚ ਫੁਲ ਕਿਥੋਂ ਆ ਡਿਗਦਾ ਹੈ? ਨਹੀਂ ਇਸ ਤਰ੍ਹਾਂ ਦੇ ਸੁਆਲ ਬਿਲਕੁਲ ਨਹੀਂ ਉਠਦੇ। ਜੋ ਸੁਆਲ ਉਠਦੇ ਹਨ ਉਹ ਇਸ ਤਰ੍ਹਾਂ ਹਨ : (1) ਆਜ਼ਾਦੀ ਦੇ ਚਾਲੀ ਸਾਲਾਂ ਬਾਅਦ ਵੀ ਭਾਰਤ ਦੀ ਰਾਜਨੀਤੀ ਉਪਰ ਭ੍ਰਿਸ਼ਟਾਚਾਰ ਕਿਉਂ ਛਾਇਆ ਹੋਇਆ ਹੈ? (2) ਕਿਉਂ ਭਾਰਤੀ ਪੁਲੀਸ ਮੁਜਰਿਮਾਂ ਨੂੰ ਫੜ ਅਦਾਲਤ ਸਾਹਮਣੇ ਪੇਸ਼ ਕਰਨ ਦਾ ਆਪਣਾ ਫਰਜ਼ ਨਿਭਾਉਣ ਦੀ ਥਾਂ ਮੁਜਰਿਮਾਂ ਨੂੰ ਸਜਾ ਦੇਣ ਦਾ ਕੰਮ ਵੀ ਆਪਣੇ ਜਿੰਮੇ ਲੈ ਲੈਂਦੀ ਹੈ? (3) ਹੜਤਾਲ ਤੋੜਨ ਲਈ ਮਜ਼ਦੂਰਾਂ ਨੂੰ ਜਾਨੋਂ ਮਾਰਨ ਤੋਂ ਬਾਅਦ ਵੀ ਮਾਲਕ ਸਜਾ ਪਾਉਣ ਦੀ ਥਾਂ ਸੜਕਾਂ ਤੇ ਆਜ਼ਾਦ ਘੁੰਮਦੇ ਹਨ? ਕਿਉਂ? ਥੋੜਾ ਜਿਹਾ ਦੂਰ ਦੀ ਸੋਚਣ ਵਾਲੇ ਦੇ ਮਨ ਵਿਚ ਇਹ ਵੀ ਸੁਆਲ ਉਠਦਾ ਹੈ ਕਿ ਹਰ ਸਾਲ ਹਿਦੁਸਤਾਨ ਵਿਚ 500-600 ਦੇ ਦਰਮਿਆਨ ਬਣਦੀਆਂ ਫਿਲਮਾਂ ਵਿਚੋਂ ਦਸ ਬਾਰਾਂ ਫਿਲਮਾਂ ਹੀ ਅਜਿਹੀਆਂ ਕਿਉਂ ਹੁੰਦੀਆਂ ਹਨ ਜਿਨ੍ਹਾਂ ਦਾ ਲੋਕਾਂ ਦੀ ਜ਼ਿੰਦਗੀ ਨਾਲ ਸਬੰਧ ਹੁੰਦਾ ਹੈ।

ਇਹ ਫਿਲਮ ਇਕੱਲੇ ਸੁਆਲ ਹੀ ਪੇਸ਼ ਨਹੀਂ ਕਰਦੀ ਸਗੋਂ ਕੁਝ ਇਕ ਸੁਆਲਾਂ ਦੇ ਜੁਆਬ ਵੀ ਪੇਸ਼ ਕਰਦੀ ਹੈ। ਜਦੋਂ ਰੋਹਿਤ ਨੂੰ ਵਾਇਸ ਚਾਂਸਲਰ ਸਲਾਹ ਦਿੰਦਾ ਹੈ ਕਿ ਉਸਨੇ ਜੋ ਕੁਝ ਦੇਖਿਆ ਹੈ ਉਸਨੂੰ ਭੁੱਲ ਜਾਏ ਤਾਂ ਰੋਹਿਤ ਆਪਣੇ ਆਪ ਤੇ ਸੁਆਲ ਕਰਦਾ ਹੈ ਕਿ ਉਹ ਕੀ ਕਰੇ? ਫਿਲਮ ਦਾ ਇਕ ਪਾਤਰ ਉਸਨੂੰ ਜੁਆਬ ਦਿੰਦਾ ਹੈ, "ਏਕ ਬਾਤ ਕਹੂੰ ਬੇਟਾ, ਵੂਹ ਹੀ ਕਰਨਾ ਜੋ ਤੁਮ੍ਹਾਰਾ ਦਿਲ ਕਰੇ। ਵਰਨਾ ਕਿਆ ਹੋਤਾ ਹੈ, ਜ਼ਿੰਦਗੀ ਹਾਥ ਸੇ ਨਿਕਲ ਜਾਤੀ ਹੈ, ਤਬ ਖਿਆਲ ਆਤਾ ਹੈ ਕਿ ਹਮ ਤੋਂ ਕੁਛ ਔਰ ਹੀ ਕਰਨੇ ਚਲੇ ਥੇ ਜਾਂ ਫਿਲਮ ਦੇ ਅਖੀਰ ਵਿਚ ਜਦੋਂ ਤਿੰਨਾਂ ਦੋਸਤਾਂ ਦੀ ਕੋਸ਼ਿਸ਼ ਦੇ ਬਾਵਜੂਦ ਵੀ ਰੋਹਿਤ ਤ੍ਰਿਵੇਦੀ ਦੇ ਮੁੰਡੇ ਅਤੇ ਉਸਦੇ ਗੁੰਡਿਆਂ ਹੱਥੋਂ ਮਾਰਿਆ ਜਾਂਦਾ ਹੈ ਤਾਂ ਉਹ ਤਿੰਨ ਜਣੇ ਆਪਣੇ ਆਪ ਤੇ ਸੁਆਲ ਕਰਦੇ ਹਨ ਕਿ "ਕਿ ਕਿਆ ਫਰਕ ਹੈ ਪਿਛਲੀ ਵਾਰ ਔਰ ਅਬ ਮੇਂ। ਹਮਾਰੀ ਹਰ ਕੋਸ਼ਿਸ਼ ਕੇ ਬਾਵਜੂਦ ਵੀ ਰੋਹਿਤ ਮਾਰਾ ਗਿਆ" ਤਾਂ ਉਨਾਂ ਵਿਚੋਂ ਹੀ ਇਕ ਜੁਆਬ ਦਿੰਦਾ ਹੈ "ਪਰ ਇਸ ਵਾਰ ਹਮਨੇ ਕੋਸ਼ਿਸ਼ ਤੋ ਕੀ"

ਇਸ ਤਰ੍ਹਾਂ ਦੀ ਫਿਲਮ ਬਾਰੇ ਆਮ ਦਰਸ਼ਕ ਦੀ ਸ਼ਿਕਾਇਤ ਹੁੰਦੀ ਹੈ ਕਿ ਸਾਨੂੰ ਤਾਂ ਜੀ ਇਹੋ ਜਿਹੀਆਂ ਫਿਲਮਾਂ ਸਮਝ ਹੀ ਨਹੀਂ ਆਉਂਦੀਆਂ। ਇਸ ਤਰ੍ਹਾਂ ਕਹਿਣ ਵਾਲੇ ਦੋਸਤੋ ਇਕ ਮਿਨਟ ਰੁਕੋ ਅਤੇ ਆਪਣੀ ਇਸ ਸ਼ਿਕਾਇਤ ਬਾਰੇ ਸੋਚੋ। ਇਸ ਫਿਲਮ ਵਿਚ ਜ਼ਿਕਰ ਹੈ : ਸ਼ਹਿਰ ਵਿਚ ਲੱਗੇ ਕਰਫਿਊ ਦਾ, ਵਿਦਿਆਰਥੀਆਂ ਵਲੋਂ ਕੱਢੇ ਜਲੂਸ ਦਾ, ਪੁਲੀਸ ਵਲੋਂ ਕੀਤੇ ਲਾਠੀਚਾਰਜ ਦਾ, ਅਮੀਰਾਂ ਅਤੇ ਸਿਆਸੀ ਨੇਤਾਵਾਂ ਦੇ ਕਾਕਿਆਂ ਦੀ ਗੁੰਡਾਗਰਦੀ ਦਾ। ਦੋਸਤੋ ਇਨ੍ਹਾਂ ਵਿਚੋਂ ਕਿਹੜੀ ਗੱਲ ਹੈ ਜਿਸ ਬਾਰੇ ਤੁਹਾਨੂੰ ਸਮਝ ਨਹੀਂ। ਰੋਜ਼ ਹੀ ਤਾਂ ਤੁਸੀਂ ਅਜਿਹੀਆਂ ਖਬਰਾਂ ਪੜਦੇ ਅਤੇ ਸੁਣਦੇ ਹੋ। ਤੁਸੀਂ ਕਿਸ ਤਰ੍ਹਾਂ ਇਨ੍ਹਾਂ ਨੂੰ ਸਮਝ ਨਹੀਂ ਸਕਦੇ, ਇਹ ਤੁਹਾਡੀ ਜਾਂ ਤੁਹਾਡੇ ਦੋਸਤਾਂ, ਰਿਸ਼ਤੇਦਾਰਾਂ ਦੀ ਜ਼ਿੰਦਗੀ ਦਾ ਅਨਿਖੜਵਾਂ ਅੰਗ ਹਨ। ਤੁਹਾਡੀ ਇਸ ਸ਼ਿਕਾਇਤ ਤੋਂ ਇਹ ਨਤੀਜਾ ਵੀ ਕੱਢਿਆ ਜਾ ਸਕਦਾ ਹੈ ਕਿ ਤੁਹਾਨੂੰ ਆਪਣੀ ਜਿੰਦਗੀ ਦੀ ਸਮਝ ਨਹੀਂ। ਕੀ ਤੁਹਾਡੀ ਇਹ ਸ਼ਿਕਾਇਤ ਹੈ? ਜੇ ਇਹ ਹੈ ਤਾਂ ਜ਼ਰੂਰ ਇਸ ਬਾਰੇ ਕੁਝ ਕਰਨਾ ਬਣਦਾ ਹੈ।

ਆਮ ਹਿੰਦੀ ਫਿਲਮਾਂ ਨਾਲੋਂ ਵੱਖਰੇ ਵਿਸ਼ੇ ਅਤੇ ਪਾਤਰਾਂ ਵਾਲੀ ਇਸ ਫਿਲਮ ਨੂੰ ਪ੍ਰੋਡਿਊਸ ਅਤੇ ਡਾਇਰੈਕਟ ਸੁਧੀਰ ਮਿਸ਼ਰਾ ਨੇ ਕੀਤਾ ਹੈ। ਸਭ ਕਲਾਕਾਰਾਂ ਵਲੋਂ ਆਪਣੇ ਕਿਰਦਾਰ ਖੂਬਸੂਰਤੀ ਨਾਲ ਨਿਭਾਏ ਗਏ ਹਨ ਸਾਰੀ ਫਿਲਮ ਵਿਚ ਮਿਰਜਾ ਗ਼ਾਲਿਬ ਦਾ ਇਕ ਗ਼ਜ਼ਲ ਦੇ ਕੁਝ ਸ਼ਿਅਰ ਮੁੜ ਮੁੜ ਦੁਹਰਾਏ ਜਾਂਦੇ ਹਨ ਜੋ ਵਧੀਆਂ ਪ੍ਰਭਾਵ ਛੱਡਦੇ :—

ਹਜ਼ਾਰੋਂ ਖਾਹਿਸ਼ੇ ਐਸੀ ਕਿ ਹਰ ਖਾਹਿਸ਼ ਪੇ ਦਮ ਨਿਕਲੇ
ਬਹੁਤ ਨਿਕਲੇ ਮੇਰੇ ਅਰਮਾਨ, ਲੇਕਿਨ ਫਿਰ ਵੀ ਕੰਮ ਨਿਕਲੇ।

## 21 ਨਵੰਬਰ ਨੂੰ ਬਰਨਬੀ ਮਿਊਂਸਪਲ ਚੋਣਾਂ ਵਿਚ

# ਬੂਰਨਬੀ ਸਿਟੀਜ਼ਨ ਐਸੋਸੀਏਸ਼ਨ ਦੇ ਉਮੀਦਵਾਰਾਂ ਨੂੰ ਵੋਟ ਪਾ ਕੇ ਕਾਮਯਾਬ ਕਰੋ



CELESTE REDMAN Ald. X



BILL COPELAND Mayor X



LEE RANKIN Ald. X



FRED RANDALL Ald. X



FRANCA ZUMPANO Ald. X



DEREK CORRIGAN Ald. X



JIM YOUNG Ald. X



DOUG DRUMMOND Ald. X



JOAN SAWICKI Ald. X

# ਬਰਨਬੀ ਸਿਟੀਜਨ ਐਸੋਸੀਏਸ਼ਨ ਦੀ ਸਕੂਲ ਬੋਰਡ ਦੀ ਸਲੇਟ



SARAH CARROLL ☒

## B.C.A. Introduces their 1987 School Board SLATE

## On NOV. 21

## VOTE



STEWART McLEAN ☒



RON BURTON ☒



DOROTHY CADDELL ☒



NICK VOLKOW ☒

**On Saturday Nov. 21 VOTE**

**MAYOR**
Bill Copeland X

| Council | | School Board | |
|---|---|---|---|
| Derek Corrigan | X | Ron Burton | X |
| Doug Drummond | X | Dorothy Caddell | X |
| Fred Randall | X | Pietro Calendino | X |
| Lee Rankin | X | Sarah Carroll | X |
| Celeste Redman | X | Carol Jones | X |
| Joan Sawicki | X | Stewart McLean | X |
| Jim Young | X | Nick Volkow | X |
| Franca Zumpano | X | | |

4347 Hastings Street, Bby
294-3883



PIETRO CALENDINO ☒



CAROL JONES ☒

# GILL AUTO SALES

7762 - Edmonds St., Burnaby, B.C.

DLR #8220

**Ph. 522- 2122**

# 1st Anniversary Sale

## More then 40 Vehicles On Special Sale

**Examples :**

1985 Olds Tornado fully equipped **$14750.00**

1985 Buick Lesabre P/W - P/DR - Cruise - Tilt - Air **$9950.00**

1985 Buick Century - V6 - P/W - Cruise - Tilt AM FM Cassette - P/Seats - P/Trunk & Air **$9450.00**

1984 Cutlass Ciera Brougham P/W - P/DR - P/Trunk - P/Seats Cruise - Tilt - AM FM - Cassette and Air **$9750.00**

1985 Hyundai Steller - AM FM Cassette **$4750.00**

1984 CHEV Celebrity V6 P/S - P/B **$4950.00**

**1981 Toyota Celica Supra Loaded** **$6950.00**

1984 CHEV Monte Carlo - P/W - Cruise Tilt Steering AM FM Cassette And Air **$7550.00**

1983 Pontiac Grand Lemans **$6150.00**

1984 Audi 4000s Loaded 5 spd **$10300.00**

1982 Audi 5000s Loaded A/T **$7750.00**

1979 Cadillac Seville Beautiful Car **$6950.00**

**And many many more to choose from only one Price no Bargain**

**First Come First Serve — No Hold on Phones Please**

## ਐਨੀਵਰਸਰੀ ਸੇਲ 8 ਨਵੰਬਰ ਤੱਕ ਹੈ

ਹੋਰ ਵੈਨਾਂ ਦੀਆਂ ਸੀਟਾਂ ਬਣਾਉਣ ਲਈ ਵੀ ਫੋਨ ਕਰੋ ਜਾਂ ਦਰਸ਼ਨ ਦਿਓ

ਵਧੀਆ ਰੇਟਾਂ ਤੇ ਕਾਰਾਂ, ਪਿਕਅੱਪ, ਵੈਨ ਖਰੀਦਣ ਲਈ ਇਕੋ ਇਕ ਸੁਨਹਿਰੀ ਮੌਕਾ ਹੈ ਜੋ ਸਿਰਫ ਇਕ ਹਫਤੇ ਲਈ ਹੈ

ਹੋਰ ਜਾਣਕਾਰੀ ਫੋਨ ਕਰੋ :

**ਪ੍ਰਲਾਦ ਗਿੱਲ**

**Ph. 522-2122**

**Parlad Gill**

# ਗਿੱਲ ਆਟੋ ਸੇਲਜ਼

7762 - ਇਡਮੰਡਜ਼ ਸਟਰੀਟ, ਬਰਨਬੀ, ਬੀ. ਸੀ.

ਫ਼ੋਨ : 522-2122